ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 40 | 09 October 2019 to 15 October 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਪੰਜਾਬ ਜ਼ਿਮਨੀ ਚੋਣਾਂ : ਕਾਂਗਰਸ ਦੀਆਂ ਚਾਰੇ ਪਾਸੇ ਪੌ-ਬਾਰ੍ਹਾਂ

- ਪੀਡੀਏ 'ਚ ਫੁੱਟ, 'ਆਪ' ਲਈ ਹਾਲਾਤ ਅਣਸੁਖਾਵੇਂ
- ਬਸਪਾ ਤੇ ਲੋਕ ਇਨਸਾਫ਼ ਪਾਰਟੀ 'ਚ ਤੋੜ-ਵਿਛੋੜਾ
- ਅਕਾਲੀਆਂ ਦਾ ਬੇੜਾ ਹਾਲਾਂ ਵੀ ਮੰਝਧਾਰ 'ਚ ਫਸਿਆ



**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੀਆਂ 4 ਵਿਧਾਨ ਸਭਾ ਜ਼ਿਮਨੀ ਚੋਣਾਂ ਲਈ ਮੈਦਾਨ ਭਖ ਗਿਆ ਹੈ। ਇਨ੍ਹਾਂ ਵਿੱਚੋਂ ਜਲਾਲਬਾਦ ਪਹਿਲਾਂ ਅਕਾਲੀ ਦਲ ਕੋਲ ਸੀ, ਦਾਖਾ ਸੀਟ 'ਆਪ' ਕੋਲ ਸੀ, ਮੁਕੇਰੀਆਂ 'ਤੇ ਹਾਕਮ ਧਿਰ ਕਾਂਗਰਸ ਦਾ ਕਬਜ਼ਾ ਸੀ ਜਦੋਂ ਕਿ ਫਗਵਾੜਾ ਭਾਜਪਾ ਕੋਲ ਸੀ। ਇਨ੍ਹਾਂ ਵਿੱਚੋਂ ਤਿੰਨ ਹਲਕੇ ਤਾਂ ਅਸਤੀਫੇ ਦੇਣ ਕਾਰਨ ਖਾਲੀ ਹੋਏ ਹਨ ਤੇ ਮੁਕੇਰੀਆਂ ਕਾਂਗਰਸ ਦੇ ਵਿਧਾਇਕ ਦੀ ਮੌਤ ਹੋ ਜਾਣ ਕਾਰਨ ਖਾਲੀ ਹੋਇਆ ਹੈ। ਸੁਆਲ ਇਹ ਹੈ ਕਿ ਪੰਜਾਬ ਦੀਆਂ ਚਾਰ ਮੁੱਖ ਰਾਜਸੀ ਪਾਰਟੀਆਂ ਆਪੋ-ਆਪਣੀਆਂ ਪੁਰਾਣੀਆਂ ਸੀਟਾਂ 'ਤੇ ਕਬਜਾ ਬਰਕਰਾਰ ਰੱਖ ਸਕਣਗੀਆਂ ਜਾਂ ਨਹੀਂ। ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਭਾਵੇਂ ਮੁੱਖ ਮੁਕਾਬਲਾ ਕਾਂਗਰਸ ਤੇ ਅਕਾਲੀ ਦਲ ਵਿਚ ਹੋਣ ਦੀ ਸੰਭਾਵਨਾ ਹੈ ਪਰ ਅਕਾਲੀਆਂ ਨੂੰ ਪੰਥਕ ਵੋਟ ਬੈਂਕ ਦਾ ਖੋਰਾ ਮੁੜ ਮਾਰ ਪਾ ਰਿਹਾ ਹੈ। ਇਨ੍ਹਾਂ ਚਾਰਾਂ ਸੀਟਾਂ ਵਿੱਚੋਂ ਜਲਾਲਾਬਾਦ ਅਤੇ ਦਾਖਾਂ ਤੋਂ ਅਕਾਲੀ ਦਲ ਲੜ ਰਿਹਾ ਹੈ, ਜਦੋਂ ਕਿ ਉਸ ਦੀ ਸਹਿਯੋਗੀ ਪਾਰਟੀ ਭਾਜਪਾ ਦੁਆਬੇ ਦੀਆਂ ਮੁਕੇਰੀਆਂ ਅਤੇ ਫਗਵਾੜਾ ਵਿਧਾਨ ਸਭਾ ਸੀਟਾਂ ਤੋਂ ਆਪਣੀ ਕਿਸਮਤ ਅਜਮਾ ਰਹੀ ਹੈ। ਡੈਮੋਕ੍ਰੇਟਿਕ ਜ਼ਮਹੂਰੀ ਗੱਠਜੋੜ ਵਿੱਚੋਂ ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ ਨੇ ਵਧੇਰੇ ਜੋਰ ਦਾਖਾ ਲਈ ਲਾਇਆ ਹੋਇਆ ਹੈ। ਬਸਪਾ ਨੇ ਜ਼ਿਮਨੀ ਚੋਣਾਂ ਵਿੱਚ ਲੋਕ ਇਨਸਾਫ਼ ਪਾਰਟੀ ਨਾਲੋਂ ਨਾਤਾ ਤੋੜ ਲਿਆ ਹੈ। ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਹੈ ਕਿ ਭਵਿੱਖ ਵਿੱਚ ਵੀ ਲੋਕ ਇਨਸਾਫ਼ ਪਾਰਟੀ ਨਾਲ ਕੋਈ ਚੋਣ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਸਪਾ ਨੇ ਪਹਿਲਾਂ ਹੀ ਇਹ ਰਾਏ ਬਣਾਈ ਸੀ ਕਿ ਸਿਰਫ਼ ਫਗਵਾੜਾ ਸੀਟ ਉਤੇ ਹੀ ਚੋਣ ਲੜੀ ਜਾਵੇਗੀ ਪਰ ਲੋਕ ਇਨਸਾਫ਼ ਪਾਰਟੀ ਨੇ ਗੱਠਜੋੜ ਤੋਂ ਬਾਹਰ ਜਾਂਦਿਆ ਹੋਇਆਂ ਇਹ ਫ਼ੈਸਲਾ ਆਪ ਹੀ ਕਰ ਲਿਆ ਕਿ ਉਸ ਦਾ ਉਮੀਦਵਾਰ ਵੀ ਇਸ ਹਲਕੇ ਤੋਂ ਚੋਣ ਲੜੇਗਾ। ਜ਼ਿਕਰਯੋਗ ਹੈ ਕਿ ਦਾਖਾ ਤੋਂ ਵੀ ਲੋਕ ਇਨਸਾਫ਼ ਪਾਰਟੀ ਚੋਣ ਲੜ ਰਹੀ ਹੈ ਤਾਂ ਉਥੋਂ ਬਸਪਾ ਨੇ ਆਜ਼ਾਦ ਉਮੀਦਵਾਰ ਬਲਦੇਵ ਸਿੰਘ ਦੀ ਮਦਦ ਕਰਨ ਦਾ ਐਲਾਨ ਕਰ ਦਿੱਤਾ ਹੈ। ਕਾਂਗਰਸ ਤਾਕਤ ਵਿੱਚ ਹੋਣ ਕਰਕੇ 4 ਸੀਟਾਂ ਜਿੱਤਣ ਦਾ ਦਾਅਵਾ ਕਰ ਰਹੀ ਹੈ ਕਿਉਂ ਜੋ ਆਮ ਤੌਰ 'ਤੇ ਲੋਕ ਵਿਧਾਨ ਸਭਾ ਦੀ ਉਪ ਚੋਣ ਵਿੱਚ ਹਾਕਮ ਧਿਰ ਦੇ ਉਮੀਦਵਾਰ ਨੂੰ ਵੋਟ ਦਿੰਦੇ ਹਨ।

ਬਾਕੀ ਸਫ਼ਾ 28 'ਤੇ

# ਕੈਨੇਡਾ ਚੋਣਾਂ ਵਿਚ 70 ਦੇ ਕਰੀਬ ਪੰਜਾਬੀ ਉਮੀਦਵਾਰ

## ਪੰਜਾਬੀਆਂ ਨੂੰ ਪ੍ਰਭਾਵਿਤ ਕਰਨ ਲਈ ਪੰਜਾਬੀ 'ਚ ਹੈ ਪ੍ਰਚਾਰ ਸਮੱਗਰੀ



**ਟੋਰਾਂਟੋ/ਏਟੀ ਨਿਊਜ਼ :** ਕੈਨੇਡਾ ਦੀ ਪਾਰਲੀਮੈਂਟ ਦੀਆਂ 338 ਸੀਟਾਂ ਲਈ 21 ਅਕਤੂਬਰ ਨੂੰ ਹੋ ਰਹੀਆਂ ਚੋਣਾਂ ਨੂੰ ਲੈ ਕੇ ਪੰਜਾਬੀ ਸਰਗਰਮ ਹੋ ਚੁੱਕੇ ਹਨ। ਵੈਨਕੂਵਰ, ਟੋਰਾਂਟੋ, ਕੈਲਗਰੀ ਤੇ ਵਿੰਨੀਪੈਗ ਖੇਤਰਾਂ ਵਿਚ ਪੈਂਦੇ ਪੰਜਾਬੀਆਂ ਦੀ ਵਸੋਂ ਵਾਲੇ ਖੇਤਰਾਂ ਵਿਚ ਪੰਜਾਬੀ ਉਮੀਦਵਾਰਾਂ ਦੇ ਹੀ ਨਹੀਂ, ਸਗੋਂ ਬਹੁਤ ਸਾਰੇ ਗੋਰੇ ਉਮੀਦਵਾਰਾਂ ਦੇ ਸੜਕਾਂ ਤੇ ਘਰਾਂ ਅੱਗੇ ਲੱਗੇ ਸਾਈਨ ਬੋਰਡਾਂ ਅਤੇ ਹੱਥੀਂ ਵੰਡੀ ਜਾਣ ਵਾਲੀ ਛਪਾਈ ਹੋਈ ਪ੍ਰਚਾਰ ਸਮੱਗਰੀ ਵੀ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਲਿਖੀ ਨਜ਼ਰ ਆਉਂਦੀ ਹੈ। ਉਮੀਦਵਾਰਾਂ ਦੇ ਦਫ਼ਤਰਾਂ ਉਪਰ ਵੀ ਉਨ੍ਹਾਂ ਦੇ ਨਾਂਅ, ਪਤੇ ਤੇ ਪਾਰਟੀ ਦਾ ਨਾਂਅ ਪੰਜਾਬੀ ਵਿਚ ਹੀ ਲਿਖੇ ਨਜ਼ਰ ਆਉਂਦੇ ਹਨ। ਕੈਨੇਡਾ ਦੇ ਚੋਣ ਕਮਿਸ਼ਨ ਵਲੋਂ ਚੋਣਾਂ ਬਾਰੇ ਅਖ਼ਬਾਰਾਂ, ਰੇਡੀਓ, ਟੀ.ਵੀ. ਤੇ ਇੰਟਰਨੈੱਟ ਲਈ ਜਾਰੀ ਕੀਤੀ ਜਾ ਰਹੀ ਸਮੱਗਰੀ ਤੇ ਜਾਣਕਾਰੀ ਪੰਜਾਬੀ ਵਿਚ ਵੀ ਬਰਾਬਰ ਜਾਰੀ ਕੀਤੀ ਜਾ ਰਹੀ ਹੈ। ਪੂਰੇ ਕੈਨੇਡਾ ਵਿਚ ਦੇਸ਼ ਦੀ ਆਬਾਦੀ ਦੀ ਪੰਜਾਬੀ ਵਸੋਂ 3.5 ਫ਼ੀਸਦੀ ਦੇ ਕਰੀਬ ਹੈ, ਪਰ ਉਮੀਦਵਾਰਾਂ ਵਿਚ ਜੇ ਦੇਖੀਏ, ਤਾਂ ਇਹ 7 ਫ਼ੀਸਦੀ ਤੋਂ ਵੀ ਵਧੇਰੇ ਹਨ। ਫੈਡਰਲ ਚੋਣਾਂ ਵਿਚ ਵੱਖ-ਵੱਖ ਪਾਰਟੀਆਂ ਵਲੋਂ 70 ਦੇ ਕਰੀਬ ਪੰਜਾਬੀ ਮੂਲ ਦੇ ਉਮੀਦਵਾਰ ਮੈਦਾਨ ਵਿਚ ਹਨ। ਪੌਣੀ ਦਰਜਨ ਦੇ ਕਰੀਬ ਹਲਕੇ ਤਾਂ ਅਜਿਹੇ ਹਨ, ਜਿੱਥੇ ਮੁੱਖ ਮੁਕਾਬਲੇ ਹੀ ਪੰਜਾਬੀ ਉਮੀਦਵਾਰਾਂ ਵਿਚਕਾਰ ਹਨ। ਉਥੇ ਜਿੱਤ-ਹਾਰ ਕਿਸੇ ਦੀ ਵੀ ਹੋਵੇ, ਜਿੱਤਣਾ ਪੰਜਾਬੀਆਂ ਨੇ ਹੀ ਹੈ। ਫੈਡਰਲ ਚੋਣਾਂ ਲੜ ਰਹੀਆਂ ਮੁੱਖ ਪਾਰਟੀਆਂ ਲਿਬਰਲ, ਕੰਜ਼ਰਵੇਟਿਵ ਤੇ ਐੱਨ.ਡੀ.ਪੀ., ਤਿੰਨਾਂ ਵਿਚ ਹੀ ਪੰਜਾਬੀ ਆਗੂਆਂ ਦਾ ਚੰਗਾ ਰਸੂਖ ਹੈ। ਤਿੰਨਾਂ ਹੀ ਪਾਰਟੀਆਂ ਨੇ ਪੰਜਾਬੀ ਉਮੀਦਵਾਰ ਖੜ੍ਹੇ ਕੀਤੇ ਹੋਏ ਹਨ। ਵਿਲੱਖਣ ਗੱਲ ਇਹ ਹੈ ਕਿ ਕੈਨੇਡਾ ਵਿਚ ਇੰਮੀਗ੍ਰੇਸ਼ਨ ਦੀ ਕੱਟੜ ਵਿਰੋਧੀ ਨਵੀਂ ਬਣੀ ਸੱਜੇ ਪੱਖੀ ਸਮਝੀ ਜਾਂਦੀ ਪੀਪਲਜ਼ ਪਾਰਟੀ ਆਫ ਕੈਨੇਡਾ ਤੋਂ ਵੀ ਉਮੀਦਵਾਰੀ ਹਾਸਲ ਕਰਨ ਵਿਚ ਕਈ ਪੰਜਾਬੀ ਹੱਥ ਮਾਰ ਗਏ ਹਨ।

ਬਾਕੀ ਸਫ਼ਾ 28 'ਤੇ

# ਸ਼ਹੀਦ ਸੰਦੀਪ ਸਿੰਘ ਧਾਲੀਵਾਲ ਨਮਿਤ ਸਾਰੇ ਅਮਰੀਕਾ 'ਚ ਸ਼ੋਕ ਸਮਾਗਮ

## ਹਿਊਸਟਨ ਪੁਲਿਸ ਵਿਭਾਗ ਵੱਲੋਂ 21 ਤੋਪਾਂ ਦੀ ਸਲਾਮੀ







**ਹਿਊਸਟਨ (ਟੈਕਸਸ)/ਹੁਸਨ ਲੜੋਆ ਬੰਗਾ :** ਅਮਰੀਕਨ ਸਿੱਖ ਪੁਲੀਸ ਅਫਸਰ ਸੰਦੀਪ ਸਿੰਘ ਧਾਲੀਵਾਲ ਜਿਨਾਂ ਨੂੰ ਬੀਤੇ ਦਿਨੀਂ ਇੱਕ ਸਿਰਫਿਰੇ ਵਿਅਕਤੀ ਵਲੋਂ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ, ਨੂੰ ਸਿਰਫ ਹਿਊਸਟਨ ਹੀ ਨਹੀਂ ਸਗੋਂ ਪੂਰੇ ਅਮਰੀਕਾ ਨੇ ਅੰਤਮ ਸੰਸਕਾਰ ਉਤੇ ਸ਼ਰਧਾਂਜਲੀ ਭੇਟ ਕੀਤੀ। ਹਜ਼ਾਰਾਂ ਦੀ ਤਦਾਦ ਵਿਚ ਸਥਾਨਕ ਪੁਲਿਸ ਅਧਿਕਾਰੀ, ਸਿੱਖਾਂ ਅਤੇ ਹਿਊਸਟਨ ਦੇ ਲੋਕਾਂ ਨੇ ਅੰਤਮ ਸਰਕਾਰੀ ਪ੍ਰਕਿਰਿਆ ਤੇ ਸਿੱਖ ਰਹਿਤ ਮਰਿਆਦਾ ਨਾਲ ਕੀਤੇ ਅੰਤਿਮ 'ਚ ਸੰਸਕਾਰ ਵਿਚ ਸ਼ਮੂਲੀਅਤ ਕੀਤੀ। ਇਸ ਦੌਰਾਨ ਲੋਕ ਸੇਜਲ ਅੱਖਾਂ ਨਾਲ ਸਥਾਨਕ ਵਸਨੀਕ ਸੰਦੀਪ ਸਿੰਘ ਧਾਲੀਵਾਲ ਨੂੰ "ਨਿਮਰ" ਅਤੇ "ਨਿਡਰ" ਵਜੋਂ ਸਨਮਾਨਿਤ ਕਰਨ ਲਈ ਦਿਨ ਭਰ ਦੀਆਂ ਚਲੀਆਂ ਰਸਮਾਂ ਚ ਸ਼ਾਮਿਲ ਹੋਣ ਲਈ ਪਹੁੰਚੇ। ਧਾਲੀਵਾਲ (42 ਸਾਲ) ਹੈਰਿਸ ਕਾਉਂਟੀ ਵਿਚ ਇੱਕ ਸਿੱਖ ਸ਼ੈਰਿਫ ਵੱਜੋਂ ਪਹਿਲਾ ਡਿਪਟੀ ਸੀ। ਇਸ ਖੇਤਰ ਵਿਚ ਕਰੀਬ ਦਸ ਹਜ਼ਾਰ ਲੋਕ ਰਹਿੰਦੇ ਹਨ। ਸ਼ਰਧਾਂਜਲੀ ਸਮਾਗਮ ਦੌਰਾਨ ਅਮਰੀਕੀ ਫੌਜ ਦੇ ਕਪਤਾਨ ਸਿਮਰਤਪਾਲ ਸਿੰਘ, ਜਿਸ ਨੇ ਸਿੱਖ ਭਾਈਚਾਰੇ ਦੇ ਹੋਰ ਮੈਂਬਰਾਂ ਨੂੰ ਵੀ ਮਿਲਟਰੀ ਸਰਵਿਸ ਵਿਚ ਸ਼ਾਮਲ ਕੀਤਾ, ਨੇ ਧਾਲੀਵਾਲ ਬਾਰੇ ਕਿਹਾ ਕਿ ਉਹ ਨਿਮਰ ਤੇ ਨਿਡਰ ਸੀ ਅਤੇ ਨਕਾਰਾਤਮਕਤਾ ਸੋਚ ਤੋਂ ਉਪਰ ਸੀ।

ਬਾਕੀ ਸਫ਼ਾ 28 'ਤੇ














ELITE
REALTY SERVICES
ELITE
REALITY
SERVICES
TO SELL OR
BUY HOME
In Bay Area, Tracy,
Manteca,Lathrop
and Stockton
BAL SIDHU
NMLS-1785833
DRE- 02039146
Lower rate, shorteren term,
or take cash-out with a
refinance today
ਬਿਨਾ ਕਰੈਡਿਟ ਚੈਕ ਕੀਤੇ ਪਤਾ ਕਰੋ ਕਿ ਤੁਹਾਨੂੰ ਲੋਨ ਮਿਲ ਸਕਦਾ ਹੈ ਜਾਂ ਨਹੀਂ
COMPLEMENTRY PRE PRE QUALIFICATION
WITHOUT HITTING A SCORE!
NO COST REFINANCE! (Conditions Apply)
FHA,
COMVENTIONAL
AND JUMBO LOANS
AVAILABLE
Call 510-634-6599 • 408-641-1858
2787 Moorpark Ave., San Jose, CA 95128


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and
INTERNATIONAL
Special
fares to
Amritsar
& Delhi
ਦੋ ਜਾਂ
ਦੋ ਤੋਂ ਵੱਧ
ਟਿਕਟਾਂ ਖਰੀਦਣ
'ਤੇ ਇਕ ਭਾਰ ਤੋਲਣ
ਵਾਲੀ ਮਸ਼ੀਨ ਮੁਫ਼ਤ
ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Star Alliance
BROKERAGE
Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ
ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN
AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type
of Home and
Commercial
Loans, Same day
loan approval...
ਅਸੀਂ ਘਰਾਂ ਅਤੇ ਬਿਜਨਸ ਲਈ
ਹਰ ਤਰ੍ਹਾਂ ਦੇ ਲੋਨ ਕਰਦੇ ਹਾਂ,
ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

# ਪੰਜਾਬੀ ਰੇਡੀਓ ਹੋਸਟ ਗੁੱਡੀ ਸਿੱਧੂ ਦੀ ਫਰਿਜ਼ਨੋ ਵਿਖੇ ਸੜਕ ਹਾਦਸੇ ਦੌਰਾਨ ਮੌਤ

**ਫਰਿਜ਼ਨੋ/ਨੀਟਾ ਮਾਛੀਕੇ, ਕੁਲਵੰਤ ਧਾਲੀਆਂ :** ਕੈਲੀਫੋਰਨੀਆ 'ਚ ਭਰਵੀਂ ਪੰਜਾਬੀ ਵਸੋਂ ਵਾਲੇ ਸ਼ਹਿਰ ਫਰਿਜ਼ਨੋ ਦੀਆਂ ਸਮਾਜਿਕ, ਸਾਹਿਤਕ, ਸੱਭਿਆਚਾਰਕ ਗਤੀਵਿਧੀਆਂ ਦੀ ਰੂਹ-ਏ-ਰਵਾਂ ਗੁੱਡੀ ਸਿੱਧੂ ਦੇ ਇਕ ਸੜਕ ਹਾਦਸੇ ਵਿਚ ਸਦੀਵੀ ਵਿਛੋੜਾ ਦੇ ਜਾਣ ਨਾਲ ਫਰਿਜ਼ਨੋ ਇਲਾਕੇ ਦਾ ਪੂਰਾ ਪੰਜਾਬੀ ਭਾਈਚਾਰਾ ਸੋਗ ਦੇ ਆਲਮ ਵਿਚ ਹੈ। ਗੁੱਡੀ ਸਿੱਧੂ ਪਿਛੋਕੜ ਤੋਂ ਪੰਜਾਬ ਦੇ ਬਠਿੰਡਾ ਤੋਂ ਸਨ। ਉਹ ਆਪਣੇ ਪਿੱਛੇ ਪਤੀ, ਦੋ ਧੀਆਂ ਤੇ ਇੱਕ ਪੁੱਤਰ ਛੱਡ ਗਏ ਹਨ।

ਪ੍ਰਾਪਤ ਜਾਣਕਾਰੀ ਮੁਤਾਬਕ ਗੁੱਡੀ ਸਿੱਧੂ ਨਾਲ ਇਹ ਹਾਦਸਾ ਐਸ਼ਲਿਨ ਐਵੇਨਿਊ ਅਤੇ ਕੁਰਨੈਲੀਆ ਐਵੇਨਿਊ 'ਤੇ ਕਰੀਬਨ ਬਾਅਦ ਦੁਪਹਿਰ 2:30 ਵਜੇ ਵਾਪਰਿਆ, ਜਿਸ ਸਮੇਂ ਉਹ ਗੁਰਦੁਆਰਾ ਸਿੰਘ ਸਭਾ ਸਾਹਿਬ ਤੋਂ ਦੁਪਹਿਰ ਦੇ ਦੀਵਾਨ ਦੀ ਸਮਾਪਤੀ ਉਪਰੰਤ ਆਪਣੀ ਕਾਰ ਲੈ ਕੇ ਨਿਕਲੇ ਹੀ ਸਨ। ਉਨ੍ਹਾਂ ਆਪਣੇ ਪ੍ਰੋਗਰਾਮ ਕਰਨ ਲਈ ਨਜ਼ਦੀਕੀ ਰੇਡੀਓ ਸਟੇਸ਼ਨ ਜਾਣਾ ਸੀ ਪਰ ਥੋੜੀ ਦੂਰ ਜਾ ਕੇ ਉਹ ਕੰਟਰੋਲ ਖੋ ਬੈਠੇ ਤੇ ਗੱਡੀ ਉਲਟ ਕੇ ਡਿੱਗੀ ਅਤੇ ਗੁੱਡੀ ਸਿੱਧੂ ਦੀ ਮੌਕੇ 'ਤੇ ਹੀ ਮੌਤ ਹੋ ਗਈ। 70 ਸਾਲਾ ਗੁੱਡੀ ਲੰਮੇ ਸਮੇਂ ਤੋਂ ਪੰਜਾਬੀ ਭਾਈਚਾਰੇ ਵਿਚ ਆਪਣੀਆਂ ਸੇਵਾਵਾਂ ਸਦਕੇ ਇੱਕ ਮੋਹਰੀ ਇਸਤਰੀ ਲੀਡਰ ਦੇ ਤੌਰ 'ਤੇ ਵਿਚਰ ਰਹੇ ਸਨ। ਹਰ ਕੋਈ ਫਰਿਜ਼ਨੋ ਸ਼ਹਿਰ ਵਿਚ ਉਨ੍ਹਾਂ ਦਾ ਇੱਜ਼ਤ ਨਾਲ ਨਾਮ ਲੈਂਦਾ ਸੀ। ਗੁੱਡੀ ਸਿੱਧੂ ਫਰਿਜ਼ਨੋ ਵਿਚ ਲੰਮੇ ਸਮੇਂ ਤੋਂ ਪੰਜਾਬੀ ਸਕੂਲ ਚਲਾਉਣ ਦੇ ਨਾਲ-ਨਾਲ ਪਿਛਲੇ 25 ਸਾਲਾਂ ਤੋਂ ਵੱਧ ਸਮੇਂ ਤੋਂ ਹਰ ਸਾਲ ਪਰੰਪਰਾਗਤ ਢੰਗ ਨਾਲ ਤੀਆਂ ਦਾ ਮੇਲਾ ਲਾਉਂਦੇ ਆ ਰਹੇ ਸਨ। ਉਹ 'ਸਿੱਖ ਵੂਮਨ ਆਰਗੇਨਾਈਜ਼ੇਸ਼ਨ' ਦੇ ਮੋਢੀ ਮੈਂਬਰ ਵੀ ਸਨ। ਇਸੇ ਤਰ੍ਹਾਂ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿੱਚ ਚਲ ਰਹੇ ਕਾਰਜਾਂ ਵਿਚ ਅੱਗੇ ਹੋ ਸੇਵਾਵਾਂ



ਪ੍ਰਦਾਨ ਕਰਦੇ ਸਨ। ਔਰਤਾਂ ਦੇ ਹਰ ਮਸਲੇ 'ਤੇ ਉਹ ਅਕਸਰ ਪਹਿਲ-ਕਦਮੀ ਨਾਲ ਖੁੱਲ੍ਹ ਕੇ ਵਿਚਾਰ ਕਰਦੇ ਸਨ। ਗੁੱਡੀ ਸਿੱਧੂ ਦੇ ਇਸ ਤਰ੍ਹਾਂ ਅਚਾਨਕ ਤੁਰ ਜਾਣ ਨਾਲ ਫਰਿਜ਼ਨੋ ਦੇ ਪੰਜਾਬੀ ਭਾਈਚਾਰੇ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦਾ ਘਰ ਹਮੇਸ਼ਾ ਸਾਹਿਤ ਪ੍ਰੇਮੀਆਂ ਅਤੇ ਬਾਹਰੋਂ ਆਏ ਕਲਾਕਾਰਾਂ ਲਈ ਨਿੱਘੀ ਠਹਿਰ ਰਿਹਾ ਹੈ। ਗੁੱਡੀ ਸਿੱਧੂ ਉਨਾਂ ਮਨੁੱਖੀ ਜਿਊੜਿਆਂ ਵਿਚੋਂ ਸੀ ਜੋ ਜ਼ਿੰਦਗੀ ਜਿਊਣ ਦੇ ਚਾਅ ਨਾਲ ਹਮੇਸ਼ਾ ਭਰੇ-ਭਕੁੰਨੇ ਤੇ ਲੋੜਵੰਦਾਂ ਦੇ ਕੰਮ ਆਉਣ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਉਨ੍ਹਾਂ ਦੀ ਮੌਤ ਨਾਲ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਵਡਮੁੱਲਾ ਘਾਟਾ ਪਿਆ ਹੈ। ਉਨ੍ਹਾਂ ਦੇ ਅੰਤਮ ਸੰਸਕਾਰ ਦੀ ਰਸਮ 12 ਅਕਤੂਬਰ, ਦਿਨ ਸ਼ਨੀਵਾਰ ਨੂੰ ਹੋਵੇਗੀ, ਜਿਸ ਉਪਰੰਤ ਅੰਤਮ ਅਰਦਾਸ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਹੋਵੇਗੀ। ਸਮੁੱਚਾ ਰੇਡੀਓ, ਟੀਵੀ. ਅਤੇ ਅਖ਼ਬਾਰਾਂ ਨਾਲ ਸਬੰਧਤ ਮੀਡੀਆ ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਸ਼ਰੀਕ ਹੈ। ਪਰਮਾਤਮਾ ਗੁੱਡੀ ਸਿੱਧੂ ਦੀ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ, ਪਿੱਛੋਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।






## ਪ੍ਰਵਾਸੀ ਪੰਜਾਬੀਆਂ ਦੇ ਗੜ੍ਹ ਫਗਵਾੜਾ ਹਲਕੇ ਵਿਚ ਕੋਈ ਵੀ ਐਨਆਰਆਈ ਵੋਟਰ ਨਹੀਂ

**ਲੁਧਿਆਣਾ/ਏਟੀ ਨਿਊਜ਼ :** ਪੰਜਾਬ ਦੇ 4 ਵਿਧਾਨ ਸਭਾ ਹਲਕਿਆਂ ਦਾਖਾ, ਫਗਵਾੜਾ, ਜਲਾਲਬਾਦ ਤੇ ਮੁਕੇਰੀਆਂ ਵਿਚ 7 ਲੱਖ 76 ਹਜ਼ਾਰ 7 ਵੋਟਰ ਆਪਣੀ ਵੋਟ ਦਾ 920 ਪੋਲਿੰਗ ਬੂਥਾਂ 'ਤੇ ਇਸਤੇਮਾਲ ਕਰਨਗੇ। ਪ੍ਰਵਾਸੀ ਪੰਜਾਬੀਆਂ ਦੇ ਗੜ੍ਹ ਫਗਵਾੜਾ ਹਲਕੇ ਵਿਚ ਕੋਈ ਵੀ ਐਨਆਰਆਈ ਵੋਟਰ ਨਹੀਂ ਹੈ ਜਦਕਿ ਦਾਖਾ ਵਿਚ 17, ਮੁਕੇਰੀਆਂ ਵਿਚ 8, ਜਲਾਲਬਾਦ ਵਿਚ 1 ਐਨ.ਆਰ.ਆਈ. ਵੋਟਰ ਹਨ। ਜਾਣਕਾਰੀ ਅਨੁਸਾਰ ਹਲਕਾ ਦਾਖਾ ਵਿਚ 220 ਪੋਲਿੰਗ ਸਟੇਸ਼ਨਾਂ ਵਿਚ 184723 ਵੋਟਰ ਹਨ, ਜਿੰਨ੍ਹਾਂ ਵਿਚੋਂ 97975 ਮਰਦ, 86747 ਔਰਤ ਤੇ 1 ਤੀਸਰਾ ਲਿੰਗ ਵੋਟਰ, ਹਲਕਾ ਫਗਵਾੜਾ ਵਿਚ 220 ਪੋਲਿੰਗ ਸਟੇਸ਼ਨਾਂ ਵਿਚ 185110 ਵੋਟਰ ਹਨ, ਜਿੰਨ੍ਹਾਂ ਵਿਚੋਂ 97563 ਮਰਦ, 87540 ਔਰਤ ਤੇ 7 ਤੀਸਰਾ ਲਿੰਗ ਵੋਟਰ, ਹਲਕਾ ਮੁਕੇਰੀਆਂ ਵਿਚ 241 ਪੋਲਿੰਗ ਸਟੇਸ਼ਨਾਂ ਵਿਚ 201021 ਵੋਟਰ ਹਨ, ਜਿੰਨ੍ਹਾਂ ਵਿਚੋਂ 10 5147 ਮਰਦ, 95865 ਔਰਤ ਤੇ 9 ਤੀਸਰਾ ਲਿੰਗ ਵੋਟਰ ਤੇ ਹਲਕਾ ਜਲਾਲਾਬਾਦ ਵਿਚ 239 ਪੋਲਿੰਗ ਸਟੇਸ਼ਨਾਂ ਵਿਚ 20 5153 ਵੋਟਰ ਹਨ, ਜਿੰਨ੍ਹਾਂ ਵਿਚੋਂ 107452 ਮਰਦ, 97697 ਔਰਤ ਤੇ 4 ਤੀਸਰਾ ਲਿੰਗ ਵੋਟਰ ਹਨ। ਹਲਕਾ ਫਗਵਾੜਾ ਵਿਚ 207 ਸਰਵਿਸ ਵੋਟਰ ਤੇ ਕੋਈ ਐਨ.ਆਰ.ਆਈ. ਵੋਟਰ ਨਹੀਂ। ਹਲਕਾ ਦਾਖਾ ਵਿਚ 809 ਸਰਵਿਸ ਵੋਟਰ ਤੇ 17 ਐਨ. ਆਰ.ਆਈ. ਵੋਟਰ ਹਨ। ਹਲਕਾ ਮੁਕੇਰੀਆ ਵਿਚ 5219 ਸਰਵਿਸ ਵੋਟਰ ਤੇ 8 ਐਨ.ਆਰ.ਆਈ. ਵੋਟਰ ਹਨ। ਹਲਕਾ ਜਲਾਲਾਬਾਦ ਵਿਚ 824 ਸਰਵਿਸ ਵੋਟਰ ਤੇ 1 ਐਨ.ਆਰ. ਆਈ. ਵੋਟਰ ਹੈ। 1977 ਤੋਂ ਬਾਅਦ ਫਗਵਾੜਾ ਵਿਧਾਨ ਸਭਾ ਹਲਕੇ ਤੋਂ ਅਕਾਲੀ ਦਲ ਨੇ 1, ਕਾਂਗਰਸ ਨੇ 3 ਤੇ ਭਾਜਪਾ ਨੇ 5 ਵਾਰ, ਵਿਧਾਨ ਸਭਾ ਹਲਕਾ ਦਾਖਾ ਤੋਂ ਅਕਾਲੀ ਦਲ ਨੇ 6, ਕਾਂਗਰਸ ਨੇ 2 ਤੇ 'ਆਪ' ਨੇ 1 ਵਾਰ, ਹਲਕਾ ਮੁਕੇਰੀਆਂ ਤੋਂ ਕਾਂਗਰਸ ਨੇ 7 ਤੇ ਭਾਜਪਾ ਨੇ 2 ਵਾਰ ਤੇ ਵਿਧਾਨ ਸਭਾ ਹਲਕਾ ਜਲਾਲਾਬਾਦ ਤੋਂ ਕਾਂਗਰਸ ਨੇ 4, ਅਕਾਲੀ ਦਲ ਨੇ 4 ਤੇ ਸੀ.ਪੀ.ਆਈ. ਨੇ 1 ਵਾਰ ਜਿੱਤ ਪ੍ਰਾਪਤ ਕੀਤੀ।




## ਸਿਆਟਲ ਵਿਚ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਬਾਬਾ ਬੁੱਢਾ ਐਸੋਸੀਏਸ਼ਨ ਆਫ਼ ਅਮਰੀਕਾ ਵਲੋਂ ਗੁਰਦੁਆਰਾ ਸਿੰਘ ਸਭਾ ਰੈਨਟਨ ਵਿਚ ਮਹਾਨ ਗੁਰਸਿੱਖ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਗੁਰੂਘਰ ਦੇ ਕਥਾਵਾਚਕ ਗਿਆਨੀ ਸ਼ੇਰ ਸਿੰਘ ਨੇ ਕਥਾ ਰਾਹੀਂ ਅਤੇ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਭਾਈ ਜੁਝਾਰ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਬਾਬਾ ਬੁੱਢਾ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਅਖੀਰ ਵਿਚ ਭਾਈ ਜਰਨੈਲ ਸਿੰਘ ਦੇ ਕੀਰਤਨੀ ਜਥੇ ਨੇ ਕੀਰਤਨ ਰਾਹੀਂ ਗੁਰੂ ਦਾ ਜਸ ਗਾਇਨ ਕੀਤਾ। ਸੰਸਥਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ ਦੀ ਅਗਵਾਈ ਵਿਚ ਤਿੰਨ ਦਿਨ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਨਾਲ ਨਿਭਾਈ ਗਈ।

## ਗੁਰੂ ਅਮਰਦਾਸ ਜੀ ਦੀਆਂ ਸਿੱਖਿਆਵਾਂ ਤੇ ਅਧਾਰਿਤ ਧਾਰਮਿਕ ਕਵੀ ਦਰਬਾਰ ਸਜਾਇਆ

**ਫਰੀਮੌਂਟ/ਪ੍ਰਮਿੰਦਰ ਸਿੰਘ ਪ੍ਰਵਾਨਾ :** ਅਮਰੀਕੀ ਪੰਜਾਬੀ ਕਵੀਆਂ ਵਲੋਂ ਗੁਰੂ ਅਮਰਦਾਸ ਜੀ ਦੇ ਜੀਵਨ ਅਤੇ ਸਿੱਖਿਆਵਾਂ ਤੇ ਅਧਾਰਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ 300 Gurdwara Road, Fremont CA 94536 ਵਿਖੇ ਸਜਾਇਆ ਗਿਆ। ਪ੍ਰਵਾਨਾ ਵਲੋਂ ਮੰਚ ਸੰਭਾਲਦਿਆਂ ਇਤਿਹਾਸ 'ਤੇ ਰੌਸ਼ਨੀ ਪਾਈ ਗਈ ਕਿ ਗੁਰੂ ਅਮਰਦਾਸ ਜੀ ਨੇ ਆਧਿਆਤਮਕ ਉਪਦੇਸ਼ਾਂ ਦੇ ਨਾਲ ਨਾਲ ਸਮਾਜਿਕ ਕੰਮਾਂ ਨੂੰ ਵੀ ਸੁਧਾਰਿਆ। ਮੁਕਤੀ ਨੂੰ ਸੇਵਾ ਨਾਲ ਜੋੜ ਦਿੱਤਾ ਕਿ ਬੇਗਰਜ਼ ਸੇਵਾ ਸਫ਼ਲ ਹੁੰਦੀ ਹੈ। ਜਾਤ ਪਾਤ ਨੂੰ ਦੂਰ ਕਰਨ ਲਈ ਸਾਂਝੇ ਲੰਗਰਾਂ ਨੂੰ ਲਾਜ਼ਮੀ ਕਰ ਦਿੱਤਾ। ਪਾਣੀ ਦੀ ਕਮੀ ਨੂੰ ਦੂਰ ਕਰਨ ਲਈ ਬਾਊਲੀ ਦਾ ਨਿਰਮਾਣ ਕੀਤਾ। ਪ੍ਰਚਾਰ ਲਈ ਪ੍ਰਚਾਰਕ ਥਾਪੇ। ਇਸਤਰੀ ਜਾਤੀ ਦਾ ਮਾਣ ਵਧਾਉਣ ਲਈ ਪਰਦੇ ਦੀ ਰਸਮ ਹਟਾਈ। ਸਤੀ ਪ੍ਰਥਾ ਨੂੰ ਖਤਮ ਕਰਕੇ ਪੁਨਰ ਵਿਆਹ 'ਤੇ ਜ਼ੋਰ ਦਿੱਤਾ। ਇਸਤਰੀਆਂ ਨੂੰ ਲੰਗਰਾਂ ਅਤੇ ਪ੍ਰਚਾਰ ਦੀ ਸੇਵਾ ਤਹਿਤ ਪ੍ਰਬੰਧ ਵਿਚ ਲਿਆਂਦਾ।

ਧਾਰਮਿਕ ਕਵਿਤਾਵਾਂ ਦੇ ਦੌਰ ਵਿਚ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮੌਂਟ, ਠਾਕੁਰ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਕਵੀ ਸ਼ਾਮਲ ਹੋਏ। ਸੰਖੇਪ ਇਤਿਹਾਸ ਦੇ ਨਾਲ-ਨਾਲ ਸਧਾਰਨ ਸ਼ਬਦਾਂ ਵਿਚ ਕਵਿਤਾਵਾਂ ਨਾਲ ਸੰਗਤਾਂ ਨੂੰ ਜੋੜਿਆ ਗਿਆ। ਪ੍ਰਬੰਧਕਾਂ ਵਲੋਂ ਸਨਮਾਨ ਵਿਚ ਕਿਹਾ ਗਿਆ ਕਿ ਕਵੀ ਆਪਣਾ ਕੀਮਤੀ ਸਮਾਂ ਕੱਢ ਕੇ ਦੂਰ ਦਰਾਜ ਦੇ ਗੁਰਦੁਆਰਿਆਂ ਵਿਚ ਧਾਰਮਿਕ ਕਵੀ ਦਰਬਾਰ ਸਜਾਉਂਦੇ ਹਨ। ਪ੍ਰਵਾਨਾ ਵਲੋਂ ਧੰਨਵਾਦੀ ਸ਼ਬਦਾਂ ਵਿਚ ਕਿਹਾ ਗਿਆ ਕਿ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਅਜਿਹੇ ਪ੍ਰੋਗਰਾਮ ਸਫ਼ਲ ਹੁੰਦੇ ਹਨ। ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਨੂੰ ਅਗਾਂਹ ਤੋਰਦੇ ਹੋਏ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ।

## ਸਹਾਇਤਾ ਸੰਸਥਾ ਨੇ ਫਰੀਮੌਂਟ 'ਚ ਕਰਵਾਈ ਸਹਾਇਤਾ ਨਾਈਟ

### *ਪੰਜਾਬ ਦੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਕੀਤਾ ਗਿਆ ਫੰਡ ਰੇਜ਼ਿੰਗ*



**ਫਰੀਮੌਂਟ/ਐੱਸ.ਅਸ਼ੋਕ ਭੌਰਾ :** ਪਿਛਲੇ ਕਰੀਬ ਇਕ ਦਹਾਕੇ ਦੇ ਵੱਧ ਸਮੇਂ ਤੋਂ ਕੈਲੀਫੋਰਨੀਆ ਅਧਾਰਿਤ 'ਸਹਾਇਤਾ ਸੰਸਥਾ' ਵਲੋਂ ਡਾ. ਹਰਕੇਸ਼ ਸੰਧੂ ਦੀ ਅਗਵਾਈ ਹੇਠ ਪੰਜਾਬੀਆਂ ਦੀਆਂ ਸਮਾਜਿਕ, ਸਿਹਤ, ਸਿੱਖਿਆ ਅਤੇ ਨਿਆਸਰੇ ਅਤੇ ਅਪੰਗ ਬੱਚਿਆਂ ਦੀ ਸੰਭਾਲ ਹਿੱਤ ਕੀਤੇ ਜਾ ਰਹੇ ਕਾਰਜਾਂ ਨੂੰ ਹਰ ਉਹ ਸੁਚੇਤ ਪੰਜਾਬੀ ਜਾਣਦਾ ਹੈ ਜੋ ਦੇਸ਼ਾਂ ਵਿਦੇਸ਼ਾਂ ਵਿਚ ਬੈਠ ਕੇ ਪੰਜਾਬ ਨਾਲ ਜੁੜਿਆ ਹੋਇਆ ਹੈ ਅਤੇ ਪੰਜਾਬ ਦੇ ਉਹ ਹਰ ਦੁੱਖ ਦਰਦ ਅਤੇ ਪੀੜਾ ਨੂੰ ਮਹਿਸੂਸ ਕਰਦਾ ਹੈ। ਲੰਘੇ ਐਤਵਾਰ ਨੂੰ ਇੱਥੇ ਪੈਰਾਡਾਈਜ਼ ਬਾਲਰੂਮ ਵਿਖੇ 'ਸਹਾਇਤਾ ਸੰਸਥਾ' ਵਲੋਂ 'ਸਹਾਇਤਾ ਨਾਈਟ' ਕਰਵਾਈ ਗਈ ਜਿਸਦਾ ਮੁੱਖ ਮਕਸਦ ਫੰਡ ਰੇਜ਼ ਕਰਨਾ ਤਾਂ ਸੀ ਹੀ, ਨਾਲ ਹੀ ਪੰਜਾਬ ਵਿਚ ਹਾਲ ਹੀ ਵਿਚ ਆਏ ਹੜ੍ਹਾਂ ਦੀ ਤਬਾਹੀ ਤੋਂ ਬਾਅਦ ਸਮਾਜਿਕ ਤੌਰ 'ਤੇ ਉਥਲ ਪੁਥਲ ਹੋਏ ਲੋੜਵੰਦ ਪੰਜਾਬੀ ਪਰਿਵਾਰਾਂ ਦੇ ਬੱਚਿਆਂ ਅਤੇ ਉਨ੍ਹਾਂ ਲੋੜਾਂ ਨੂੰ ਪੂਰਾ ਕਰਨ ਦੇ ਯਤਨਾਂ ਦੀ ਵਿਆਖਿਆ ਕਰਨਾ ਵੀ ਸੀ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਪਵਿੱਤਰ ਥਿਆੜਾ ਨੇ ਪੰਜਾਬ ਵਿਚ ਬਾਲ ਘਰਾਂ ਦੀ ਕਾਰਜਸ਼ੈਲੀ ਅਤੇ ਇਨ੍ਹਾਂ ਬਾਲ ਘਰਾਂ ਦੀ ਸਹਾਇਤਾ ਸੰਸਥਾ ਵਲੋਂ ਨਿਆਸਰੇ, ਅਪੰਗ ਅਤੇ ਲੋੜਵੰਦ ਬੱਚਿਆਂ ਦੀ ਜ਼ਿੰਦਗੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਕੀਤੇ ਜਾ ਰਹੇ ਯਤਨਾਂ ਦੀ ਵਿਸਥਾਰ 'ਚ ਰਿਪੋਰਟ ਪੇਸ਼ ਕੀਤੀ ਗਈ। ਜਗਦੀਪ ਸਹੋਤਾ ਨੇ ਦੱਸਿਆ ਕਿ ਸਹਾਇਤਾ ਸੰਸਥਾ ਕੋਲ ਪੈਸਾ ਕਿੱਥੋਂ ਆਉਂਦਾ ਹੈ ਤੇ ਇਸ ਪੈਸੇ ਦੀ ਵਰਤੋਂ ਸਾਰਥਿਕ ਅਤੇ ਉਚਿਤ ਕਾਰਜਾਂ ਲਈ ਅਮਰੀਕਾ 'ਚ ਵੀ ਅਤੇ ਭਾਰਤ ਵਿਚ ਵੀ ਤੇ ਖਾਸ ਤੌਰ 'ਤੇ ਪੰਜਾਬ ਵਿਚ ਕਿਵੇਂ ਕੀਤੀ ਜਾਂਦੀ ਹੈ। ਉਨ੍ਹਾਂ ਲੇਖੇ ਜੋਖੇ ਦਾ ਵਿਸਥਾਰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਸਿਮਰਨ ਸੰਧੂ ਨੇ ਪਿਛਲੇ ਸਾਲ ਕੈਲੀਫੋਰਨੀਆਂ ਦੇ ਪੈਰਾਡਾਈਜ਼ ਸ਼ਹਿਰ ਵਿਚ ਅੱਗ ਨਾਲ ਹੋਈ ਤਬਾਹੀ ਤੋਂ ਬਾਅਦ ਸਥਾਨਕ ਲੋਕਾਂ ਦੀ ਕਿਵੇਂ ਮਦਦ ਕੀਤੀ ਗਈ ਹਾਜ਼ਰ ਸਖਸ਼ੀਅਤਾਂ ਅਤੇ ਮਹਿਮਾਨਾਂ ਨੂੰ ਦੱਸਿਆ। ਹਾਲ ਹੀ ਵਿਚ ਸਰੂਪ ਸਿੰਘ ਝੱਜ ਵਲੋਂ ਸਹਾਇਤਾ ਸੰਸਥਾ ਦੀ ਟੀਮ ਨਾਲ ਪੰਜਾਬ ਦੇ ਰੋਪੜ ਤੇ ਜਲੰਧਰ ਜ਼ਿਲ੍ਹਿਆਂ ਦੇ ਹੜ ਪੀੜਤ ਖੇਤਰਾਂ ਖਾਸ ਤੌਰ 'ਤੇ ਸਰਕਾਰੀ ਸਕੂਲਾਂ 'ਚ ਹੜ੍ਹਾਂ ਨਾਲ ਹੋਈ ਤਬਾਹੀ ਦੌਰਾਨ ਇਮਾਰਤਾਂ ਦਾ ਡਿੱਗਣਾ, ਸਕੂਲਾਂ ਦਾ ਸਾਜ਼ੋ ਸਮਾਨ ਖਰਾਬ ਹੋਣ, ਬਾਰੇ ਵਿਸਥਾਰ ਵਿਚ ਦੱਸਦਿਆਂ ਕਿਹਾ ਕਿ ਇਕ ਕਰੋੜ ਰੁਪਇਆ ਪੰਜਾਬ ਅੰਦਰ ਸਹਾਇਤਾ ਸੰਸਥਾ ਇਹਨਾਂ ਸਕੂਲਾਂ 'ਤੇ ਖਰਚਣ ਦੀ ਤਜ਼ਵੀਜ਼ ਬਣਾ ਰਹੀ ਹੈ। ਸੰਗਤ ਦੇ ਸਹਿਯੋਗ ਤੋਂ ਬਿਨ੍ਹਾਂ ਇਹ ਸੰਭਵ ਹੋ ਹੀ ਨਹੀਂ ਸਕਦਾ। ਬੋਰਵੈੱਲ ਖਰਾਬ ਹੋ ਚੁੱਕੇ ਹਨ, ਪੀਣ ਵਾਲੇ ਪਾਣੀ ਦਾ ਸਕੂਲਾਂ ਵਿਚ ਪ੍ਰਬੰਧ ਨਹੀਂ ਹੈ, ਘਰਾਂ 'ਤੇ ਸਕੂਲਾਂ 'ਚ ਹੜ੍ਹ ਦਾ ਪਾਣੀ ਆਉਣ ਨਾਲ ਬੱਚਿਆਂ ਦੀਆਂ ਕਿਤਾਬਾਂ ਤੇ ਬਸਤੇ ਸਾਰਾ ਕੁਝ ਖਰਾਬ ਹੋ ਗਿਆ ਹੈ। ਸਹਾਇਤਾ ਸੰਸਥਾ ਸਿਹਤ ਅਤੇ ਸਿੱਖਿਅਤ ਲੋੜਾਂ ਦੀ ਪੂਰਤੀ ਹਿਤ ਯਤਨ ਅਰੰਭ ਕਰ ਚੁੱਕੀ ਹੈ ਅਤੇ ਝੱਜ ਹੁਰਾਂ ਅਪੀਲ ਕੀਤੀ ਕਿ ਸਹਾਇਤਾ ਸੰਸਥਾ ਨੂੰ ਵੱਧ ਤੋਂ ਵੱਧ ਮਾਇਕ ਸਹਾਇਤਾ ਦੀ ਜ਼ਰੂਰਤ ਹੈ। ਸੰਸਥਾ ਦੇ ਮੁੱਖ ਸੰਚਾਲਕ ਤੇ ਭਗਤ ਪੂਰਨ ਸਿੰਘ ਵਰਗਾ ਕੌਮਾਂਤਰੀ ਪੱਧਰ 'ਤੇ ਸਮਾਜ ਸੇਵੀ ਰੋਲ ਅਦਾ ਕਰ ਰਹੇ ਡਾ. ਹਰਕੇਸ਼ ਸੰਧੂ ਨੇ ਭਾਵੁਕ ਹੁੰਦਿਆਂ ਕਿਹਾ ਕਿ ਸਹਾਇਤਾ ਸੰਸਥਾ ਕਨੇਡਾ ਤੇ ਅਮਰੀਕਾ 'ਚ ਵਸਦੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਇੰਡੀਆ 'ਚ ਸਮਾਜਿਕ ਤੌਰ 'ਤੇ ਇਕ ਸਿਹਤਮੰਦ ਸਮਾਜ ਦੇਣ ਲਈ ਆਪਣਾ ਬਣਦਾ ਫਰਜ਼ ਅਦਾ ਕਰਨ ਵਿਚ ਲੱਗੀ ਹੋਈ ਹੈ। ਉਨ੍ਹਾਂ ਨੂੰ ਮਾਣ ਹੈ ਕਿ ਉਨ੍ਹਾਂ ਦੀ ਟੀਮ ਪੂਰੀ ਮਿਹਨਤੀ ਹੈ ਅਤੇ ਆਸ ਤੋਂ ਵੀ ਵੱਧ ਲੋਕਾਂ ਦਾ ਸਹਿਯੋਗ ਲਗਾਤਾਰ ਮਿਲ ਰਿਹਾ ਹੈ। ਇਸ ਮੌਕੇ 'ਤੇ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਸਮੇਤ ਕਈ ਉੱਘੀਆਂ ਹਸਤੀਆਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਗਿਆ। ਕੁਝ ਸੰਗੀਤਕ ਵੰਨ੍ਹਗੀਆਂ ਅਤੇ ਨਾਚ ਪੇਸ਼ ਕਰਕੇ ਇਸ ਨਾਈਟ ਨੂੰ ਸੰਗੀਤਮਈ ਵੀ ਬਣਾ ਦਿੱਤਾ ਗਿਆ। ਮੰਚ ਸੰਚਾਲਨ ਸ਼ਕਤੀ ਮਾਣਕ ਨੇ ਕੀਤਾ।


# WHITE HAWK TRUCKING INC

## *Need Drivers & Owner Operators*

**Dedicated Load (ਪੱਕੇ ਲੋਡ)**

**Immediate Payment Option**

**West Coast I-5 Route**



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

**2101 MARTIN LUTHER KING JR WAY STOCKTON, CA 95205**

# ਗੁਰਦੁਆਰਾ ਸਾਹਿਬ ਫਰੀਮੌਂਟ ਦੇ ਤਿੰਨ ਸੁਪਰੀਮ ਕੌਂਸਲ ਮੈਂਬਰ ਧੱਕੇਸ਼ਾਹੀ ਤੇ ਗੈਰਕਾਨੂੰਨੀ ਕਾਰਵਾਈਆਂ ਬੰਦ ਕਰਨ : ਜਸਵਿੰਦਰ ਸਿੰਘ ਜੰਡੀ

**ਫਰੀਮੌਂਟ/ਏਟੀ ਨਿਊਜ਼ :**
ਭਾਈ ਜਸਵਿੰਦਰ ਸਿੰਘ ਜੰਡੀ ਨੇ ਅਖ਼ਬਾਰਾਂ ਨੂੰ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਗੁਰਦੁਆਰਾ ਸਾਹਿਬ ਫਰੀਮੌਂਟ ਦੇ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਬੀਬੀ ਅਰਵਿੰਦਰ ਕੌਰ, ਹਰਮਿੰਦਰ ਸਿੰਘ ਤੇ ਕੁਲਜੀਤ ਸਿੰਘ ਵੱਲੋਂ ਧੱਕੇਸ਼ਾਹੀ ਵਾਲਾ ਰਵੱਈਆ ਅਪਣਾਉਂਦਿਆ ਹੋਇਆਂ ਇਸ ਸੋਮਵਾਰ ਸੁਪਰੀਮ ਕੌਂਸਲ ਦੀ ਮੀਟਿੰਗ ਸੱਦੀ ਗਈ। ਮੈਂ ਵੀ ਉਸ ਮੀਟਿੰਗ ਵਿੱਚ ਹਾਜ਼ਰ ਹੋਇਆ ਤਾਂ ਪਤਾ ਲੱਗਿਆ ਕਿ ਇਹਨਾਂ ਨੇ ਵੋਟਾਂ ਬਣਾਉਣ ਲਈ ਇੱਕ 6 ਮੈਂਬਰੀ ਕਮੇਟੀ ਬਣਾ ਦਿੱਤੀ ਹੈ। ਮੈਂ ਇਹਨਾਂ ਨੂੰ ਕਿਹਾ ਕਿ ਹਰ ਸਾਲ ਸਾਰੀਆਂ ਧਿਰਾਂ ਵਿਚੋਂ ਬੰਦੇ ਲੈ ਕੇ ਕਮੇਟੀ ਬਣਦੀ ਹੈ ਤੇ ਦੂਜਾ ਤੁਹਾਡੇ ਕੋਲ ਕੋਈ ਅਖਤਿਆਰ ਨਹੀਂ ਕਿ ਤੁਸੀਂ ਆਪਣੀ ਮਨਮਰਜ਼ੀ ਨਾਲ ਕੋਈ ਕਮੇਟੀ ਬਣਾ ਦੇਵੋਂ। ਸ਼ਾਇਦ ਤੁਸੀਂ ਭੁੱਲਦੇ ਹੋ ਕਿ ਇਸ ਡਿਪਾਰਟਮੈਂਟ ਦਾ ਇੰਚਾਰਜ ਮੈਂ ਹਾਂ, ਇਸ ਲਈ ਇਲੈਕਸ਼ਨ ਕਮੇਟੀ ਬਣਾਉਣ ਦਾ ਅਧਿਕਾਰ ਮੇਰੇ ਕੋਲ ਹੈ। ਮੇਰੀ ਹਮੇਸ਼ਾ ਇਹ ਕੋਸ਼ਿਸ਼ ਰਹੇਗੀ ਕਿ ਸਾਰੀਆਂ ਧਿਰਾਂ ਦੇ ਬੰਦੇ ਕਮੇਟੀ ਵਿਚ ਹੋਣ ਤਾਂ ਕਿ ਵੋਟਾਂ ਬਣਾਉਣ ਦਾ ਕੰਮ ਸਹੀ ਤੇ ਨਿਰਪੱਖ ਕੀਤਾ ਜਾ ਸਕੇ। ਇਸ ਲਈ ਮੈਂ ਬਤੌਰ ਉਸ ਡਿਪਾਰਟਮੈਂਟ ਦੇ ਇੰਚਾਰਜ ਤੇ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹੋਣ ਕਰਕੇ ਸਾਰੀਆਂ ਧਿਰਾਂ ਤੇ ਸੰਗਤ ਨੂੰ ਬੇਨਤੀ ਕਰਦਾ ਹਾਂ ਕਿ ਆਉਣ ਵਾਲੇ ਸ਼ਨਿੱਚਰਵਾਰ, ਮਿਤੀ 12 ਅਕਤੂਬਰ ਨੂੰ 3 ਵਜੇ ਗੁਰਦੁਆਰਾ ਸਾਹਿਬ ਵਿਖੇ ਇਸ ਸਬੰਧੀ ਮੀਟਿੰਗ ਕੀਤੀ ਜਾ ਰਹੀ ਹੈ। ਉਸ ਮੀਟਿੰਗ ਵਿਚ ਮੈਂਬਰਸ਼ਿਪ ਕਮੇਟੀ ਲਈ ਸੇਵਾਦਾਰ ਚੁਣੇ ਜਾਣਗੇ। ਚਾਹਵਾਨ ਸੱਜਣ ਮੀਟਿੰਗ ਵਿਚ ਸ਼ਾਮਿਲ ਹੋ ਕੇ ਸੇਵਾ ਲੈ ਸਕਦੇ ਹਨ।

ਮੇਰੀ ਸੰਗਤ ਨੂੰ ਬੇਨਤੀ ਹੈ ਕਿ ਜੇ ਇਹ ਲੋਕ ਆਪਹੁਦਰੀਆਂ ਕਾਰਵਾਈਆਂ ਕਰਦੇ ਹੋਏ ਗੁਰਦੁਆਰਾ ਸਾਹਿਬ ਵੋਟਾਂ ਰਜਿਸਟਰ ਕਰਨ ਦੀ ਕੋਸ਼ਿਸ਼ ਕਰਨ, ਤਾਂ ਸੰਗਤ ਇਹਨਾਂ ਨੂੰ ਆਪਣੀ ਨਿੱਜੀ ਕੈਲੀਫੋਰਨੀਆ ਦੀ ਆਈ ਡੀ ਜਾਂ ਉਮਰ (date of birth) ਜਾਂ ਕੋਈ ਵੀ ਲੀਗਲ ਡਾਕੂਮੈਂਟ ਨਾ ਦੇਣ ਕਿਉਂਕਿ ਜੇ ਉਸ ਦਾ ਗਲਤ ਇਸਤੇਮਾਲ ਹੁੰਦਾ ਹੈ ਤਾਂ ਗੁਰਦੁਆਰਾ ਸਾਹਿਬ ਦੀ ਜ਼ੁੰਮੇਵਾਰੀ ਨਹੀਂ ਹੋਵੇਗੀ।

ਸਿੱਖ ਪੰਚਾਇਤ ਦੇ ਮੈਬਰਾਂ ਭਾਈ ਰਾਮ ਸਿੰਘ ਤੇ ਭਾਈ ਜਸਜੀਤ ਸਿੰਘ ਨੇ ਵੀ ਕਿਹਾ ਕਿ

### ਇਨ੍ਹਾਂ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਦੀ ਧੱਕੇਸ਼ਾਹੀ ਹਾਲੇ ਵੀ ਜਾਰੀ


ਭਾਈ ਹਰਮਿੰਦਰ ਸਿੰਘ


ਭਾਈ ਕੁਲਜੀਤ ਸਿੰਘ


ਬੀਬੀ ਅਰਵਿੰਦਰ ਕੌਰ

ਅਸੀਂ ਗੁਰਦੁਆਰਾ ਸਾਹਿਬ ਦਾ ਮਾਹੌਲ ਕਦੇ ਵੀ ਖ਼ਰਾਬ ਨਹੀਂ ਹੋਣ ਦੇਣਾ ਚਾਹੁੰਦੇ, ਇਸ ਲਈ ਅਸੀਂ ਤਕਰਾਰ ਵਾਲਾ ਰਵੱਈਆ ਕਦੇ ਨਹੀਂ ਅਪਣਾਇਆ। ਪਰ ਹੁਣ ਇਨ੍ਹਾਂ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਦੀਆਂ ਆਪ-ਹੁਦਰੀਆਂ ਤੇ ਗੈਰਜਿੰਮੇਵਾਰ ਕਾਰਵਾਈਆਂ ਕਾਰਨ ਕੇਸ ਵਕੀਲਾਂ ਅਤੇ ਕੋਰਟ ਵਿਚ ਹੈ। ਇਨ੍ਹਾਂ ਨੇ ਵਕੀਲਾਂ ਦੀ ਹਾਜ਼ਰੀ ਵਿਚ ਤਾਲਮੇਲ ਕਰਨ ਲਈ ਮੰਨਿਆ ਹੈ, ਜਿਸ ਕਾਰਨ ਅਸੀਂ ਸਟੇਜ ਦੀ ਸੇਵਾ ਤੋਂ ਪਿੱਛੇ ਹਟ ਗਏ। ਹਾਲਾਂਕਿ ਹਰ ਮਹੀਨੇ ਸਟੇਜ ਸੈਕਟਰੀ ਰੋਟੇਸ਼ਨ ਨਾਲ ਸੇਵਾ ਕਰਦੇ ਸੀ। ਉਸ ਤੋਂ ਬਾਅਦ ਇਹਨਾਂ ਨੇ ਸਾਨੂੰ ਕਦੇ ਵੀ ਸਮਾਂ ਮੰਗਣ 'ਤੇ ਸਟੇਜ ਤੋਂ ਸੰਗਤ ਨਾਲ ਵਿਚਾਰ ਸਾਂਝੇ ਨਹੀਂ ਕਰਨ ਦਿੱਤੇ। ਇਨ੍ਹਾਂ ਦੀ ਧੱਕੇਸ਼ਾਹੀ ਦਾ ਸਿਖਰ ਉਸ ਵੇਲੇ ਹੋਇਆ ਜਦੋਂ ਇਨ੍ਹਾਂ ਨੇ ਸਾਲਾਨਾ ਜਨਰਲ ਬਾਡੀ ਮੀਟਿੰਗ ਵੀ ਨਹੀਂ ਹੋਣ ਦਿੱਤੀ ਤੇ ਭਾਈ ਹਰਿੰਦਰਪਾਲ ਸਿੰਘ ਜੋ ਕਿ ਗੁਰਦੁਆਰਾ ਸਾਹਿਬ ਦੇ ਕੈਸ਼ੀਅਰ ਹਨ, ਉਸ ਨੂੰ ਵੀ ਸਾਲਾਨਾ ਅਕਾਊਂਟਸ ਸੰਗਤ ਨਾਲ ਸਾਂਝੇ ਨਹੀਂ ਕਰਨ ਦਿੱਤੇ। ਉਸ ਤੋਂ ਬਾਅਦ ਬੀਬੀ ਅਰਵਿੰਦਰ ਕੌਰ ਦੀ ਡਿਕਟੇਟਰਸ਼ਿਪ ਇੱਥੋਂ ਤੱਕ ਪਹੁੰਚ ਗਈ ਕਿ ਸਕੂਲ ਵਿੱਚ ਸੇਵਾ ਕਰਨ ਵਾਲੇ ਸੇਵਾਦਾਰ ਨੂੰ ਵਕੀਲ ਤੋਂ ਧਮਕੀ ਭਰੀ ਚਿੱਠੀ ਪੁਆ ਦਿੱਤੀ ਤੇ ਜਦੋਂ ਅਗਲੇ ਹਫ਼ਤੇ ਉਹ ਸਕੂਲ ਵਿਚ ਸੇਵਾ ਕਰਨ ਗਿਆ ਤਾਂ ਹਰਜੀਤ ਸਿੰਘ ਨੇ ਉਸ ਨੂੰ ਜ਼ਲੀਲ ਕੀਤਾ। ਇਹਨਾਂ ਨੇ ਮੇਨ ਲਾਬੀ ਉੱਪਰ ਕਮਰੇ ਬਨਣ ਦਾ ਕੰਮ ਵੀ ਰੁਕਵਾ ਦਿੱਤਾ ਹੈ। ਇਹ ਆਪਣੀ ਸੌੜੀ ਰਾਜਨੀਤੀ ਕਾਰਣ ਗੁਰਦੁਆਰਾ ਸਾਹਿਬ ਦਾ ਨੁਕਸਾਨ ਕਰ ਰਹੇ ਹਨ।

ਅਸੀਂ ਇਨ੍ਹਾਂ ਨੂੰ ਇਕ ਵਾਰੀ ਸੰਗਤ ਦੀ ਕਚਹਿਰੀ ਵਿਚ ਦੱਸਣਾ ਚਾਹੁੰਦੇ ਹਾਂ ਕਿ ਤੁਹਾਡੀ ਗੈਰਇਖਲਾਕੀ ਤੇ ਧੱਕੇਸ਼ਾਹੀ ਸੰਗਤ ਅਤੇ ਪਰਬੰਧ ਲਈ ਠੀਕ ਨਹੀਂ ਹੈ ਤੇ ਨਾ ਹੀ ਸਾਡੀ ਤੁਹਾਡੇ ਨਾਲ ਕੋਈ ਤਕਰਾਰ ਕਰਨ ਦੀ ਮਨਸ਼ਾ ਹੈ ਪਰ ਤੁਹਾਡੀਆ ਮਨਮਰਜ਼ੀਆਂ ਤੇ ਗ਼ੈਰ ਕਨੂੰਨੀ ਕੰਮ ਸੰਗਤਾਂ ਬਰਦਾਸ਼ਤ ਨਹੀਂ ਕਰਨਗੀਆਂ। ਜਲਦੀ ਹੀ ਤੁਹਾਡੀਆਂ ਕੀਤੀਆਂ ਹੋਈਆ ਵਧੀਕੀਆਂ ਸੰਗਤਾਂ ਦੀ ਕਚਹਿਰੀ ਵਿਚ ਲਿਆਂਦੀਆਂ ਜਾਣਗੀਆਂ।

# ਧੱਕੇਸ਼ਾਹੀ ਦਾ ਇਕ ਹੋਰ ਸਬੂਤ

## *ਇਸ ਈਮੇਲ ਦਾ ਹਾਲੇ ਤੱਕ ਕੋਈ ਜਵਾਬ ਨਹੀਂ ਆਇਆ*

From: Jasjeet Singh <jasjeetsingh.usa@gmail.com>
Date: Wed, Oct 2, 2019 at 9:51 AM
Subject: Bhai Sukha Jinda Shaheedi Program
To: <kuljitsingh54@yahoo.com>,
Jaswinder Singh <jsjandi@gmail.com>,
<hscarrier1313@gmail.com>,
<hpsingh55@gmail.com>,
Arvinder Kaur <Akaur1992@yahoo.com>

ਹਰਮਿੰਦਰ ਸਿੰਘ
ਸੁਪਰੀਮ ਕੌਂਸਲ ਮੈਂਬਰ
ਗੁਰਦੁਆਰਾ ਸਾਹਿਬ
ਫਰੀਮਾਂਟ

ਸਿੱਖ ਯੂਥ ਆਫ ਅਮਰੀਕਾ ਪਿਛਲੇ 26 ਸਾਲ ਤੋਂ ਭਾਈ ਹਰਜਿੰਦਰ ਸਿੰਘ ਜ਼ਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਫਰੀਮਾਂਟ ਗੁਰਦੁਆਰਾ ਸਾਹਿਬ ਵਿੱਚ ਉਹਨਾਂ ਦੀ ਲਾਸਾਨੀ ਸ਼ਹਾਦਤ ਦਾ ਦਿਹਾੜਾ ਮਨਾਉਂਦਾ ਆ ਰਿਹਾ ਹੈ। ਇਸ ਦੇ ਅਖੰਡ ਪਾਠ ਦੀ ਸੇਵਾ ਜੱਥੇਦਾਰ ਗੁਰਦੇਵ ਸਿੰਘ ਪਰਿਵਾਰ ਵੱਲੋਂ ਕਰਵਾਈ ਜਾਂਦੀ ਹੈ। ਇਸ ਸਾਲ ਅਖੰਡ ਪਾਠ ਸਾਹਿਬ 11 ਅਕਤੂਬਰ ਨੂੰ ਅਰੰਭ ਹੋਣਗੇ ਅਤੇ 13 ਅਕਤੂਬਰ ਨੂੰ ਭੋਗ ਪਾਏ ਜਾਣਗੇ।
ਸਾਡੀ ਤੁਹਾਨੂੰ ਸੰਗਤੀ ਰੂਪ ਵਿੱਚ ਬੇਨਤੀ ਹੈ ਕਿ 13 ਅਕਤੂਬਰ ਦਿਨ ਐਤਵਾਰ ਨੂੰ ਸ਼ਹੀਦਾਂ ਦੇ ਗੁਣਗਾਣ ਲਈ ਅਤੇ ਸ਼ਰਧਾਂਜਲੀ ਭੇਟ ਕਰਨ ਲਈ ਸਾਡੇ ਵੱਲੋਂ ਇੱਕ ਜਾਂ ਦੋ ਬੁਲਾਰੇ ਹੋਣਗੇ ਇਸ ਲਈ 12 ਤੋਂ 1 ਵਜੇ ਦਰਮਿਆਨ 15 ਮਿੰਟ ਦਾ ਸਮਾਂ ਬੁਲਾਰਿਆਂ ਲਈ ਰੱਖ ਲਿਆ ਜਾਵੇ ਤਾਂ ਮਿਹਰਬਾਨੀ ਹੋਵੇਗੀ।

ਬੇਨਤੀ ਕਰਤਾ
**ਜਸਜੀਤ ਸਿੰਘ**

# ਉਲਟਾ ਚੋਰ ਕੋਤਵਾਲ ਕੋ ਡਾਂਟੇ

## *(ਮਸਲਾ ਗੁਰਦੁਆਰਾ ਸਾਹਿਬ ਦੇ ਹਿਸਾਬ ਕਿਤਾਬ ਦਾ)*

**ਫਰੀਮੌਂਟ/ਏਟੀ ਨਿਊਜ਼ :**
ਗੁਰਦੁਆਰਾ ਸਾਹਿਬ ਫਰੀਮੌਂਟ ਦੇ ਮੌਜੂਦਾ ਸੁਪਰੀਮ ਕੌਂਸਲ ਮੈਂਬਰ ਭਾਈ ਹਰਿੰਦਰਪਾਲ ਸਿੰਘ ਨੇ ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦੇ ਹੋਏ ਕਿਹਾ ਹੈ ਕਿ ਦੋ ਸੁਪਰੀਮ ਕੌਂਸਲ ਮੈਂਬਰ ਹਰਮਿੰਦਰ ਸਿੰਘ ਤੇ ਕੁਲਜੀਤ ਸਿੰਘ ਨੇ ਇਕ ਅਖ਼ਬਾਰ ਵਿੱਚ ਬਿਆਨ ਦੇ ਕੇ ਕੁਫ਼ਰ ਤੋਲਿਆ ਹੈ ਕਿ ਮੈਂ ਉਨ੍ਹਾਂ ਨੂੰ ਹਿਸਾਬ-ਕਿਤਾਬ ਨਹੀਂ ਦਿੰਦਾ। ਇਹ ਸ਼ਾਇਦ ਅੰਮ੍ਰਿਤਧਾਰੀ ਹਨ ਤੇ ਮੇਰੀ ਇਨ੍ਹਾਂ ਨੂੰ ਬੇਨਤੀ ਹੈ ਕਿ ਇਹ ਕੋਈ ਟੈਕਸਟ ਜਾਂ ਈਮੇਲ ਸੰਗਤ ਵਿੱਚ ਪੇਸ਼ ਕਰਨ ਜਿਸ ਵਿੱਚ ਇਨ੍ਹਾਂ ਨੇ ਕਦੇ ਮੇਰੇ ਕੋਲੋ ਹਿਸਾਬ ਮੰਗਿਆ ਹੋਵੇ। ਇਨ੍ਹਾਂ ਦੇ ਵਕੀਲ ਨੇ ਮੈਨੂੰ ਸੁਆਲਨਾਮਾ (discovery) ਭੇਜਿਆ ਸੀ ਜਿਸ ਦੇ ਹਰ ਸੁਆਲ ਦਾ ਜੁਆਬ ਮੈਂ ਮਿਥੇ ਸਮੇਂ ਵਿੱਚ ਦਿੱਤਾ ਤੇ ਉਸ ਨੇ ਕਿਹਾ ਕਿ ਸਾਰਾ ਹਿਸਾਬ ਕਿਤਾਬ ਦਾ ਰਿਕਾਰਡ ਮੈਂ ਉਸ ਦੇ ਦਫਤਰ ਪਹੁੰਚਾਵਾਂ। ਸਾਡੇ ਵਕੀਲ ਨੇ ਉਸ ਨੂੰ ਕਿਹਾ ਕਿ ਗੁਰਦੁਆਰਾ ਸਾਹਿਬ ਦਾ ਕੋਈ ਵੀ ਰਿਕਾਰਡ ਕੈਲੀਫੋਰਨੀਆ ਕਨੂੰਨ ਅਧੀਨ ਗੁਰਦੁਆਰਾ ਸਾਹਿਬ ਤੋਂ ਬਾਹਰ ਨਹੀਂ ਜਾ ਸਕਦਾ। ਪਰ ਅਸੀਂ ਉਸ ਨੂੰ ਕਿਹਾ ਕਿ ਇਹ ਦੋਨੋਂ ਜਦੋਂ ਮਰਜ਼ੀ ਆ ਕੇ ਕਾਪੀਆਂ ਕਰ ਕੇ ਲੈ ਜਾਣ।

ਗੁਰਦੁਆਰਾ ਸਾਹਿਬ ਦੇ ਬਾਈਲਾਅਜ਼ ਮੁਤਾਬਕ ਅਪ੍ਰੈਲ ਦੇ ਦੂਜੇ ਹਫ਼ਤੇ ਜਨਰਲ ਬਾਡੀ ਕੀਤੀ ਜਾਂਦੀ ਹੈ ਜਿਸ ਵਿੱਚ ਖ਼ਜ਼ਾਨਚੀ ਸਾਰਾ ਹਿਸਾਬ-ਕਿਤਾਬ ਸੰਗਤਾਂ ਸਾਹਮਣੇ ਪੇਸ਼ ਕਰਦਾ ਹੈ ਤੇ ਸੰਗਤਾਂ ਦੇ ਸਵਾਲਾਂ ਦੇ ਜਵਾਬ ਦਿੰਦਾ ਹੈ। ਇਸ ਵਾਰ ਇਨ੍ਹਾਂ ਨੇ ਜਨਰਲ ਬਾਡੀ ਮੀਟਿੰਗ ਹੀ ਨਹੀਂ ਹੋਣ ਦਿੱਤੀ। ਭਾਈ ਐਚ ਪੀ ਸਿੰਘ ਸਮੇਂ ਮੁਤਾਬਕ ਸਟੇਜ ਤੇ ਹਿਸਾਬ-ਕਿਤਾਬ ਲੈ ਕੇ ਪਹੁੰਚੇ ਤਾਂ ਉਨ੍ਹਾਂ ਨੂੰ ਟਾਈਮ ਨਹੀਂ ਦਿੱਤਾ ਗਿਆ। ਭਾਈ ਐਚ ਪੀ ਸਿੰਘ ਨੇ ਕਿਹਾ ਕਿ ਸੰਗਤ ਸੁਪਰੀਮ ਹੈ ਤੇ ਜਿਹੜੀ ਸੰਸਥਾ ਦੇ ਅੰਮ੍ਰਿਤਧਾਰੀ ਅਹੁਦੇਦਾਰ ਹੀ ਸੰਗਤ ਨੂੰ ਗੁੰਮਰਾਹ ਕਰਨ ਲੱਗ ਜਾਣ ਉਸ ਸੰਸਥਾ ਦਾ ਭਵਿੱਖ ਕੀ ਹੋਵੇਗਾ? ਐਚ ਪੀ ਸਿੰਘ ਨੇ ਕਿਹਾ ਕਿ ਮੈਂ ਹਿਸਾਬ ਲੈ ਕੇ ਹੁਣ ਵੀ ਸਟੇਜ ਤੇ ਜਾਣ ਨੂੰ ਤਿਆਰ ਹਾਂ ਜੇ ਇਹ ਟਾਈਮ ਦੇਣ। ਮੇਰੇ ਲਈ ਸੰਗਤ ਹਮੇਸ਼ਾ ਸੁਪਰੀਮ ਹੈ ਤੇ ਰਹੇਗੀ, ਜਦੋਂ ਵੀ ਇਹ ਚਾਹੁੰਣ ਸੰਗਤ ਵਿੱਚ ਖੁੱਲੀ ਡਿਬੇਟ ਲਈ ਵੀ ਤਿਆਰ ਹਾਂ। ਉਨ੍ਹਾਂ ਕਿਹਾ ਕਿ ਮੈਂ ਇਨ੍ਹਾਂ ਨਾਲ ਹੋਈਆਂ ਗੱਲਾਂ ਬਾਤਾਂ ਵੀ ਸੰਗਤ ਸਾਹਮਣੇ ਰੱਖਣਾ ਚਾਹੁੰਦਾ ਹਾਂ।


ਭਾਈ ਹਰਮਿੰਦਰ ਸਿੰਘ


ਭਾਈ ਕੁਲਜੀਤ ਸਿੰਘ

ਭਾਈ ਐਚ ਪੀ ਸਿੰਘ ਵੱਲੋਂ ਸਾਂਝੇ ਕੀਤੇ ਟੈਕਸਟ ਸਿੱਧ ਕਰਦੇ ਹਨ ਕਿ ਇਨ੍ਹਾਂ ਨੇ ਕਦੇ ਹਿਸਾਬ ਮੰਗਿਆ ਹੀ ਨਹੀਂ। ਐਚ ਪੀ ਸਿੰਘ ਸਟੇਜ ਤੋ ਵਾਰ ਵਾਰ ਟਾਈਮ ਦੀ ਮੰਗ ਕਰਦੇ ਰਹੇ ਤੇ ਅੱਜ ਵੀ ਕਰ ਰਹੇ ਹਨ।










## ਐਲਕ ਗਰੋਵ ਸਕੂਲ ਬੋਰਡ ਵੱਲੋਂ ਅਮਰੀਕਨ ਸਿੱਖ ਜਾਗਰੂਕਤਾ ਮਹੀਨਾ ਮਨਾਉਣ ਦਾ ਮਤਾ ਪਾਸ

### *ਸੰਦੀਪ ਸਿੰਘ ਧਾਲੀਵਾਲ ਨੂੰ ਦਿੱਤੀ ਗਈ ਵਿਸ਼ੇਸ਼ ਤੌਰ 'ਤੇ ਸ਼ਰਧਾਂਜਲੀ*

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਕੈਲੀਫੋਰਨੀਆ ਦੇ ਸ਼ਹਿਰ ਐਲਕ ਗਰੋਵ ਵਿਖੇ ਸਥਾਨਕ ਸਕੂਲ ਡਿਸਟ੍ਰਿਕ ਬੋਰਡ ਵੱਲੋਂ ਅਮਰੀਕਨ ਸਿੱਖ ਜਾਗਰੂਕਤਾ ਅਤੇ ਧੰਨਵਾਦ ਮਹੀਨਾ ਮਨਾਉਣ ਦਾ ਮਤਾ ਪਾਸ ਕੀਤਾ ਗਿਆ। ਬੌਬੀ ਸਿੰਘ ਐਲਨ ਵੱਲੋਂ ਪੇਸ਼ ਕੀਤੇ ਮਤੇ ਨੂੰ ਸਮੂਹ ਬੋਰਡ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਮਾਨਤਾ ਦੇ ਦਿੱਤੀ ਗਈ। ਇਹ ਮਤਾ ਸੈਕਟਰੀ ਬੋਰਡ ਆਫ ਐਜੂਕੇਸ਼ਨ ਕ੍ਰਿਸਟੋਫਰ ਓਫਮੈਨ ਨੇ ਪੜ੍ਹ ਕੇ ਸੁਣਾਇਆ। ਇਸ ਮਤੇ ਦੇ ਪੇਸ਼ ਹੋਣ ਮੌਕੇ ਐਲਕ ਗਰੋਵ ਸਿਟੀ ਦੇ ਕਮਿਸ਼ਨਰ ਅਤੇ ਸੈਕਟਰੀ ਆਫ ਸਟੇਟ ਦੇ ਸਲਾਹਕਾਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਸਟੇਜ ਤੋਂ ਬੋਲਦਿਆਂ ਕਿਹਾ ਕਿ ਸਿੱਖਾਂ ਲਈ ਇਹ ਮਹੀਨਾ ਵਿਸ਼ੇਸ਼ ਅਹਿਮੀਅਤ ਰੱਖਦਾ ਹੈ ਕਿਉਂਕਿ ਇਸ ਮਹੀਨੇ ਵਿਸ਼ਵ ਭਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਅਵਤਾਰ ਪੁਰਬ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾਂ ਗੁਰੂ ਨਾਨਕ ਜੀ ਦੀਆਂ ਸਿੱਖਿਆਵਾਂ ਬਾਰੇ ਅਮਰੀਕਨ ਆਗੂਆਂ ਨੂੰ ਵਿਸ਼ੇਸ਼ ਤੌਰ 'ਤੇ ਜਾਣਕਾਰੀ ਦਿੱਤੀ। ਇਸ ਦੌਰਾਨ ਸ. ਰੰਧਾਵਾ ਨੇ ਹਿਊਸਟਨ ਵਿਖੇ ਮਾਰੇ ਗਏ ਡਿਪਟੀ ਸ਼ੈਰਿਫ ਸੰਦੀਪ ਸਿੰਘ ਧਾਲੀਵਾਲ ਬਾਰੇ ਬੋਲਦਿਆਂ ਕਿਹਾ ਕਿ ਉਸ ਨੇ ਆਪਣੀ ਡਿਊਟੀ ਦੌਰਾਨ ਕੁਰਬਾਨੀ ਦਿੱਤੀ ਹੈ। ਅਮਰੀਕਾ ਵਿਚ ਅਜਿਹੇ ਨਫਰਤੀ ਹਮਲੇ ਦੀਆਂ ਪਹਿਲਾਂ ਵੀ ਘਟਨਾਵਾਂ ਵਾਪਰਦੀਆਂ ਰਹੀਆਂ ਹਨ, ਜਿਸ ਦੌਰਾਨ ਕਈ ਸਿੱਖ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਸੰਦੀਪ ਸਿੰਘ ਧਾਲੀਵਾਲ ਦਸਤਾਰਧਾਰੀ ਅਤੇ ਸਾਬਤ-ਸੂਰਤ ਹੋ ਕੇ ਪੁਲਿਸ ਸੇਵਾ ਨਿਭਾਉਣ ਕਾਰਨ ਪੂਰੇ ਭਾਈਚਾਰੇ ਵਿਚ ਬਹੁਤ ਸਤਿਕਾਰਿਆ ਜਾਂਦਾ ਸੀ। ਸ. ਰੰਧਾਵਾ ਨੇ ਸੰਦੀਪ ਸਿੰਘ ਵੱਲੋਂ ਪੁਲਿਸ ਵਿਭਾਗ ਦੀ ਸੇਵਾ ਤੋਂ ਇਲਾਵਾ ਅਮਰੀਕੀ ਸਮਾਜ ਲਈ ਕੀਤੇ ਨਿਸ਼ਕਾਮ ਕੰਮਾਂ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਕਿਹਾ ਕਿ ਸਾਡੀ ਕੌਮ ਉਸ 'ਤੇ ਹਮੇਸ਼ਾ ਫ਼ਖ਼ਰ ਕਰੇਗੀ। ਸ. ਰੰਧਾਵਾ ਨੇ ਐਲਕ ਗਰੋਵ ਸਕੂਲ ਬੋਰਡ ਵੱਲੋਂ ਇਸ ਮਤੇ ਨੂੰ ਪਾਸ ਕਰਨ ਲਈ ਡਾਇਰੈਕਟਰ ਬੌਬੀ ਐਲਨ ਅਤੇ ਸਮੁੱਚੇ ਸਕੂਲ ਬੋਰਡ ਦਾ ਧੰਨਵਾਦ ਕੀਤਾ।



# ਰਾਜਸੀ ਸ਼ਰਨ ਵਾਲਿਆਂ ਨੂੰ ਪਾਸਪੋਰਟ-ਵੀਜ਼ੇ ਮਿਲਣੇ ਸ਼ੁਰੂ

## *ਸਿੱਖਸ ਆਫ ਅਮਰੀਕਾ ਦੀਆਂ ਕੋਸ਼ਿਸ਼ਾਂ ਨੂੰ ਪਿਆ ਬੂਰ : ਜੱਸੀ ਸਿੰਘ*

**ਵਾਸ਼ਿੰਗਟਨ ਡੀਸੀ./ਸੁਰਿੰਦਰ ਗਿੱਲ :**
ਸਿੱਖਸ ਆਫ ਅਮਰੀਕਾ ਸੰਸਥਾ ਵਲੋਂ ਪਿਛਲੇ ਦਿਨੀਂ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਇੱਕ ਮੰਗ ਪੱਤਰ ਹੂਸਟਨ ਵਿਖੇ ਦਿੱਤਾ ਗਿਆ ਸੀ, ਜਿਸ ਵਿੱਚ ਤਿੰਨ ਮੰਗਾਂ 'ਤੇ ਜ਼ੋਰ ਦਿੱਤਾ ਗਿਆ ਸੀ। ਪ੍ਰਧਾਨ ਮੰਤਰੀ ਨੇ ਭਾਰਤ ਪਹੁੰਚਦਿਆਂ ਹੀ ਦੋ ਮੰਗਾਂ ਤੇ ਹੁਕਮ ਜਾਰੀ ਕਰ ਦਿੱਤੇ ਹਨ, ਜਿਸ ਸਦਕਾ ਸਿੱਖ ਭਾਈਚਾਰੇ ਵਿੱਚ ਖ਼ੁਸ਼ੀ ਦਾ ਮਹੌਲ ਬਣਿਆ ਹੋਇਆ ਹੈ।

ਵਿਦੇਸ਼ ਮੰਤਰੀ ਜੈ ਸ਼ੰਕਰ ਨੇ ਦੱਸਿਆ ਕਿ ਰਾਜਸੀ ਸ਼ਰਨ ਪ੍ਰਾਪਤਕਰਤਾ ਨੂੰ ਵੀਜ਼ੇ ਤੇ ਪਾਸਪੋਰਟ ਦੇਣ ਦਾ ਸਿਲਸਿਲਾ ਭਾਰਤੀ ਅੰਬੈਸੀ ਵਲੋਂ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਕਰਕੇ ਰਾਜਸੀ ਸ਼ਰਨ ਪ੍ਰਾਪਤਕਰਤਾ ਆਪਣੇ ਪਰਿਵਾਰਾਂ ਨੂੰ ਆਪਣੇ ਮੁਲਕ ਜਾ ਕੇ ਅਸਾਨੀ ਨਾਲ ਮਿਲ ਸਕਣਗੇ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਇਕ ਅੱਛੀ ਖਬਰ ਦਾ ਜ਼ਿਕਰ ਵੀ ਹੂਸਟਨ ਵਿਖੇ ਸਿੱਖਸ ਆਫ ਅਮਰੀਕਾ ਨਾਲ ਕੀਤਾ ਸੀ, ਜਿਸ ਤਹਿਤ ਜੇਲ੍ਹ ਟਰਮ ਪੂਰੀ ਕਰ ਚੁੱਕੇ ਸਿੰਘਾਂ ਨੂੰ ਛੱਡਣ ਦਾ ਫੈਸਲਾ ਵੀ ਲਿਆ ਗਿਆ ਸੀ।ਰਿਹਾਈ ਦੀ ਪਹਿਲੀ ਕਿਸ਼ਤ ਜਾਰੀ ਕਰ ਦਿੱਤੀ ਗਈ ਹੈ। ਇਸ ਦੇ ਨਾਲ ਹੀ ਭਾਈ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਜੇਲ੍ਹ ਟਰਮ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਜਿੱਥੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਧੰਨਵਾਦ ਕੀਤਾ, ਉੱਥੇ ਕਿਹਾ ਕਿ ਪ੍ਰਧਾਨ ਮੰਤਰੀ ਸਿੱਖਾਂ ਪ੍ਰਤੀ ਬਹੁਤ ਸੰਜੀਦਾ ਹਨ। ਉਨ੍ਹਾਂ ਨਾਲ ਟੇਬਲ ਤੇ ਗੱਲ ਕਰਕੇ ਬਾਕੀ ਰਹਿੰਦੇ ਮਸਲੇ ਵੀ ਹੱਲ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਵਲੋਂ ਮੈਮੋਰੰਡਮ ਤੇ ਤੁਰੰਤ ਕਾਰਵਾਈ ਕਰਕੇ ਸਿੱਖਾਂ ਦੇ ਮਨ ਜਿੱਤੇ ਹਨ। ਉਹ ਧੰਨਵਾਦ ਦੇ ਪਾਤਰ ਹਨ। ਆਤਮਾ ਸਿੰਘ ਨਿਊਜਰਸੀ ਨੇ ਕਿਹਾ ਕਿ ਸਿੱਖ ਭਾਈਚਾਰੇ ਵਿੱਚ ਖ਼ੁਸ਼ੀ ਦਾ ਮਹੌਲ ਬਣਿਆ ਹੋਇਆ। ਰਾਜਸੀ ਸ਼ਰਨ ਪ੍ਰਾਪਤਕਰਤਾ ਦੀ ਮੰਗ ਪੂਰੀ ਕਰਕੇ ਪ੍ਰਧਾਨ ਮੰਤਰੀ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਸਿੱਖਾਂ ਦੇ ਗੂੜ੍ਹੇ ਮਿੱਤਰ ਹਨ। ਕੰਵਲਜੀਤ ਸਿੰਘ ਸੋਨੀ ਸਿੱਖ ਅਫੇਅਰ ਦੇ ਚੇਅਰਮੈਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਹਮੇਸ਼ਾ ਹੀ ਸਿੱਖਾਂ ਨੂੰ ਪਹਿਲ ਦੇ ਅਧਾਰ 'ਤੇ ਰੱਖਿਆ ਹੈ, ਜਿਸ ਸਦਕਾ ਕਰਤਾਰਪੁਰ ਕੋਰੀਡੋਰ ਖੋਲ੍ਹਣਾ, ਕਾਲੀ ਸੂਚੀ ਖਤਮ ਕਰਨਾ, ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖਾਂ ਨੂੰ ਛੱਡਣਾ ਅਤੇ ਰਾਜਸੀ ਸ਼ਰਨ ਪ੍ਰਾਪਤਕਰਤਾ ਨੂੰ ਵੀਜ਼ੇ-ਪਾਸਪੋਰਟ ਦੇਣਾ ਆਦਿ ਮੰਗਾਂ ਨੂੰ ਪਰਵਾਨ ਕੀਤਾ ਹੈ।ਸਾਡੀ ਮਿਲਣੀ ਦਾ ਸਾਰਥਕ ਨਤੀਜਾ ਹੈ ਜਿਸ ਲਈ ਅਸੀਂ ਪ੍ਰਧਾਨ ਮੰਤਰੀ ਦੇ ਧੰਨਵਾਦੀ ਹਾਂ। ਅਡੱਪਾ ਪ੍ਰਸਾਦ ਨੇ ਕਿਹਾ ਕਿ ਸਿੱਖ ਭਾਰਤ ਦਾ ਅਟੁੱਟ ਅੰਗ ਹਨ। ਉਨ੍ਹਾਂ ਨੂੰ ਵੱਖਰੀ ਕੌਮ ਵਜੋਂ ਮਾਨਤਾ ਦੇਣ ਦਾ ਮੁੱਦਾ ਵੀ ਪ੍ਰਧਾਨ ਮੰਤਰੀ ਦੇ ਧਿਆਨ ਹਿੱਤ ਲਿਆਂਦਾ ਹੈ। ਆਸ ਹੈ ਕਿ ਉਹ ਵੀ ਪੂਰਾ ਹੋ ਜਾਵੇਗਾ। ਸਮੁੱਚੇ ਤੌਰ ਤੇ ਸਿੱਖ ਭਾਈਚਾਰਾ ਪ੍ਰਧਾਨ ਮੰਤਰੀ ਮੋਦੀ ਵਲੋਂ ਲਏ ਗਏ ਫੈਸਲਿਆਂ ਤੇ ਖ਼ੁਸ਼ ਹੈ।



## ਬਰਨਾਲੇ ਦੀ ਕੁੜੀ ਨੇ ਅਨੂਠਾ ਵਿਆਹ ਕਰਵਾਇਆ

**ਬਰਨਾਲਾ/ਏਟੀ ਨਿਊਜ਼ :**
ਪ੍ਰਜਾਪਿਤਾ ਬ੍ਰਹਮਕੁਮਾਰੀ ਇਸ਼ਵਰੀ ਵਿਸ਼ਵ ਵਿਦਿਆਲਿਆ ਬ੍ਰਹਮਕੁਮਾਰੀ ਆਸ਼ਰਮ ਵਿਚ ਸੁਮਨ ਨਾਮ ਦੀ ਲੜਕੀ ਨੇ ਸ਼ਿਵ ਲਿੰਗ ਨਾਲ ਪੂਰੇ ਰੀਤੀ ਰਿਵਾਜ ਨਾਲ ਵਿਆਹ ਕਰਵਾਇਆ। ਲੜਕੀ ਨੇ ਪਹਿਲਾਂ ਸ਼ਿਵ ਲਿੰਗ ਨੂੰ ਵਰਮਾਲਾ ਪਹਿਨਾਈ ਤੇ ਫਿਰ ਸੱਤ ਫੇਰੇ ਲੈ ਕੇ ਭਗਵਾਨ ਸ਼ਿਵ ਨੂੰ ਵਰ ਦੇ ਰੂਪ ਵਿਚ ਪ੍ਰਾਪਤ ਕੀਤਾ। ਇਸ ਮੌਕੇ ਬ੍ਰਹਮਕੁਮਾਰੀ ਪ੍ਰਚਾਰਕਾਂ ਤੋਂ ਇਲਾਵਾ ਲੜਕੀ ਦੇ ਪਰਿਵਾਰਕ ਮੈਂਬਰ ਤੇ ਪਿੰਡ ਦੇ ਲੋਕ ਵੀ ਮੌਜੂਦ ਸਨ। ਵਿਆਹ ਵਿਚ ਮੌਜੂਦ ਬ੍ਰਹਮਕੁਮਾਰੀ ਪ੍ਰਚਾਰਕਾਂ ਨੇ ਕਿਹਾ ਕਿ ਇਸ ਵਿਆਹ ਜ਼ਰੀਏ ਇਨਸਾਨ ਖੁਦ ਨੂੰ ਸ਼ਿਵ ਦੇ ਚਰਨਾਂ ਵਿਚ ਪੂਰਨ ਤੌਰ 'ਤੇ ਸਮਰਪਿਤ ਕਰ ਦਿੰਦਾ ਹੈ ਤੇ ਸੰਸਾਰਿਕ ਮੋਹ ਮਾਇਆ ਤੋਂ ਪਰੇ ਹੋ ਜਾਂਦਾ ਹੈ।

# ਸਮੁੱਚੇ ਸਿੱਖ ਰਾਜਸੀ ਕੈਦੀ ਰਿਹਾਅ ਕੀਤੇ ਜਾਣ : ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ

**ਲੰਡਨ/ਏਟੀ ਨਿਊਜ਼ :** ਬਰਤਾਨੀਆ ਵਿੱਚ ਅਜ਼ਾਦ ਸਿੱਖ ਰਾਜ ਖਾਲਿਸਤਾਨ ਲਈ ਸੰਘਰਸ਼ੀਲ ਸਿੱਖ ਜਥੇਬੰਦੀਆਂ ਦੇ ਸਾਂਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਵਲੋਂ ਭਾਰਤ ਸਮੇਤ ਦੇਸ਼ ਵਿਦੇਸ਼ ਦੀਆਂ ਜੇਲ੍ਹਾਂ ਵਿੱਚ ਬੰਦ ਸਮੁੱਚੇ ਸਿੰਘਾਂ ਦੀਆਂ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਦੀ ਪ੍ਰਸੰਸਾ ਕਰਦਿਆਂ ਉਹਨਾਂ ਦੀ ਕੁਰਬਾਨੀ ਨੂੰ ਸਿਜਦਾ ਕੀਤਾ ਗਿਆ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਵਲੋਂ ਆਖਿਆ ਗਿਆ ਹੈ ਕਿ ਸਾਰੇ ਹੀ ਰਾਜਸੀ ਕੈਦੀ ਸਿੱਖਾਂ ਦੀ ਰਿਹਾਈ ਹੋਣੀ ਚਾਹੀਦੀ ਹੈ। ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਜਗਤਾਰ ਸਿੰਘ ਹਵਾਰਾ, ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਹਰਨੇਕ ਸਿੰਘ ਭੱਪ, ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਅਤੇ ਭਾਈ ਦਿਆ ਸਿੰਘ ਲਾਹੌਰੀਆ ਵਰਗੇ ਸਿੰਘ ਦੋ ਤੋਂ ਢਾਈ ਦਹਾਕਿਆਂ ਦਾ ਸਮਾਂ ਜੇਲ੍ਹਾਂ ਵਿਚ ਬਤੀਤ ਕਰ ਚੁੱਕੇ ਹਨ ਅਤੇ ਉਹ ਹਰ ਤਰਾਂ ਨਾਲ ਰਿਹਾਈ ਦੇ ਹੱਕਦਾਰ ਹਨ। ਪਿਛਲੇ 27 ਸਾਲਾਂ ਤੋਂ ਜੇਲ੍ਹ ਵਿਚ ਬੰਦ ਭਾਈ ਲਾਲ ਸਿੰਘ ਅਕਾਲਗੜ੍ਹ ਸਮੇਤ ਕੁੱਝ ਸਿੰਘਾਂ ਦੀ ਰਿਹਾਈ ਦੀ ਖਬਰ ਨੂੰ ਸਿੱਖ ਹਲਕਿਆਂ ਵਿਚ ਜਿੱਥੇ ਸਵਾਗਤਯੋਗ ਮੰਨਿਆ ਜਾ ਰਿਹਾ ਹੈ, ਉੱਥੇ ਹਾਲ ਹੀ ਦੌਰਾਨ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਇਲਾਕਿਆਂ ਵਿਚ ਡਰੋਨ ਦੇ ਬਹਾਨੇ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਨੂੰ ਡੂੰਘੀ ਚਿੰਤਾ ਦਾ ਸੰਕੇਤ ਸਮਝਿਆ ਜਾ ਰਿਹਾ ਹੈ। ਜਿਕਰਯੋਗ ਹੈ ਕਿ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣਨ ਮਗਰੋਂ ਪੰਜ ਦਰਜਨ ਤੋਂ ਵੱਧ ਸਿੱਖਾਂ ਨੂੰ ਵੱਖ ਵੱਖ ਸੰਗੀਨ ਧਾਰਾਵਾਂ ਤਹਿਤ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ, ਇੱਥੋਂ ਤਕ ਕਿ ਕੇਵਲ ਕਿਤਾਬਾਂ ਰੂਪੀ ਸਾਹਿਤ ਰੱਖਣ ਦੇ ਦੋਸ਼ ਵਿਚ ਉਮਰ ਕੈਦਾਂ ਦੀਆਂ ਸਜਾਵਾਂ ਸੁਣਾਈਆਂ ਜਾ ਚੁੱਕੀਆਂ ਹਨ ਜੋ ਕਿ ਬੇਹੱਦ ਨਿੰਦਣਯੋਗ ਵਰਤਾਰਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਸਾਲਾ ਪ੍ਰਕਾਸ਼ ਪੁਰਬ ਮੌਕੇ ਸਮੁੱਚੇ ਸਿੱਖਾਂ ਦੀ ਰਿਹਾਈ ਹੋਣੀ ਚਾਹੀਦੀ ਹੈ ਕਿਉਂਕਿ ਜੇਲ੍ਹਾਂ ਵਿੱਚ ਬੰਦ ਸਿੰਘ ਆਪਣੇ ਕਿਸੇ ਨਿੱਜੀ ਝਗੜੇ ਕਾਰਨ ਸੰਘਰਸ਼ ਵਿਚ ਨਹੀਂ ਕੁੱਦੇ, ਬਲਕਿ ਸਰਕਾਰ ਵਲੋਂ ਸਿੱਖ ਕੌਮ 'ਤੇ ਜ਼ੁਲਮ ਅਰੰਭ ਕੀਤਾ ਗਿਆ ਸੀ। ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ 'ਤੇ ਟੈਂਕਾਂ ਅਤੇ ਤੋਪਾਂ ਨਾਲ ਅੱਤ ਵਹਿਸ਼ੀ ਹਮਲਾ ਕੀਤਾ ਗਿਆ ਅਤੇ ਸਿੱਖ ਕੌਮ ਨੇ ਖਾਲਿਸਤਾਨ ਦੇ ਨਿਸ਼ਾਨੇ ਨੂੰ ਮੁੱਖ ਰੱਖਦਿਆਂ ਕੌਮੀ ਅਜਾਦੀ ਦਾ ਸੰਘਰਸ਼ ਆਰੰਭਿਆ ਹੈ ਜੋ ਕਿ ਫਤਿਹ ਤਕ ਜਾਰੀ ਰਹਿਣਾ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵਲੋਂ ਜਾਰੀ ਪ੍ਰੈੱਸ ਬਿਆਨ ਵਿਚ ਸਰਕਾਰ ਦੇ ਦੋਹਰੇ ਕਿਰਦਾਰ ਦੀ ਨਿਖੇਧੀ ਕੀਤੀ ਗਈ। ਮਿਸਾਲ ਵਜੋਂ ਪੰਜਾਬ ਦੀ ਕਾਂਗਰਸੀ ਸਰਕਾਰ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਦੇ ਕੇਸ ਕੇਂਦਰੀ ਜਾਂਚ ਏਜੰਸੀ (ਐਨਆਈਏ ) ਹਵਾਲੇ ਕਰ ਦਿੱਤੇ ਜਾਂਦੇ ਹਨ ਅਤੇ ਬਾਅਦ ਵਿਚ ਪੰਜਾਬ ਤੋਂ ਦੂਰ ਦਿੱਲੀ ਦੀਆਂ ਜੇਲ੍ਹਾਂ ਵਿਚ ਬਦਲ ਦਿੱਤਾ ਜਾਂਦਾ ਹੈ, ਤਾਂ ਕਿ ਅਜਾਦੀ ਪਸੰਦ ਸਿੱਖਾਂ ਵਿਚ ਦਹਿਸ਼ਤ ਪੈਦਾ ਕੀਤੀ ਜਾ ਸਕੇ। ਗੌਰਤਲਬ ਹੈ ਕਿ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੱਗੀ ਜੌਹਲ, ਭਾਈ ਹਰਦੀਪ ਸਿੰਘ ਸ਼ੇਰਾ ਅਤੇ ਭਾਈ ਰਮਨਦੀਪ ਸਿੰਘ ਬੱਗਾ ਸਮੇਤ ਦਸ ਸਿੱਖ ਨੌਜਵਾਨਾਂ ਨੂੰ ਪੰਜਾਬ ਤੋਂ ਦਿੱਲੀ ਦੀਆਂ ਜੇਲ੍ਹਾਂ ਵਿਚ ਬੰਦ ਕਰਨ ਮਗਰੋਂ ਭਾਰਤ ਦੇ ਗ੍ਰਹਿ ਮੰਤਰਾਲੇ ਵਲੋਂ, ਉਹਨਾਂ ਨੂੰ ਦਿੱਲੀ ਤੋਂ ਬਾਹਰ ਲਿਜਾਣ 'ਤੇ ਰੋਕ ਲਗਾ ਦਿੱਤੀ ਗਈ ਹੈ ਪਰ ਦੂਜੇ ਪਾਸੇ ਹਿੰਦੂ ਬਹੁਗਿਣਤੀ ਨਾਲ ਸਬੰਧਤ ਲੋਕਾਂ ਦੀ ਹਰ ਤਰ੍ਹਾਂ ਨਾਲ ਪੁਸ਼ਤ ਪਨਾਹੀ ਕੀਤੀ ਜਾ ਰਹੀ ਹੈ। ਸਾਧਵੀ ਪ੍ਰਗਿੱਆ ਠਾਕੁਰ ਸਮੇਤ ਅਨੇਕਾਂ ਹਿੰਦੂਤਵੀ ਅੱਤਵਾਦੀ ਸਬੂਤ ਹੋਣ ਦੇ ਬਾਵਜੂਦ ਰਿਹਾਅ ਕੀਤੇ ਜਾ ਚੁੱਕੇ ਹਨ। ਇਸੇ ਤਰ੍ਹਾਂ ਪੰਜਾਬ ਵਿੱਚ ਸਰਕਾਰੀ ਵਰਦੀਧਾਰੀਆਂ ਨੂੰ ਸਿੱਖਾਂ ਨੂੰ ਸ਼ਹੀਦ ਕਰਨ ਦੇ ਮਾਮਲੇ ਵਿੱਚ ਦਿੱਤੀਆਂ ਗਈਆਂ ਉਮਰ ਕੈਦ ਦੀਆਂ ਸਜ਼ਾਵਾਂ ਪੰਜ ਸੱਤ ਸਾਲ ਵਿਚ ਹੀ ਪੂਰੀਆਂ ਕਰਕੇ ਰਿਹਾਅ ਕੀਤਾ ਜਾ ਰਿਹਾ ਹੈ ਪਰ ਸਿੱਖਾਂ ਦੀਆਂ ਉਮਰ ਕੈਦਾਂ ਮੁੱਕਣ ਵਿਚ ਹੀ ਨਹੀਂ ਆ ਰਹੀਆਂ।



# ਝੂਠੇ ਡਰੱਗ ਕੇਸ 'ਚ ਫਸਾਉਣ ਵਾਲੇ ਪੁਲਸੀਏ ਸਸਪੈਂਡ

**ਹੁਸ਼ਿਆਰਪੁਰ/ਏਟੀ ਨਿਊਜ਼ :** ਇਥੋਂ ਦੇ ਮਾਹਿਲਪੁਰ ਇਲਾਕੇ ਦੇ ਪਿੰਡ ਪੈਂਸਰਾਂ ਵਿੱਚ ਇੱਕ ਦੁਕਾਨਦਾਰ ਬਹਾਦਰ ਰਾਮ ਦੀ ਦੁਕਾਨ ਵਿੱਚ ਹੁਸ਼ਿਆਰਪੁਰ ਤੋਂ ਨਾਰਕੋਟਿਕ ਸੈੱਲ ਦੇ ਕੁਝ ਮੁਲਾਜ਼ਮ ਚਿੱਟੇ ਦੀ ਭਾਲ ਵਿੱਚ ਛਾਪਾ ਮਾਰਨ ਆਏ ਸਨ। ਪਰ ਪਿੰਡ ਵਾਸੀਆਂ ਨੇ ਇਨ੍ਹਾਂ ਮੁਲਾਜ਼ਮਾਂ ਤੇ ਦੁਕਾਨ ਵਿੱਚ ਖ਼ੁਦ ਹੀ ਚਿੱਟਾ ਰੱਖ ਕੇ ਰੇਡ ਕਰਨ ਦਾ ਦੋਸ਼ ਲਗਾਉਂਦੇ ਹੋਏ ਉਨ੍ਹਾਂ ਨੂੰ ਘੇਰ ਲਿਆ ਸੀ। ਇਸ ਤੇ ਮਾਹਿਲਪੁਰ ਅਤੇ ਨਜ਼ਦੀਕੀ ਥਾਣਿਆਂ ਤੋਂ ਪੁਲਿਸ ਨੇ ਜਾ ਕੇ ਉਪਰੋਕਤ ਮੁਲਾਜ਼ਮਾਂ ਨੂੰ ਛੁਡਵਾ ਲਿਆਂਦਾ ਜਦਕਿ ਇਕ ਕਾਰ ਉੱਥੇ ਹੀ ਰਹਿ ਗਈ ਜੋ ਕਿ ਇੰਸਪੈਕਟਰ ਦਿਲਬਾਗ ਸਿੰਘ ਦੀ ਦੱਸੀ ਜਾਂਦੀ ਹੈ। ਜਦੋਂ ਅਗਲੇ ਦਿਨ ਪੁਲੀਸ ਵਾਲੇ ਉਪਰੋਕਤ ਕਾਰ ਲੈਣ ਲਈ ਪਿੰਡ ਪੈਂਸਰਾ ਵਿੱਚ ਪਹੁੰਚੇ ਤਾਂ ਪਿੰਡ ਵਾਸੀਆਂ ਨੇ ਪੁਲਿਸ ਅੱਗੇ ਮੰਗ ਰੱਖੀ ਕਿ ਪਿੰਡ ਵਾਸੀਆਂ ਦੇ ਸਾਹਮਣੇ ਕਾਰ ਦੀ ਤਲਾਸ਼ੀ ਲਈ ਜਾਵੇ, ਪਿੰਡ ਵਾਸੀਆਂ ਦੀ ਜ਼ਿੱਦ ਨੂੰ ਦੇਖਦੇ ਹੋਏ ਜਦੋਂ ਪੁਲੀਸ ਨੇ ਪਿੰਡ ਵਾਸੀਆਂ ਦੀ ਹਾਜ਼ਰੀ ਵਿੱਚ ਤਲਾਸ਼ੀ ਲਈ ਤਾਂ ਇਸ ਕਾਰ ਵਿੱਚੋਂ ਕਾਫ਼ੀ ਸਾਰਾ ਸਮਾਨ ਬਰਾਮਦ ਕੀਤਾ ਗਿਆ। ਪਿੰਡ ਵਾਸੀਆਂ ਨੇ ਦੋਸ਼ ਲਗਾਇਆ ਹੈ ਕਿ ਇਹ ਨਾਰਕੋਟਿਕ ਸੈੱਲ ਵਾਲੇ ਖੁਦ ਹੀ ਇਹ ਸਾਮਾਨ ਰੱਖ ਕੇ ਲੋਕਾਂ 'ਤੇ ਕੇਸ ਪਾ ਦਿੰਦੇ ਹਨ। ਐਸਐਚਓ ਇਕਬਾਲ ਸਿੰਘ ਨੇ ਜਾਣਕਾਰੀ ਦਿੱਤੀ ਹੈ ਕਿ ਨਾਰਕੋਟਿਕ ਸੈੱਲ ਦੀ ਟੀਮ ਦੇ ਇੰਚਾਰਜ ਦਿਲਬਾਗ ਸਿੰਘ ਦੀ ਕਾਰ ਵਿੱਚੋਂ ਉਪਰੋਕਤ ਸਾਮਾਨ ਮਿਲਣ ਕਾਰਨ ਉਨ੍ਹਾਂ ਤੇ ਵੱਖ ਵੱਖ ਧਾਰਾਵਾਂ ਅਧੀਨ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਦ ਕਿ ਐੱਸਐੱਸਪੀ ਗੌਰਵ ਗਰਗ ਨੇ ਸਬ ਇੰਸਪੈਕਟਰ ਦਿਲਬਾਗ ਸਿੰਘ ਸਮੇਤ ਨਾਰਕੋਟਿਕ ਸੈੱਲ ਦੇ 6 ਮੁਲਾਜ਼ਮਾਂ ਏਐੱਸਆਈ ਹਰੀਸ਼ ਕੁਮਾਰ, ਏਐੱਸਆਈ ਗੁਰਮੀਤ ਸਿੰਘ, ਰਾਕੇਸ਼ ਕੁਮਾਰ, ਧਰਮਿੰਦਰ ਸਿੰਘ ਅਤੇ ਮਹਿਲਾ ਮੁਲਾਜ਼ਮ ਰਾਜਵੀਰ ਕੌਰ ਨੂੰ ਮੁਅੱਤਲ ਕਰ ਦਿੱਤਾ ਹੈ। ਇਸ ਪਿੰਡ ਦੇ ਪੁਲਿਸ ਮੁਲਾਜ਼ਮ ਅਵਤਾਰ ਸਿੰਘ ਨੂੰ ਵੀ ਸਸਪੈਂਡ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਇਸ ਵਿਅਕਤੀ ਦੇ ਕਹਿਣ ਤੇ ਹੀ ਇਹ ਸਾਰਾ ਕੁਝ ਹੋ ਰਿਹਾ ਸੀ।

# ਸ਼੍ਰੋਮਣੀ ਅਕਾਲੀ ਦਲ (ਅ) ਵਲੋਂ ਯੂਬਾ ਸਿਟੀ ਦੇ ਨਗਰ ਕੀਰਤਨ 'ਚ ਸਮੁੱਚੇ ਸ਼ਹੀਦਾਂ ਅਤੇ ਖਾਲਿਸਤਾਨ ਨੂੰ ਸਮਰਪਤ ਫਲੋਟ ਲਾਇਆ ਜਾਏਗਾ

**ਸ਼ਿਕਾਗੋ/ਮੱਖਣ ਸਿੰਘ ਕਲੇਰ :** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਵਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਹੈ ਕਿ ਕੈਲੀਫੋਰਨੀਆ ਦੇ ਸ਼ਹਿਰ ਯੂਬਾ ਸਿਟੀ (ਮਿੰਨੀ ਪੰਜਾਬ) ਵਿਚ ਹਰ ਸਾਲ ਨਵੰਬਰ ਦੇ ਪਹਿਲੇ ਹਫਤੇ ਕੱਢੇ ਜਾਂਦੇ ਨਗਰ ਕੀਰਤਨ ਵਿਚ ਹਾਜ਼ਰੀ ਭਰਨ ਵਾਸਤੇ ਪਾਰਟੀ ਵਲੋਂ ਫਲੋਟ ਲਾਇਆ ਜਾਏਗਾ, ਜੋ ਕਿ ਸਮੁੱਚੇ ਸ਼ਹੀਦਾਂ ਅਤੇ ਖਾਲਿਸਤਾਨ ਨੂੰ ਸਮਰਪਤ ਹੋਏਗਾ। ਬਿਆਨ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਵਿੱਚੋਂ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਇਥੇ ਪਹੁੰਚੇਗੀ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਹੈ ਕਿ ਪਾਕਿਸਤਾਨ ਵਿਚ ਗੁਰੂ ਨਾਨਕ ਦੇਵ ਜੀ ਦੇ ੫੫੦ਵੇਂ ਪ੍ਰਕਾਸ਼ ਦਿਹਾੜੇ ਨਾਲ ਸਬੰਧਤ ਹੋ ਰਹੇ ਸਮਾਗਮਾਂ ਵਿਚ ਵੀ ਪਾਰਟੀ ਵਲੋਂ ਸ਼ਿਰਕਤ ਕੀਤੀ ਜਾਏਗੀ। ਯੂਬਾ ਸਿਟੀ ਦੇ ਨਗਰ ਕੀਰਤਨ ਵਿਚ ਪਾਰਟੀ ਦੇ ਫਲੋਟ ਦੀ ਅਗਵਾਈ ਪ੍ਰਧਾਨ ਸ. ਤਰਸੇਮ ਸਿੰਘ, ਸੀਨੀਅਰ ਮੈਂਬਰ ਰਮਿੰਦਰਜੀਤ ਸਿੰਘ ਮਿੰਟੂ ਤੇ ਯੂਥ ਦੇ ਪ੍ਰਧਾਨ ਅਰਵਿੰਦਰ ਸਿੰਘ ਕਰਨਗੇ। ਇਹ ਬਿਆਨ ਪਾਰਟੀ ਪ੍ਰਧਾਨ ਸ. ਸੁਰਜੀਤ ਸਿੰਘ ਕੁਲਾਰ, ਕਨਵੀਨਰ ਬੂਟਾ ਸਿੰਘ ਖੜੌਦ, ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ, ਸਕੱਤਰ ਜਨਰਲ ਰੁਪਿੰਦਰ ਸਿੰਘ ਬਾਠ ਅਤੇ ਜਨਰਲ ਸਕੱਤਰ ਮੱਖਣ ਸਿੰਘ ਕਲੇਰ ਵਲੋਂ ਜਾਰੀ ਕੀਤਾ ਗਿਆ ਹੈ।


When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!


Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834



CIS CALIFORNIA IMMIGRATION SERVICES
(Registered & Bonded)
> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT


> BUSINESS / VISITOR VISA
> STUDENT VISA
> RELIGIOUS VISA
> U.K. VISA
> CANADA VISA & P.R.

Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ


ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਰਿਓ ਲਿੰਡਾ ਸੈਕਰਾਮੈਂਟੋ ਦਾ 27ਵਾਂ ਸਥਾਪਨਾ ਦਿਵਸ ਮਨਾਇਆ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ, ਸੈਕਰਾਮੈਂਟੋ ਦਾ 27ਵਾਂ ਸਥਾਪਨਾ ਦਿਵਸ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸ਼ਰਧਾ ਨਾਲ ਮਨਾਇਆ ਗਿਆ। ਇਸ ਦੌਰਾਨ ਸ੍ਰੀ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਦੀ ਸੇਵਾ ਸ੍ਰੀ ਜਸਵੰਤ ਸਿੰਘ ਸ਼ੀਮਾਰ, ਬੀਬੀ ਕੁਲਵਿੰਦਰ ਕੌਰ ਸ਼ੀਮਾਰ ਅਤੇ ਪਰਿਵਾਰ ਵਲੋਂ ਕੀਤੀ ਗਈ। ਭਾਈ ਅੰਮ੍ਰਿਤਪਾਲ ਸਿੰਘ ਜੀ ਸੰਗਰੂਰ ਵਾਲੇ ਅਤੇ ਗੁਰੂਘਰ ਦੇ ਹਜ਼ੂਰੀ ਰਾਗੀ ਜਥੇ (ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ) ਵਲੋਂ ਸੰਗਤਾਂ



ਨੂੰ ਕੀਰਤਨ ਨਾਲ ਨਿਹਾਲ ਕੀਤਾ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਵੇਰੇ 10 ਵਜੇ ਪਾਏ ਗਏ। ਇਸ ਉਪਰੰਤ ਭਾਈ ਤਾਜਵਿੰਦਰ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਗੁਰੂਘਰ ਦੇ ਹਜ਼ੂਰੀ ਰਾਗੀ ਜਥੇ ਅਤੇ ਬੱਚਿਆਂ ਵਲੋਂ ਕੀਰਤਨ ਦਿਵਾਨ ਸਜਾਏ ਗਏ। ਇਸ ਮੌਕੇ ਸੇਵਕ ਪਰਿਵਾਰਾਂ ਨੂੰ ਸੇਵਾਵਾਂ ਦੇ ਲਈ ਸਿਰੋਪਾਉ ਸਾਹਿਬ ਭੇਟ ਕੀਤੇ ਗਏ। ਜਿਨ੍ਹਾਂ ਪਰਿਵਾਰਾਂ ਨੇ ਗੁਰੂਘਰ ਦੀਆਂ ਨਵੀਆਂ ਉਸਾਰੀ ਅਧੀਨ ਇਮਾਰਤਾਂ ਲਈ ਮਾਇਆ ਦਾ ਯੋਗਦਾਨ ਪਾਇਆ, ਉਨ੍ਹਾਂ ਨੂੰ ਵੀ ਗੁਰੂਘਰ ਵਲੋਂ ਸਿਰੋਪਾਉ ਸਾਹਿਬ ਅਤੇ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਇਸ ਸ਼ੁਭ ਮੌਕੇ 'ਤੇ ਸੈਕਰਾਮੈਂਟੋ ਕਾਉਂਟੀ ਸੁਪਰਵਾਈਜ਼ਰ ਬੀਬੀ ਸੂ ਫਰੋਸਟ ਖ਼ਾਸ ਤੌਰ 'ਤੇ ਪਹੁੰਚੇ। ਬੀਬੀ ਸੂ ਫਰੋਸਟ ਨੂੰ ਉਨ੍ਹਾਂ ਵਲੋਂ ਗੁਰੂਘਰ ਦੀਆਂ ਨਵੀਆਂ ਉਸਾਰੀ ਅਧੀਨ ਇਮਾਰਤਾਂ ਵਿੱਚ ਦਿੱਤੇ ਗਏ ਯੋਗਦਾਨ ਲਈ ਸੰਗਤਾਂ, ਮੌਜੂਦਾ ਪ੍ਰਬੰਧਕ ਕਮੇਟੀ ਅਤੇ ਸਾਬਕਾ ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ ਵਲੋਂ ਸਿਰੋਪਾਉ ਸਾਹਿਬ ਬਖਸ਼ਿਸ਼ ਕੀਤੇ ਗਏ। ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰਾਂ ਦੀ ਸੇਵਾ ਸ਼ੁਭਾਸ ਬੰਗਾ, ਜਸਵਿੰਦਰ ਬੰਗਾ ਅਤੇ ਅਵਤਾਰ ਜੱਸਲ ਅਤੇ ਪਰਿਵਾਰਾਂ ਵਲੋਂ ਹੋਈ। ਵੱਖ-ਵੱਖ ਬੁਲਾਰਿਆਂ ਨੇ ਅਤੇ ਬੱਚਿਆਂ ਨੇ ਗੁਰੂਘਰ ਦੇ ਸਥਾਪਨਾ ਦਿਵਸ ਮੌਕੇ ਫਾਊਂਡਰ ਮੈਂਬਰਾਂ ਨੂੰ ਉਨ੍ਹਾਂ ਦੀ ਇਸ ਮਹਾਨ ਦੇਣ ਲਈ ਯਾਦ ਕੀਤਾ। ਸ੍ਰੀ ਅਜੈ ਪੜਵੱਗਾ ਜੀ ਦੇ ਯਤਨਾਂ ਸਦਕਾ ਇਹ ਸਮਾਗਮ ਵੱਖ ਵੱਖ ਫੇਸਬੁੱਕ ਅਤੇ ਯੂਟਿਊਬ ਚੈਨਲਾਂ 'ਤੇ ਸਿੱਧੇ ਪ੍ਰਸਾਰਿਤ ਕੀਤੇ ਗਏ। ਸ੍ਰੀ ਬਲਜੀਤ ਸਿੰਘ ਕਾਹਮਾ ਨੇ ਸਟੇਜ ਦੀ ਸੇਵਾ ਬਾਖੂਬੀ ਨਿਭਾਈ। ਇਸ ਦੌਰਾਨ ਸੰਗਤਾਂ ਨੂੰ ਗੁਰੂਘਰ ਦੀਆਂ ਇਮਾਰਤਾਂ ਦੀ ਉਸਾਰੀ ਵਿਚ ਤਨ-ਮਨ ਅਤੇ ਧਨ ਨਾਲ ਸੇਵਾਵਾਂ ਲਈ ਬੇਨਤੀ ਵੀ ਕੀਤੀ ਗਈ।

# ਕਾਂਗਰਸ ਲਾਇਬ੍ਰੇਰੀ ਵਿਚ ਮਹਾਤਮਾ ਗਾਂਧੀ ਦਾ 150ਵਾਂ ਜਨਮ ਦਿਨ ਮਨਾਇਆ

**ਵਾਸ਼ਿੰਗਟਨ ਡੀਸੀ/ਗਿੱਲ :** ਭਾਰਤੀ ਅੰਬੈਸੀ ਵੱਲੋਂ ਮਹਾਤਮਾ ਗਾਂਧੀ ਦਾ 150ਵਾਂ ਜਨਮ ਦਿਹਾੜਾ ਕਾਂਗਰਸ ਲਾਇਬ੍ਰੇਰੀ ਦੇ ਹਾਲ ਵਿਚ ਅਯੋਜਿਤ ਕੀਤਾ ਗਿਆ ਹੈ। ਜਿਥੇ ਮੁੱਖ ਮਹਿਮਾਨ ਵਜੋ ਸਪੀਕਰ ਆਫ ਦੀ ਹਾਊਸ ਨੈਨਸੀ ਪੈਲੋਸੀ ਹਾਜ਼ਰ ਹੋਈ ਸੀ। ਭਾਰਤ ਦੇ ਵਿਦੇਸ਼ ਮੰਤਰੀ ਜੈ ਸ਼ੰਕਰ ਵੀ ਗੈਸਟ ਆਫ ਆਨਰ ਵਜੋਂ ਸ਼ਾਮਲ ਹੋਏ ਸਨ। ਸਮਾਗਮ ਦੀ ਸ਼ੁਰੂਆਤ ਭਾਰਤੀ ਅੰਬੈਸਡਰ ਹਰਸ਼ ਵਰਧਨ ਸ਼ਰਿੰਗੈਲਾ ਦੇ ਸੰਬੋਧਨ ਨਾਲ ਕੀਤੀ ਗਈ, ਜਿਨ੍ਹਾਂ ਨੇ ਕਿਹਾ ਕਿ ਮਹਾਤਮਾ ਗਾਂਧੀ ਤੇ ਮਾਰਟਿਨ ਲੂਥਰ ਕਿੰਗ ਜੂਨੀਅਰ ਸ਼ਾਂਤੀ ਦੇ ਪ੍ਰਤੀਕ ਸਨ, ਜਿਨ੍ਹਾਂ ਨੇ ਡੈਮੋਕਰੇਸੀ ਦੀਆਂ ਕਦਰਾਂ ਕੀਮਤਾਂ ਨੂੰ ਦੁਨੀਆ ਦੇ ਨਕਸ਼ੇ 'ਤੇ ਉਭਾਰਿਆ ਹੈ। ਭਾਰਤੀ ਵਿਦੇਸ਼ ਮੰਤਰੀ ਜੈ ਸ਼ੰਕਰ ਨੇ ਕਿਹਾ ਕਿ ਮਹਾਤਮਾ ਗਾਂਧੀ ਰਾਸ਼ਟਰ ਪਿਤਾ ਹਨ। ਉਨ੍ਹਾਂ ਸ਼ਾਂਤੀ ਅੰਦੋਲਨਾਂ ਨਾਲ ਭਾਰਤੀ ਅਜ਼ਾਦੀ ਨੂੰ ਅੰਜਾਮ ਦਿੱਤਾ ਹੈ। ਅੱਜ ਭਾਰਤ ਹਰ ਖੇਤਰ ਵਿੱਚ ਵਿਕਸਤ ਹੋ ਰਿਹਾ ਹੈ। ਹਿੰਦੁਸਤਾਨ ਵਿਸ਼ਵ ਦਾ ਦਰਪਣ ਬਣ ਗਿਆ ਹੈ, ਜਿਸ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਅਹਿਮ ਯੋਗਦਾਨ ਹੈ। ਮੁੱਖ ਮਹਿਮਾਨ ਨੈਨਸੀ





ਪੇਲੋਸੀ ਨੇ ਕਿਹਾ ਕਿ ਭਾਰਤ ਤੇ ਅਮਰੀਕਾ ਦਾ ਰਿਸ਼ਤਾ ਮਜ਼ਬੂਤ ਸਬੰਧਾਂ ਵਜੋ ਜਾਣਿਆਂ ਜਾਂਦਾ ਹੈ। ਉਬਾਮਾ ਭਾਰਤ ਦੇ ਗਣਤੰਤਰ ਦਿਵਸ 'ਤੇ ਵਿਸ਼ੇਸ਼ ਮਹਿਮਾਨ ਵਜੋਂ ਗਏ ਸਨ ਜੋ ਬਿਹਤਰ ਸਬੰਧਾਂ ਦੀ ਮਿਸਾਲ ਬਣੇ।ਉਨ੍ਹਾਂ ਕਿਹਾ ਕਿ ਮੈਂ ਖੁਦ ਵੀ ਭਾਰਤ ਜਾ ਕੇ ਉੱਥੋਂ ਦੀ ਸੰਸਕ੍ਰਿਤੀ ਦਾ ਨਿੱਘ ਮਾਣਿਆ ਹੈ। ਅੱਜ ਭਾਰਤ ਅਮਰੀਕਾ ਦਾ ਗੂੜ੍ਹਾ ਮਿੱਤਰ ਹੈ। ਉਨ੍ਹਾਂ ਕਿਹਾ ਕਿ ਮਹਾਤਮਾ ਗਾਂਧੀ ਮਾਰਟਿਨ ਲੂਥਰ ਕਿੰਗ ਜੂਨੀਅਰ ਦੇ ਪ੍ਰੇਰਨਾ ਸਰੋਤ ਸਨ, ਜਿਸ ਕਰਕੇ ਉਹ ਮਹਾਤਮਾ ਗਾਂਧੀ ਨੂੰ ਆਪਣਾ ਮਸੀਹਾ ਮੰਨਦੇ ਸਨ। ਅਖੀਰ ਵਿਚ ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਨੈਨਸੀ ਪੇਲੋਸੀ ਨੂੰ ਮਿਲੇ। ਉਨ੍ਹਾਂ ਕਿਹਾ ਕਿ ਟਰੰਪ ਨੂੰ ਇੰਮਪੀਚ ਕਰਨ ਦਾ ਡਰਾਮਾ ਨਾ ਰਚਿਆ ਜਾਵੇ। ਇਸ ਨਾਲ ਵੋਟਰਾਂ ਵਿਚ ਕਾਫ਼ੀ ਸਹਿਮ ਬਣਿਆ ਹੋਇਆ ਹੈ। ਭਾਰਤੀ ਵਿਦੇਸ਼ ਮੰਤਰੀ ਜੈ ਸ਼ੰਕਰ ਦਾ ਧੰਨਵਾਦ ਕਰਦੇ ਹੋਏ ਜੱਸੀ ਸਿੰਘ ਨੇ ਕਿਹਾ ਕਿ ਤੁਹਾਡੇ ਵਧੀਆ ਫ਼ੈਸਲਿਆਂ ਕਰਕੇ ਸਿੱਖ ਕਮਿਊਨਟੀ ਕਾਫ਼ੀ ਖੁਸ਼ ਹੈ। ਜੱਸੀ ਸਿੰਘ ਨੇ ਵਿਦੇਸ਼ ਮੰਤਰੀ ਨੂੰ ਸਿੱਖ ਕਮਿਊਨਿਟੀ ਤਰਫੋਂ ਪੂਰਨ ਭਰੋਸਾ ਦਿੱਤਾ। ਇਸ ਸਮੇਂ ਜੱਸੀ ਸਿੰਘ ਨਾਲ ਸਿੱਖਸ ਆਫ ਅਮਰੀਕਾ ਸੰਸਥਾ ਦੇ ਬੋਰਡ ਆਪ ਡਾਇਰੈਕਟਰ ਬਲਜਿੰਦਰ ਸਿੰਘ ਸ਼ੰਮੀ ਤੇ ਡਾਕਟਰ ਸੁਰਿੰਦਰ ਸਿੰਘ ਗਿੱਲ ਵੀ ਹਾਜ਼ਰ ਸਨ। ਇਸ ਸਮਾਗਮ ਦੀ ਕਾਮਯਾਬੀ ਪਿੱਛੇ ਅਨੁਰਾਗ ਕੁਮਾਰ ਕਮਿਊਨਿਟੀ ਮਨਿਸਟਰ, ਕੌਂਸਲਰ ਮਨਿਸਟਰ ਜੈ ਦੀਪ ਨਾਯਰ, ਸੁਬਰਨੋ ਅਤੇ ਨਰੇਸ਼ ਕੁਮਾਰ ਤੋਂ ਇਲਾਵਾ ਸਮੁੱਚੀ ਅੰਬੈਸੀ ਦੇ ਸਟਾਫ਼ ਦਾ ਭਰਪੂਰ ਯੋਗਦਾਨ ਸੀ। ਮੀਡੀਆ ਤੋਂ ਲਲਿਤ ਕੁਮਾਰ ਝਾਅ ਪੀਟੀਆਈ, ਸੁਰਮੁਖ ਸਿੰਘ ਮਾਣਕੂ ਟੀਵੀ ਏਸ਼ੀਆ, ਜੱਸ ਪੰਜਾਬੀ ਤੇ ਤੇਜਿੰਦਰ ਸਿੰਘ ਇੰਡੋ ਅਮਰੀਕਨ ਅਖਬਾਰ ਦੇ ਮੁੱਖ ਸੰਪਾਦਕ ਹਾਜ਼ਰ ਹੋਏ, ਜਿਨ੍ਹਾਂ ਨੇ ਪੂਰੇ ਸਮਾਗਮ ਨੂੰ ਬਾਖੂਬ ਕਵਰ ਕੀਤਾ। ਸਮੁੱਚੇ ਤੌਰ 'ਤੇ ਇਹ ਸਮਾਗਮ ਮਹਾਤਮਾ ਗਾਂਧੀ ਜੀ ਦੀ ਜੀਵਨ ਸ਼ੈਲੀ 'ਤੇ ਪੂਰਨ ਉਤਰਿਆ ਤੇ ਉਨਾਂ ਦੇ 150ਵੇਂ ਜਨਮ ਦਿਨ ਦੀ ਗੂੜ੍ਹੀ ਛਾਪ ਛੱਡ ਗਿਆ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸੰਦੀਪ ਸਿੰਘ ਧਾਲੀਵਾਲ ਦੀ ਅੰਤਿਮ ਅਰਦਾਸ ਮੈਰੀਲੈਂਡ ਗੁਰੂਘਰ ਵਿਖੇ ਆਯੋਜਿਤ

## *ਸਥਾਨਕ ਪੁਲਿਸ ਅਫਸਰ ਔਰਲੈਂਡੋ ਡੀ. ਲਿਲੀ ਨੇ ਕਾਉਂਟੀ ਪੁਲਿਸ ਵਲੋਂ ਹਾਜ਼ਰੀ ਲਗਵਾਈ*

**ਮੈਰੀਲੈਂਡ/ਸੁਰਿੰਦਰ ਸਿੰਘ ਗਿੱਲ :**
ਸਿੱਖਸ ਆਫ ਅਮਰੀਕਾ ਅਤੇ ਸਿੱਖ ਐਸੋਸੀਏਸ਼ਨ ਬਾਲਟੀਮੋਰ ਦੇ ਸਾਂਝੇ ਉਪਰਾਲੇ ਨਾਲ ਸੰਦੀਪ ਸਿੰਘ ਧਾਲੀਵਾਲ ਡਿਪਟੀ ਸ਼ੈਰਿਫ ਦੀ ਅੰਤਿਮ ਅਰਦਾਸ ਮੈਰੀਲੈਂਡ ਗੁਰਦੁਆਰਾ ਸਾਹਿਬ ਵਿਖੇ ਕਰਵਾਈ ਗਈ, ਜਿੱਥੇ ਸ਼ੁਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਤੇ ਐਤਵਾਰ ਨੂੰ ਭੋਗ ਪਾਏ ਗਏ। ਅੰਤਿਮ ਅਰਦਾਸ ਵਿਚ ਸੰਗਤਾਂ ਵਲੋਂ ਦੂਰ ਦੁਰਾਡੇ ਤੋਂ ਪਹੁੰਚ ਕੇ ਹਾਜ਼ਰੀਆਂ ਲਗਵਾਈਆਂ ਗਈਆਂ। ਵੈਰਾਗਮਈ ਕੀਰਤਨ ਉਪਰੰਤ ਮੁੱਖ ਸਖਸ਼ੀਅਤਾਂ ਵਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸਥਾਨਕ ਪੁਲਿਸ ਦੇ ਨੁਮਾਇੰਦੇ ਕੈਪਟਨ ਔਰਲੈਂਡੋ ਲਿਲੀ ਨੇ ਕਿਹਾ ਕਿ ਸੰਦੀਪ ਸਿੰਘ ਧਾਲੀਵਾਲ ਇੱਕ ਜਿੰਦਾਦਿਲ ਇਨਸਾਨ ਸਨ। ਉਨ੍ਹਾਂ ਦੀ ਬਹਾਦਰੀ ਰਹਿੰਦੀ ਦੁਨੀਆ ਤੱਕ ਕਾਇਮ ਰਹੇਗੀ। ਉਨ੍ਹਾਂ ਵਲੋਂ ਦਰਸਾਏ ਮਾਰਗ ਨੂੰ ਅਸੀਂ ਸਦਾ ਅੱਗੇ ਤੋਰਾਂਗੇ। ਪੁਲਿਸ ਮਹਿਕਮੇ ਨੂੰ ਧਾਲੀਵਾਲ 'ਤੇ ਫਖਰ ਹੈ।

ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਨੇ ਕਿਹਾ ਕਿ ਸੰਦੀਪ ਸਿੰਘ ਧਾਲੀਵਾਲ ਡਿਪਟੀ ਸ਼ੈਰਿਫ ਇਕ ਸਿੱਖ ਵੱਜੋਂ ਅਮਰੀਕੀ ਸਮਾਜ 'ਤੇ ਐਸੀ ਛਾਪ ਛੱਡ ਗਏ ਹਨ, ਜਿਸ ਦਾ ਸਾਨੀ ਕੋਈ ਅਸਾਨੀ ਨਾਲ ਨਹੀਂ ਬਣ ਸਕਦਾ। ਉਨ੍ਹਾਂ ਨੇ ਸਿੱਖੀ ਪਹਿਚਾਣ ਨੂੰ ਪੂਰੇ ਸੰਸਾਰ ਵਿਚ ਉਜਾਗਰ ਕੀਤਾ ਹੈ। ਉਹ ਜਿੰਦਾਦਿਲ ਇਨਸਾਨ ਸਨ, ਜਿਨ੍ਹਾਂ ਹਮੇਸ਼ਾ ਪੁਲਿਸ ਮਹਿਕਮੇ ਅਤੇ ਮਾਨਵਤਾ ਦੀ ਸੇਵਾ ਨੂੰ



ਪਹਿਲ ਦਿੱਤੀ। ਉਨ੍ਹਾਂ ਦੀਆਂ ਕਾਰਗੁਜ਼ਾਰੀਆਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਗੁਰਚਰਨ ਸਿੰਘ ਨੇ ਗੁਰਬਾਣੀ ਦੇ ਅਧਾਰ 'ਤੇ ਕਿਹਾ ਕਿ ਮੌਤ ਇੱਕ ਅਟੱਲ ਸਚਾਈ ਹੈ ਪਰ ਜੋ ਜਿਉਂਦੇ ਸਮੇਂ ਵਿਚ ਧਾਲੀਵਾਲ ਕਰ ਗਏ ਹਨ, ਉਹ ਸਾਡੇ ਲਈ ਪ੍ਰੇਰਨਾ ਦਾ ਸੋਮਾ ਹੈ, ਜਿਸ ਨੂੰ ਅਸੀਂ ਹਮੇਸ਼ਾ ਯਾਦ ਰੱਖਾਂਗੇ। ਆਇਸ਼ਾ ਖਾਂ ਡੈਮੋਕਰੇਟਰ ਨੇ ਕਿਹਾ ਕਿ ਸੰਦੀਪ ਸਿੰਘ ਧਾਲੀਵਾਲ ਇਨਸਾਨੀਅਤ ਨੂੰ ਪੈਗਾਮ ਦੇ ਗਏ ਹਨ, ਜਿਸ ਨੂੰ ਅਸੀਂ ਹਮੇਸ਼ਾ ਆਪਣੇ ਹਿਰਦਿਆਂ ਵਿਚ ਸਮੋਅ ਕੇ ਰੱਖਾਂਗੇ ਅਤੇ ਸਾਡੀ ਨੌਜਵਾਨ ਪੀੜ੍ਹੀ ਪੁਲਿਸ ਤੇ ਆਰਮੀ ਵਿਚ ਸੇਵਾ ਕਰਨ ਦੀ ਪ੍ਰੇਰਨਾ ਉਨ੍ਹਾਂ ਦੀ ਸ਼ਹਾਦਤ ਤੋਂ ਲੈਂਦੀ ਰਹੇਗੀ।

ਕੰਵਲਜੀਤ ਸਿੰਘ ਸੋਨੀ ਪ੍ਰਧਾਨ ਸਿੱਖਸ ਆਫ ਅਮਰੀਕਾ ਨੇ ਕਿਹਾ ਕਿ ਸੰਦੀਪ ਸਿੰਘ ਧਾਲੀਵਾਲ ਵਲੋਂ ਦਰਸਾਈਆਂ ਸਿੱਖਿਆਵਾਂ ਨੂੰ ਅਸੀਂ ਅੱਗੇ ਇਸੇ ਤਰ੍ਹਾਂ ਤੋਰਦੇ ਰਹਾਂਗੇ। ਉਨ੍ਹਾਂ ਸਿੱਖੀ ਪਹਿਚਾਣ ਨੂੰ ਪ੍ਰਫੁੱਲਤ ਕਰਕੇ ਅਜਿਹੀ ਮਿਸਾਲ ਦਿੱਤੀ ਹੈ ਜੋ ਸਿੱਖਾਂ ਵਿਚ ਹਮੇਸ਼ਾ ਇੱਕ ਯਾਦ ਵਜੋਂ ਉੱਭਰਦੀ ਰਹੇਗੀ।

ਸਟੇਜ ਦੀ ਸੇਵਾ ਡਾ. ਸੁਰਿੰਦਰ ਸਿੰਘ ਗਿੱਲ ਨੇ ਬਾਖੂਬ ਨਿਭਾਈ। ਉਨ੍ਹਾਂ ਕਿਹਾ ਕਿ ਖਾਲਸਾ ਪੰਜਾਬੀ ਸਕੂਲ ਵਿਚ ਉਨ੍ਹਾਂ ਦੇ ਨਾਮ 'ਤੇ ਸਕਾਲਰਸ਼ਿਪ ਸ਼ੁਰੂ ਕੀਤੀ ਜਾਵੇਗੀ ਤਾਂ ਜੋ ਉਨ੍ਹਾਂ ਦੀ ਯਾਦ ਸਾਡੇ ਵਿਚ ਹਮੇਸ਼ਾ ਚਾਨਣ ਦੇ ਰੂਪ ਵਿਚ ਚਮਕਦੀ ਰਹੇ।

ਮੈਰੀਲੈਂਡ ਸਟੇਟ ਦੇ ਗਵਰਨਰ ਨੇ ਮੈਕਲਵ ਡਾਇਰੈਕਟਰ ਰਾਹੀਂ ਸੰਦੀਪ ਸਿੰਘ ਧਾਲੀਵਾਲ ਡਿਪਟੀ ਸ਼ੈਰਿਫ ਦੇ ਨਾਮ 'ਤੇ ਸਾਈਟੇਸ਼ਨ ਭੇਜਿਆ, ਜਿਸ ਵਿਚ ਉਸ ਦੀ ਬਹਾਦਰੀ, ਸਾਹਸੀ ਵਤੀਰੇ ਅਤੇ ਸੇਵਾ ਭਾਵਨਾ ਦਾ ਜ਼ਿਕਰ ਕੀਤਾ ਹੋਇਆ ਸੀ। ਮੈਕਲਵ ਨੇ ਪੜ੍ਹਨ ਉਪਰੰਤ ਉਹ ਸਾਈਟੇਸ਼ਨ ਡਾ. ਗਿੱਲ ਨੂੰ ਸੌਂਪਿਆਂ ਤਾਂ ਜੋ ਉਹ ਧਾਲੀਵਾਲ ਪਰਿਵਾਰ ਤਕ ਪਹੁੰਚਦਾ ਕਰਨ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਬਲਜਿੰਦਰ ਸਿੰਘ ਸ਼ੰਮੀ, ਰਤਨ ਸਿੰਘ ਪ੍ਰਧਾਨ, ਡਾ. ਸੁਰਿੰਦਰ ਸਿੰਘ ਗਿੱਲ ਸਕੱਤਰ ਅਤੇ ਹੈੱਡ ਗ੍ਰੰਥੀ ਸੁਰਜੀਤ ਸਿੰਘ ਵਲੋਂ ਮੈਕਲਵ ਡਾਇਰੈਕਟਰ, ਆਰਲੈਂਡੋ. ਡੀ.ਲਿਲੀ ਪੁਲਿਸ ਕੈਪਟਨ, ਆਇਸ਼ਾ ਖਾਨ, ਕੰਵਲਜੀਤ ਸਿੰਘ ਸੋਨੀ ਅਤੇ ਗੁਰਚਰਨ ਸਿੰਘ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਉਪਰੰਤ ਲੰਗਰ ਦਾ ਪ੍ਰਵਾਹ ਚੱਲਦਾ ਰਿਹਾ।

ਹੋਰਨਾਂ ਤੋਂ ਇਲਾਵਾ ਸੁਰਿੰਦਰ ਸਿੰਘ ਰਹੇਜਾ ਵਰਜੀਨੀਆ ਗੁਰੂਘਰ ਤੋਂ, ਮਨਿੰਦਰ ਸਿੰਘ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਸਰਬਜੀਤ ਸਿੰਘ ਬਖਸ਼ੀ, ਜੀ. ਐੱਨ. ਐੱਫ. ਏ. ਗੁਰਦੁਆਰਾ, ਬਾਬਾ ਗੁਰਚਰਨ ਸਿੰਘ, ਹਰਬੰਸ ਸਿੰਘ, ਬੀਬੀ ਕ੍ਰਿਪਾਲ ਕੌਰ, ਹਰਦੇਵ ਸਿੰਘ, ਕੇ. ਕੇ. ਸਿੱਧੂ, ਬਿੰਦਰ ਸਿੰਘ, ਗੁਰਪ੍ਰੀਤ ਸਿੰਘ ਸੰਨੀ ਅਤੇ ਤੇਜਿੰਦਰ ਸਿੰਘ ਪ੍ਰੈਸ ਦੇ ਨੁਮਾਇੰਦੇ ਵਾਈਟ ਹਾਊਸ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

## ਕੇਸੀਐਫ ਵੱਲੋਂ ਸ਼ਹੀਦ ਸਿੱਖ ਡਿਪਟੀ ਸ਼ੈਰਿਫ ਸੰਦੀਪ ਸਿੰਘ ਧਾਲੀਵਾਲ ਨੂੰ ਸ਼ਰਧਾਂਜਲੀ

**ਪਕੋਇਮਾ/ਏਟੀ ਨਿਊਜ਼ :**
ਐਤਵਾਰ, 6 ਅਕਤੂਬਰ ਨੂੰ ਕੈਲੀਫੋਰਨੀਆ ਦੇ ਪਕੋਇਮਾ ਦੀ ਖਾਲਸਾ ਕੇਅਰ ਫਾਉਂਡੇਸ਼ਨ (ਕੇਸੀਐਫ) ਵੱਲੋਂ ਸ਼ਹੀਦ ਡਿਪਟੀ ਸੰਦੀਪ ਸਿੰਘ ਧਾਲੀਵਾਲ ਦੀ ਯਾਦ ਵਿਚ ਇਕ ਸ਼ਰਧਾਂਜਲੀ ਸਮਾਗਮ ਕੀਤਾ ਗਿਆ।

ਇਸ ਬਾਰੇ ਜਾਣਕਾਰੀ ਦਿੰਦਿਆਂ ਕੇਸੀਐਫ ਦੇ ਗੁਰਬਖਸ ਸਿੰਘ ਨੇ ਦੱਸਿਆ ਕਿ ਇਸ ਮੌਕੇ ਸ਼ਹੀਦ ਡਿਪਟੀ ਸੰਦੀਪ ਸਿੰਘ ਧਾਲੀਵਾਲ ਨੂੰ ਯਾਦ ਕਰਦਿਆਂ ਅਫਸੋਸ ਜ਼ਾਹਰ ਕੀਤਾ ਗਿਆ ਕਿ ਕਿਵੇਂ ਉਸ ਨੌਜਵਾਨ ਪੁਲਿਸ ਅਫਸਰ ਨੂੰ ਉਸ ਦੇ ਫਰਜ਼ ਨਿਭਾਉਂਦੇ ਸਮੇਂ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਡਿਪਟੀ ਧਾਲੀਵਾਲ ਸਭ ਨੂੰ ਪਿਆਰ ਕਰਦਾ ਸੀ ਪਰ ਇਹ ਜਾਣ ਕੇ ਅਫਸੋਸ ਹੋਇਆ ਕਿ ਉਸ ਦੀ ਜ਼ਿੰਦਗੀ ਹਿੰਸਕ ਰੂਪ ਨਾਲ ਖਤਮ ਹੋਈ। ਉਹ ਪਹਿਲਾ ਸਿੱਖ ਡਿਪਟੀ ਸੀ ਜਿਸ ਨੂੰ ਆਪਣੀ ਨੌਕਰੀ ਵਿਚ ਦਾੜ੍ਹੀ ਅਤੇ ਦਸਤਾਰ ਨਾਲ ਸਿੱਖ ਪਛਾਣ ਰੱਖਣ ਦੀ ਆਗਿਆ ਦਿੱਤੀ ਗਈ ਸੀ।

ਖਾਲਸਾ ਕੇਅਰ ਫਾਉਂਡੇਸ਼ਨ ਨੇ ਸੰਦੀਪ ਸਿੰਘ ਧਾਲੀਵਾਲ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਸਮਾਗਮ ਵਿਚ ਪਕੋਇਮਾ ਪੁਲਿਸ ਵਿਭਾਗ ਨੂੰ ਵੀ ਸ਼ਾਮਲ ਹੋਣ ਲਈ ਸੱਦਾ ਦਿੱਤਾ। ਇਸ ਕਰ ਕੇ ਪੁਲਿਸ ਅਧਿਕਾਰੀ ਸਮੇਂ ਸਿਰ ਪ੍ਰਾਰਥਨਾ ਹਾਲ ਵਿਚ ਪਹੁੰਚੇ ਤੇ ਆਪਣੇ ਵਿਛੜੇ ਸਾਥੀ ਲਈ ਅਕੀਦਤ ਦੇ ਫੁੱਲ ਭੇਟ ਕੀਤੇ।

# ਸ਼ਹੀਦ ਸੰਦੀਪ ਸਿੰਘ ਧਾਲੀਵਾਲ ਨੂੰ ਮੋਮਬੱਤੀਆਂ ਜਗਾ ਕੇ ਸ਼ਰਧਾਂਜਲੀ





**ਪੈਲੇਟਾਈਨ/ਏਟੀ ਨਿਊਜ਼ :**
ਪੈਲੇਟਾਈਨ ਇਲੀਨੋਇਸ ਦੇ ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਸਾਹਿਬ ਵਿਖੇ ਹੈਰੀਸ ਕਾਉਂਟੀ ਟੈਕਸਸ ਦੇ ਸ਼ੈਰਿਫ ਵਿਭਾਗ ਦੇ ਡਿਪਟੀ ਸੰਦੀਪ ਸਿੰਘ ਧਾਲੀਵਾਲ ਦੀ ਯਾਦ ਵਿਚ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਸਿੱਖ ਰਿਲੀਜ਼ਸ ਸੁਸਾਇਟੀ ਪੈਲੇਟਾਈਨ ਇਲੀਨੋਇਸ ਵੱਲੋਂ 2 ਅਕਤੂਬਰ, 2019 ਨੂੰ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਵਿਖੇ ਇਕ ਅੰਤਰ-ਧਰਮ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਹਾਜ਼ਰੀਨ ਨੂੰ ਡਿਪਟੀ ਸ਼ੈਰਿਫ ਸੰਦੀਪ ਸਿੰਘ ਧਾਲੀਵਾਲ ਦੀ ਹੱਤਿਆ ਕਰਨ ਦੇ ਘਿਨਾਉਣੇ ਕਾਰੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਉਹ ਆਪਣੇ ਪਿੱਛੇ ਪਤਨੀ ਅਤੇ ਤਿੰਨ ਬੱਚੇ ਛੱਡ ਗਿਆ ਹੈ। ਬੁਲਾਰਿਆਂ ਨੇ ਦੱਸਿਆ ਕਿ ਧਾਲੀਵਾਲ ਆਪਣੇ ਨੌਕਰੀ ਦੇ ਸਮੇਂ ਦੌਰਾਨ ਦਾੜ੍ਹੀ ਅਤੇ ਪੱਗ ਬੰਨ੍ਹਣ ਵਾਲਾ ਪਹਿਲਾ ਸਿੱਖ ਬਣਿਆ ਅਤੇ ਹਿਊਸਟਨ ਸਮੇਤ ਅਮਰੀਕਾ ਵਿਚ ਬਹੁਤ ਸਾਰੇ ਹੋਰ ਸਿੱਖ ਬੱਚਿਆਂ ਲਈ ਆਪਣੇ ਧਰਮ ਵਿਚ ਰਹਿੰਦਿਆਂ ਪੁਲਿਸ ਦੀ ਨੌਕਰੀ ਕਰਨ ਲਈ ਦਰਵਾਜ਼ੇ ਖੋਲ੍ਹ ਗਿਆ। ਇਹਾ ਸ਼ੋਕ ਸਭਾ ਪੈਲਾਟਾਈਨ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਵਿਚ ਕੀਰਤਨ ਅਤੇ ਅਰਦਾਸ ਨਾਲ ਅਰੰਭ ਹੋਈ।

ਇਕੱਠ ਨੂੰ ਸਿੱਖ, ਮੁਸਲਿਮ, ਈਸਾਈ, ਯਹੂਦੀ, ਅਮਨ ਪਸੰਦ ਸ਼ਹਿਰੀਆਂ ਅਤੇ ਸਮਾਜਕ ਸੰਸਥਾਵਾਂ ਦੇ ਮੁਖੀਆਂ, ਪੁਲਿਸ ਅਧਿਕਾਰੀਆਂ, ਸਥਾਨਕ ਨੁਮਾਇੰਦਿਆਂ ਸਮੇਤ ਪੰਦਰਾਂ ਬੁਲਾਰਿਆਂ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਡਿਪਟੀ ਧਾਲੀਵਾਲ ਦੀ ਕੁਦਰਤੀ ਆਫ਼ਤਾਂ ਦੌਰਾਨ ਲੋੜ ਸਮੇਂ ਇੱਕ ਜ਼ਿੰਮੇਵਾਰ ਨਾਗਰਿਕ ਵਜੋਂ ਨਿਭਾਈ ਮਿਸਾਲੀ ਸੇਵਾ ਲਈ ਦਾ ਜ਼ਿਕਰ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ।

ਸਿੱਖ ਰਿਲੀਜ਼ਸ ਸੁਸਾਇਟੀ ਪੈਲਾਟਾਈਨ, ਇਲੀਨੋਇਸ ਦੇ ਪ੍ਰਧਾਨ ਡਾ. ਪਰਦੀਪ ਸਿੰਘ ਗਿੱਲ ਨੇ ਸ਼ੋਕ ਸਭਾ ਵਿਚ ਸ਼ਾਮਲ ਹੋਏ ਸਾਰੇ ਲੋਕਾਂ ਦਾ ਧੰਨਵਾਦ ਕੀਤਾ। ਸਮਾਗਮ ਵਿਚ ਰਜਿੰਦਰ ਸਿੰਘ ਮਾਗੋ, ਲਾਡੀ ਸਿੰਘ, ਯੂਐਸ ਕਾਂਗਰਸ ਦੇ ਮੈਂਬਰ ਰਾਜਾ ਕ੍ਰਿਸ਼ਣਾਮੂਰਤੀ, ਇਲੀਨੋਇਸ ਦੇ ਰਾਜ ਸੈਨੇਟਰ ਐਨ ਗਿਲਸਪੀ, ਇਲੀਨੋਇਸ ਰਾਜ ਦੇ ਪ੍ਰਤੀਨਿਧੀ ਮਿਸ਼ੇਲ ਮੁਸਮਾਨ, ਮੁਸਲਿਮ ਭਾਈਚਾਰੇ ਦੇ ਸ੍ਰੀ ਆਜ਼ਮ ਨਿਜ਼ਾਮੂਦੀਨ, ਜਸਵੀਰ ਕੌਰ ਸਿੰਗ, ਸਤਨਾਮ ਸਿੰਘ ਮਾਗੋ, ਐਨਡਬਲਯੂਐਸਓਐਫਏ ਦੇ ਕੈਥੀ ਰਿਸਬਰਗ, ਇਲੀਨੋਇਸ ਗੰਨ ਹਿੰਸਾ ਰੋਕਥਾਮ ਤੋਂ ਜਿਮ ਮੈਕਗਰਾਥ, ਰੈਜੀਨਾ ਬ੍ਰੈਂਟ ਪ੍ਰਧਾਨ, ਇਲੀਨੋਇਸ ਦੇ ਪੁਲਿਸ ਮੁਖੀ ਡੇਵਿਡ ਐਂਡਰਸਨ ਅਤੇ ਡਿਪਟੀ ਚੀਫ਼ ਰੋਨ ਵਿਲਕੇ ਸਮੇਤ ਨਾਲ ਲਗਦੇ ਕਸਬਿਆਂ ਦੇ ਸਿੱਖ ਪੁਲਿਸ ਅਫਸਰਾਂ ਸਮੇਤ ਇੱਕ ਦਰਜਨ ਤੋਂ ਵੱਧ ਪੁਲਿਸ ਅਧਿਕਾਰੀ ਅਤੇ ਮਿਸ਼ੀਗਨ ਤੋਂ ਪਰਦੀਪ ਸਿੰਘ ਦਿਓਲ ਤੇ ਦਮਨ ਸਿੰਘ ਸ਼ਾਮਲ ਸਨ।

# ਅਲਵਿਦਾ ਪਿਆਰੇ ਸੰਦੀਪ ਧਾਲੀਵਾਲ

**ਗੁਰਦੀਪ ਕੌਰ**, ਸੈਕਰਾਮੈਂਟੋ (916-695-0035)

ਅਮਰੀਕਾ ਤੋਂ ਲੈ ਕੇ ਪੰਜਾਬ ਤੱਕ ਤੇ ਸੋਸ਼ਲ ਮੀਡੀਆ ਤੋਂ ਲੈ ਕੇ ਹਰ ਇਕ ਪੰਜਾਬੀ ਤੱਕ, ਹਰ ਇੱਕ ਦੀ ਜੁਬਾਨ 'ਤੇ ਅੱਜ ਇਕ ਨਾਮ ਛਾਇਆ ਹੈ, ਅੱਖਾਂ ਵਿਚ ਹੰਝੂ, ਦਿਲ ਵਿਚ ਹਉਕਾ ਤੇ ਢਿੱਡ ਵਿਚ ਹਾਅ ਦਾ ਨਾਅਰਾ ਲੈ ਕੇ, ਹਰ ਇਕ ਦੇ ਮੂੰਹੋਂ ਇਕੋ ਨਾਮ ਨਿਕਲਦਾ ਹੈ, ਸੰਦੀਪ ਧਾਲੀਵਾਲ। ਪਿਛਲੇ ਦਿਨੀਂ ਉਸ ਦੀ ਹੋਈ ਅਣਕਿਆਸੀ ਤੇ ਬੇਵਕਤੀ ਮੌਤ ਨੇ ਕੁੱਲ ਆਲਮ ਨੂੰ ਝੰਜੋੜ ਕੇ ਰੱਖ ਦਿੱਤਾ, ਵੈਣ, ਹਉਕੇ ਤੇ ਹੰਝੂ ਸਭ ਦੇ ਨਿਕਲੇ। 42 ਸਾਲਾ ਖੂਬਸੂਰਤ ਦਿੱਖ ਵਾਲਾ ਦਸਤਾਰਧਾਰੀ ਪੰਜਾਬੀ ਨੌਜਵਾਨ, ਬਣ ਠਣ ਕੇ ਜਦੋਂ ਘਰੋਂ ਨਿਕਲਿਆ ਹੋਵੇਗਾ, ਤਾਂ ਕੀ ਪਤਾ ਸੀ ਕਿ ਕਿਸੇ ਕੁਲਹਿਣੇ ਦੀ ਨਜ਼ਰ ਤੇ ਬੁਰੇ ਇਰਾਦੇ ਨੇ ਉਸ ਨੂੰ ਆਪਣੇ ਪਰਿਵਾਰ, ਬੱਚਿਆਂ ਤੇ ਬੁੱਢੇ ਬਾਪ ਤੋਂ ਅੱਜ ਹਮੇਸ਼ਾ ਲਈ ਦੂਰ ਕਰ ਦੇਣਾ ਹੈ। ਸ਼ਬਦ ਮੁੱਕ ਗਏ ਹਨ, ਸਮਝ ਨਹੀਂ ਆਉਂਦੀ ਕਿਵੇਂ ਦੁੱਖ ਜ਼ਾਹਰ ਕਰੀਏ, ਪੀੜਾ ਦੱਸੀਏ। ਸ਼ੁੱਕਰਵਾਰ, ਚਾਰ ਅਕਤੂਬਰ ਸ਼ਾਮ 7 ਵਜੇ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਚ ਗਵਰਨਰ/ਹਾਊਸ, ਸਟੇਟ ਕੈਪੀਟਲ ਬਿਲਡਿੰਗ ਦੇ ਵਿਹੜੇ ਵਿਚ ਜਦ ਸੰਦੀਪ ਧਾਲੀਵਾਲ ਦੀ ਯਾਦ ਵਿਚ ਰੋਸ਼ਨੀ ਮਾਰਚ ਦੀ ਪ੍ਰਾਰਥਨਾ ਸਭਾ ਹੋਈ, ਯਕੀਨ ਕਰਨਾ ਔਖਾ ਹੋਵੇਗਾ ਕਿ ਵਕਤਿਆਂ ਦੇ ਸੰਘ ਸੁੱਕ ਗਏ, ਬੋਲ ਗਲ਼ਾਂ ਵਿਚ ਅਟਕ ਗਏ, ਆਏ ਹੋਏ ਸਰਕਾਰੀ ਨੁਮਾਇੰਦਿਆਂ ਦੇ ਸ਼ਬਦ ਮੁੱਕ ਮੁੱਕ ਗਏ, ਇਹ ਦੁਹੱਥੜ ਹਰੇਕ ਦੇ ਮੂੰਹੋਂ ਨਿਕਲਿਆ, ਹਾਏ ਕੀ ਕਹੀਏ, ਕਿਹੜੀ ਗੱਲ ਕਰੀਏ, ਕਿਥੋਂ ਗੱਲ ਸ਼ੁਰੂ ਕਰੀਏ, ਕਿੰਝ ਕਹਿ ਦੇਈਏ, ਪੀੜਾਂ ਦੇ ਹਉਕੇ ਕੰਧਾਂ-ਕੋਠੇ ਟੱਪ ਗਈਆਂ ਸਨ। ਉਸ ਵੇਲੇ ਸੰਦੀਪ ਧਾਲੀਵਾਲ ਪੰਜਾਬੀ, ਪੰਜਾਬ ਅਤੇ ਪੰਜਾਬੀਆਂ ਦਾ ਹੀ ਨਹੀਂ ਸਗੋਂ ਸਾਰੇ ਸਰਕਾਰੀ ਤੰਤਰ ਤੇ ਇਨਸਾਨੀਅਤ ਦੇ ਢਿੱਡ ਦੀ ਪੀੜ ਸੀ। ਸਭ ਨੂੰ ਆਪਣੇ ਜ਼ਖ਼ਮ ਅੱਲ੍ਹੇ ਲੱਗੇ। ਸਭ ਨੂੰ ਆਪਣੇ ਵਿਛੜੇ ਚੇਤੇ ਆਏ, ਸੋਗ ਦੀ ਲਹਿਰ ਅਸਮਾਨ ਚੀਰ ਗਈ। ਡਿਊਟੀਆਂ 'ਤੇ ਤਾਇਨਾਤ, ਲੋਕਾਂ ਦੀ ਹਿਫਾਜ਼ਤ ਕਰਦੇ ਹੋਏ, ਆਪਣੇ ਦੇਸ਼ ਕੌਮ ਨੂੰ ਸੁਰੱਖਿਅਤ ਰੱਖਣ ਲਈ ਆਪਣੀਆਂ ਜਾਨਾਂ ਵਾਰ ਗਏ ਤੇ ਆਪਣੇ ਪਰਿਵਾਰਾਂ ਦੀ ਖੁਸ਼ੀਆਂ ਦੀ ਬਲੀ ਚੜ੍ਹ, ਜਨਤਾ ਤੇ ਦੇਸ਼ ਲਈ ਸ਼ਹੀਦ ਹੋ ਗਏ, ਸਭ ਸੂਰਮਿਆਂ ਨੂੰ ਸਿਜਦਾ ਕੀਤਾ ਗਿਆ। ਉਹ ਪਹਿਲਾ ਦਿਨ ਸੀ ਜਦ ਸਭ ਦੇ ਲਫ਼ਜ ਮੁੱਕ ਗਏ ਸਨ। ਲੈਕਚਰ ਸਟੈਂਡ ਤੇ ਮਾਈਕ ਮੂਹਰੇ ਖੜ੍ਹੇ ਵਕਤਿਆਂ ਨੇ ਹੱਥਾਂ ਦੇ ਇਸ਼ਾਰਿਆਂ ਨਾਲ ਸਭ ਨੂੰ ਦੱਸ ਦਿੱਤਾ, ਉਨ੍ਹਾਂ ਕੋਲ ਕਹਿਣ ਨੂੰ ਕੁਝ ਨਹੀਂ ਹੈ, ਬਸ ਉਹ ਬੇਹੱਦ ਦੁਖੀ ਹਨ ਤੇ ਇਹੀ ਸੱਚ ਹੈ।

ਬਾਕੀ ਸਫ਼ਾ 28 'ਤੇ

# ਹਿਊਸਟਨ 'ਚ ਆਪਣੀ ਡਿਊਟੀ ਦੌਰਾਨ ਸ਼ਹੀਦ ਹੋਏ ਡਿਪਟੀ ਸ਼ੈਰਿਫ ਸੰਦੀਪ ਸਿੰਘ ਧਾਲੀਵਾਲ ਨਮਿਤ ਕੈਂਡਲ ਲਾਈਟ ਸ਼ੋਕ ਸਭਾ

**ਸੈਕਰਾਮੈਂਟੋ/ਏਟੀ ਨਿਊਜ਼ :**
ਪਿਛਲੇ ਦਿਨੀਂ ਹਿਊਸਟਨ 'ਚ ਡਿਪਟੀ ਸ਼ੈਰਿਫ ਸੰਦੀਪ ਸਿੰਘ ਧਾਲੀਵਾਲ ਨੂੰ ਆਪਣੀ ਡਿਊਟੀ ਦੌਰਾਨ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਗਿਆ ਸੀ। ਇਸ ਘਿਨਾਉਣੀ ਕਾਰਵਾਈ 'ਤੇ ਪੂਰੇ ਅਮਰੀਕਾ, ਕੈਨੇਡਾ ਵਿਚ ਰੋਸ ਸਮਾਗਮ ਕੀਤੇ ਗਏ ਹਨ। ਇਸੇ ਤਰ੍ਹਾਂ ਐਲਕ ਗਰੋਵ ਸਿਟੀ ਵਿਚ ਵੀ ਕੈਂਡਲ ਲਾਈਟ ਵਿਜ਼ਲ ਦਾ ਆਯੋਜਨ ਕੀਤਾ ਗਿਆ। ਐਲਕ ਗਰੋਵ ਸਿਟੀ ਅਤੇ ਐਲਕ ਗਰੋਵ ਪੁਲਿਸ ਦੇ ਸਹਿਯੋਗ ਨਾਲ ਹੋਏ ਇਸ ਕੈਂਡਲ ਲਾਈਟ ਵਿਜ਼ਲ ਵਿਚ ਪੰਜਾਬੀ ਭਾਈਚਾਰੇ ਤੋਂ ਇਲਾਵਾ ਹੋਰਨਾਂ ਕੌਮਾਂ ਨੇ ਵੀ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਸ਼ਹੀਦ ਸੰਦੀਪ ਸਿੰਘ ਧਾਲੀਵਾਲ ਨੂੰ ਸ਼ਰਧਾਂਜਲੀਆਂ ਭੇਟ







ਕੀਤੀਆਂ।

ਸਮਾਗਮ ਦੇ ਸ਼ੁਰੂ ਵਿਚ ਨੀਲ ਨਈਅਰ ਵੱਲੋਂ ਅਮਰੀਕਾ ਦਾ ਰਾਸ਼ਟਰੀ ਗੀਤ ਗਾਇਆ ਗਿਆ ਅਤੇ ਅਮਰੀਕਾ ਦੇ ਝੰਡੇ ਨੂੰ ਸਲਿਊਟ ਕੀਤਾ ਗਿਆ। ਉਪਰੰਤ ਗੁਰਦੁਆਰਾ ਸਾਹਿਬ ਬਰਾਡਸ਼ਾਹ ਰੋਡ ਤੋਂ ਪਹੁੰਚੇ ਭਾਈ ਹਰਜੀਤਪਾਲ ਸਿੰਘ, ਭਾਈ ਅੰਮ੍ਰਿਤਪਾਲ ਸਿੰਘ, ਭਾਈ ਸਤਿੰਦਰ ਸਿੰਘ ਜੀ ਦੇ ਰਾਗੀ ਜੱਥੇ ਵੱਲੋਂ "ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ" ਸ਼ਬਦ ਗਾਇਨ ਕੀਤਾ ਗਿਆ। ਬੁਲਾਰਿਆਂ ਵਿਚ ਐਲਕ ਗਰੋਵ ਸਿਟੀ ਦੇ ਪੁਲਿਸ ਮੁਖੀ ਟਿਮ ਐਲਬਰਾਈਟ, ਮੇਅਰ ਸਟੀਵ ਲੀ, ਮੈਨੀ ਗਰੇਵਾਲ (ਵਾਈਸ ਮੇਅਰ, ਮੋਡੈਸਟੋ ), ਗੁਰਜਤਿੰਦਰ ਸਿੰਘ ਰੰਧਾਵਾ (ਸਲਾਹਕਾਰ ਸੈਕਟਰੀ ਆਫ ਸਟੇਟ, ਕੈਲੀਫੋਰਨੀਆ), ਕੌਂਸਲ ਮੈਂਬਰ ਡੈਰੇਨ ਸਿਊਨ, ਸਟੈਫਨੀ ਨਿਊਨ, ਪਰਗਟ ਸਿੰਘ ਸੰਧੂ (ਕੌਂਸਲ ਮੈਂਬਰ ਗਾਲਟ ਸਿਟੀ), ਪੋਰਸ਼ ਮਿਡਲਟਨ (ਕੌਂਸਲ ਮੈਂਬਰ ਸਿਟਰਸ ਹਾਈਟਸ), ਬੌਬੀ ਸਿੰਘ ਐਲਨ, ਗੁਲਿੰਦਰ ਗਿੱਲ, ਮਹਿੰਦਰ ਸਿੰਘ (ਕਮਿਸ਼ਨਰ), ਸੀ.ਐੱਸ.ਡੀ. ਡਾਇਰੈਕਟਰ ਰਾਡ ਬਰਿਊਰ, ਪਲਾਨਿੰਗ ਕਮਿਸ਼ਨਰ ਕੇਵਿਨ ਸਪੀਸ, ਜੇਲ੍ਹ ਉੱਚ ਅਧਿਕਾਰੀ ਵਿਮਲ ਸਿੰਘ ਚਾਹਲ, ਡਾ. ਪਰਗਟ ਸਿੰਘ ਹੁੰਦਲ, ਸੋਨੂੰ ਹੁੰਦਲ, ਦਲਜੀਤ ਸਿੰਘ ਢਾਂਡਾ, ਧੀਰਾ ਨਿੱਜਰ, ਮਹਿੰਦਰ ਸਿੰਘ ਸੰਧੂ (ਗੁਰਦੁਆਰਾ ਸਾਹਿਬ, ਵੈਸਟ ਸੈਕਰਾਮੈਂਟੋ), ਅੰਮ੍ਰਿਤ ਕੌਰ ਅਟਵਾਲ, ਦਲਜੀਤ ਸਿੰਘ ਸੰਧੂ, ਇੰਦਰਜੀਤ ਕਾਲੀਰਾਏ, ਪੰਮੀ ਮਾਨ, ਹਰਜਿੰਦਰ ਧਾਮੀ, ਸਤਿੰਦਰਪਾਲ ਹੇਅਰ, ਗੁਰਪ੍ਰੀਤ ਸਿੰਘ ਹੰਸਰਾ ਨੇ ਆਪੋ-ਆਪਣੇ

ਬਾਕੀ ਸਫ਼ਾ 28 'ਤੇ

# ਭਾਜਪਾ ਦੇ ਨਿਸ਼ਾਨੇ 'ਤੇ ਆਇਆ ਪੰਜਾਬ

## ਆਰਐਸਐਸ 'ਮਿਸ਼ਨ 2022' ਲਈ ਜੁਟਿਆ

- *ਹਰਿਆਣੇ 'ਚ ਬਾਦਲ ਦਲ ਨੇ ਚੌਟਾਲਾ ਦੀ ਪਾਰਟੀ ਨਾਲ ਕੀਤਾ ਸਮਝੌਤਾ*
- *ਭਾਜਪਾ ਅਕਾਲੀ ਦਲ ਦੀਆਂ ਜੜ੍ਹਾਂ ਉਖਾੜਨ ਲਈ ਸਿੱਖ ਚਿਹਰੇ ਦੀ ਭਾਲ 'ਚ*



**ਜਲੰਧਰ/ਬਿਊਰੋ ਨਿਊਜ਼ :**
ਭਾਜਪਾ ਪੰਜਾਬ ਵਿੱਚ ਭਗਵਾਂ ਝੰਡਾ ਝੁਲਾਉਣ ਲਈ ਤਰਲੋ-ਮੱਛੀ ਹੋ ਰਹੀ ਹੈ ਪਰ ਅਜੇ ਤੱਕ ਪੰਜਾਬ ਵਿਚ ਇਸ ਦੇ ਪੈਰ ਨਹੀਂ ਜਮੇ। ਹਰਿਆਣਾ ਵਿੱਚ ਅਕਾਲੀ ਦਲ ਨੂੰ ਝਟਕਾ ਦੇਣ ਦੇ ਬਾਵਜੂਦ ਭਾਜਪਾ ਅਜੇ ਪੰਜਾਬ ਵਿਚ ਅਕਾਲੀ ਦਲ ਨਾਲ ਹੀ ਚੱਲਣ ਵਿੱਚ ਭਲਾਈ ਸਮਝਦੀ ਹੈ, ਹਾਲਾਂਕਿ ਭਾਜਪਾ ਨੇ ਅੰਦਰ-ਖਾਤੇ ਸਰਗਰਮੀ ਵਿੱਢ ਵੀ ਦਿੱਤੀ ਹੈ। ਮੋਦੀ ਸਰਕਾਰ ਵੱਲੋਂ ਪਿਛਲੇ ਸਮੇਂ ਦੌਰਾਨ ਭਾਰਤ ਸਰਕਾਰ ਨੇ ਪਾਕਿ ਨਾਲ ਤਣਾਅ ਦੇ ਸਿਖਰ ਦੇ ਬਾਵਜੂਦ ਕਰਤਾਰਪੁਰ ਕਾਰੀਡੋਰ ਦੇ ਮਾਮਲੇ ਵਿਚ ਪਾਕਿ ਨਾਲ ਗੱਲਬਾਤ ਜਾਰੀ ਰੱਖੀ। ਸੰਨ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ, ਸਿੱਖਾਂ ਦੀਆਂ ਕਾਲੀਆ ਸੂਚੀਆਂ ਖ਼ਤਮ ਕਰਨ ਤੇ ਹੁਣ ਖਾਲਿਸਤਾਨ ਪੱਖੀਆਂ ਦੀਆਂ ਸਜ਼ਾਵਾਂ ਮੁਆਫ਼ ਜਾਂ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦੇ ਫ਼ੈਸਲੇ ਇਸੇ ਮੁਹਿੰਮ ਦਾ ਹਿੱਸਾ ਹਨ। ਇਸ ਵੇਲੇ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਹੋ ਰਹੀਆਂ ਹਨ ਤੇ ਨਾਲ ਹੀ ਪੰਜਾਬ ਦੀਆਂ 4 ਵਿਧਾਨ ਸਭਾ ਸੀਟਾਂ 'ਤੇ ਵੀ ਉਪ ਚੋਣਾਂ ਹੋਣੀਆਂ ਹਨ। ਅਕਾਲੀ ਦਲ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਤੀਸਰੇ ਨੰਬਰ 'ਤੇ ਚਲਾ ਗਿਆ ਸੀ। ਭਾਜਪਾ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਦੀਆਂ 10 ਸੀਟਾਂ ਦੇ ਮੁਕਾਬਲੇ ਸਿਰਫ 3 ਸੀਟਾਂ 'ਤੇ ਚੋਣ ਲੜ ਕੇ ਹੀ ਅਕਾਲੀ ਦਲ ਜਿੰਨੀਆਂ 2 ਸੀਟਾਂ ਜਿੱਤਣ ਵਿਚ ਕਾਮਯਾਬ ਰਹੀ ਸੀ। ਇਹ ਵੀ ਸਾਫ਼ ਨਜ਼ਰ ਆਉਂਦਾ ਹੈ ਕਿ ਇਸ ਵਾਰ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਦੀ ਸਥਿਤੀ ਬਚਾਉਣ ਵਿਚ 'ਮੋਦੀ ਲਹਿਰ' ਦਾ ਖ਼ਾਸ ਅਸਰ ਸੀ ਪਰ ਇਸ ਦੇ ਬਾਵਜੂਦ ਅਜੇ ਵੀ ਅਕਾਲੀ ਦਲ ਪੰਜਾਬ ਦੀ ਇਕ ਵੱਡੀ ਸਿਆਸੀ ਤਾਕਤ ਮੰਨੀ ਜਾਂਦੀ ਹੈ। ਅਕਾਲੀ ਦਲ ਨੇ ਪੰਥ ਵਿਚੋਂ ਵੱਡਾ ਆਧਾਰ ਗੁਆ ਲਿਆ ਹੈ। ਸੀਨੀਅਰ ਮੰਤਰੀ ਤੇ ਪੰਜਾਬ ਭਾਜਪਾ ਦੇ ਪ੍ਰਧਾਨ ਰਹਿ ਚੁੱਕੇ ਮਦਨ ਮੋਹਨ ਮਿੱਤਲ ਨੇ ਇਹ ਕਹਿ ਕੇ ਭਾਜਪਾ ਵਰਕਰਾਂ ਦਾ ਹੌਸਲਾ ਬੁਲੰਦ ਕਰ ਦਿੱਤਾ ਹੈ ਕਿ ਅਕਾਲੀ ਦਲ ਹੁਣ ਵੱਡਾ ਭਰਾ ਨਹੀਂ ਰਿਹਾ, ਛੋਟਾ ਭਰਾ ਬਣ ਗਿਆ ਹੈ। ਅਗਲੀਆਂ ਅਸੰਬਲੀ ਚੋਣਾਂ ਵਿਚ 117 ਵਿਚੋਂ 59 ਸੀਟਾਂ ਉਸ ਨੂੰ ਭਾਜਪਾ ਲਈ ਛੱਡਣੀਆਂ ਪੈਣਗੀਆਂ।

ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਕਸ਼ਮੀਰ ਵਿਚ ਫ਼ੌਜ ਦੇ ਸਿਰ 'ਤੇ ਬਣਾਈ ਸ਼ਾਂਤੀ ਤੇ ਮੁਸਲਮਾਨਾਂ ਦੀ ਵਿਰੋਧਤਾ ਦੇ ਇਲਜ਼ਾਮ ਤਾਂ ਭਾਜਪਾ ਤੇ ਆਰਐਸਐਸ 'ਤੇ ਲੱਗ ਹੀ ਰਹੇ ਹਨ ਪਰ ਇਹ ਇਲਜ਼ਾਮ ਭਾਜਪਾ ਨੂੰ ਸੂਤ ਵੀ ਬੈਠਦੇ ਹਨ। ਇਨ੍ਹਾਂ ਨਾਲ ਬਹੁਗਿਣਤੀ ਦਾ ਧਰੁਵੀਕਰਨ ਹੁੰਦਾ ਹੈ, ਜੋ ਭਾਜਪਾ ਦੇ ਵੋਟ ਬੈਂਕ ਵਿਚ ਬਦਲਦਾ ਹੈ। ਪਰ ਭਾਜਪਾ ਇਹ ਕਿਸੇ ਕੀਮਤ 'ਤੇ ਨਹੀਂ ਚਾਹੁੰਦੀ ਕਿ ਇਸ ਸਰਹੱਦੀ ਪ੍ਰਾਂਤ ਦੀ ਸਿੱਖ ਬਹੁਗਿਣਤੀ ਨੂੰ ਨਾਰਾਜ਼ ਕੀਤਾ ਜਾਵੇ। ਇਸ ਤੋਂ ਬਿਨਾਂ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਦਾ ਵਧਦਾ ਪ੍ਰਭਾਵ ਵੀ ਭਾਰਤ ਸਰਕਾਰ ਨੂੰ ਸਿੱਖਾਂ ਪ੍ਰਤੀ ਹਮਦਰਦਾਨਾ ਰਵੱਈਆ ਧਾਰਨ ਲਈ ਮਜਬੂਰ ਕਰਦਾ ਹੈ। ਦੂਜੇ ਪਾਸੇ ਪਾਕਿ ਸਰਕਾਰ ਦਾ ਵਤੀਰਾ ਵੀ ਭਾਰਤ ਸਰਕਾਰ ਨਾਲੋਂ ਸਿੱਖਾਂ ਪ੍ਰਤੀ ਜ਼ਿਆਦਾ ਉਦਾਰ ਹੈ। ਇਨ੍ਹਾਂ ਸਾਰੀਆਂ ਸਥਿਤੀਆਂ ਨਾਲ ਨਿਪਟਣ ਲਈ ਭਾਜਪਾ ਦੇ ਪੰਜਾਬ ਤੇ ਸਿੱਖ ਏਜੰਡੇ 'ਤੇ ਆਉਣੇ ਕੁਦਰਤੀ ਗੱਲ ਹੈ। ਚਰਚਾ ਹੈ ਕਿ ਪੰਜਾਬ ਦੀਆਂ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੇਂਦਰੀ ਗ੍ਰਿਹ ਮੰਤਰਾਲੇ ਵੱਲੋਂ ਬਾਦਲ ਵਿਰੋਧੀ ਸਿੱਖਾਂ ਦੇ ਆਧਾਰ ਦਾ ਪੈਮਾਨਾ ਮਾਪਣ ਲਈ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਕਰਵਾਉਣ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਆਰਐਸਐਸ ਦੇ ਸੁਝਾਅ 'ਤੇ ਕੇਂਦਰ ਸਰਕਾਰ ਵੱਲੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿੱਖਾਂ ਦਾ ਝੁਕਾਅ ਪਾਰਟੀ ਵੱਲ ਕਰਨ ਲਈ ਕੁਝ ਹੋਰ ਫ਼ੈਸਲੇ ਵੀ ਲਏ ਜਾਣਗੇ।

ਭਾਜਪਾ ਦੀ ਸੂਬਾਈ ਲੀਡਰਸ਼ਿਪ ਵੱਲੋਂ ਭਾਵੇਂ ਸੰਨ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਅਕਾਲੀ ਦਲ ਨਾਲੋਂ ਗੱਠਜੋੜ ਤੋੜ ਕੇ ਆਪਣੇ ਦਮ 'ਤੇ ਚੋਣਾਂ ਲੜਨ 'ਤੇ ਜ਼ੋਰ ਦਿੱਤਾ ਜਾ ਰਿਹਾ ਸੀ ਪਰ ਜ਼ਮੀਨੀ ਹਕੀਕਤ ਨੂੰ ਸਮਝਦਿਆਂ ਗੱਠਜੋੜ ਤੋੜਨ ਦਾ ਫੈਸਲਾ ਨਹੀਂ ਲਿਆ ਜਾ ਸਕਿਆ। ਸਾਲ 2019 ਦੀਆਂ ਚੋਣਾਂ ਵਿਚ ਪਾਰਟੀ ਦਾ ਕੌਮੀ ਪੱਧਰ 'ਤੇ ਵਧੀਆ ਪ੍ਰਦਰਸ਼ਨ ਰਹਿਣ ਤੇ ਪੰਜਾਬ ਵਿੱਚ ਵੀ ਹਿੰਦੂ ਵਰਗ ਨਾਲ ਸਬੰਧਿਤ ਵੋਟਰਾਂ ਦਾ ਝੁਕਾਅ ਭਾਜਪਾ ਵੱਲ ਹੋਣ ਕਾਰਨ ਪਾਰਟੀ ਲੀਡਰਾਂ ਦਾ ਹੌਸਲੇ ਬੁਲੰਦ ਹਨ।

### ਅਕਾਲੀ-ਭਾਜਪਾ ਗਠਜੋੜ ਵਿਚ ਤਰੇੜਾਂ-

ਹਰਿਆਣਾ ਵਿਚ ਵੱਖੋ-ਵੱਖ ਪਾਰਟੀਆਂ ਵਲੋਂ ਚੋਣ ਪ੍ਰਚਾਰ ਭਖਣਾ ਸ਼ੁਰੂ ਹੋ ਗਿਆ ਹੈ। ਕਦੀ ਚੌਧਰੀ ਓਮ ਪ੍ਰਕਾਸ਼ ਚੌਟਾਲਾ ਦੀ ਅਗਵਾਈ ਵਾਲੀ ਪਾਰਟੀ ਇੰਡੀਅਨ ਨੈਸ਼ਨਲ ਲੋਕ ਦਲ ਦੀ ਸੂਬੇ ਵਿਚ ਤੂਤੀ ਬੋਲਦੀ ਸੀ। ਪਰ ਸਿਆਸਤ ਵਿਚ ਹੁਣ ਚੌਟਾਲਾ ਪਰਿਵਾਰ ਠੁੱਸ ਹੈ। ਚੌਧਰੀ ਦੇਵੀ ਲਾਲ 'ਤੇ ਪਰਿਵਾਰਵਾਦ ਦਾ ਇਲਜ਼ਾਮ ਲਗਦਾ ਰਿਹਾ ਹੈ। ਚੌਧਰੀ ਓਮ ਪ੍ਰਕਾਸ਼ ਚੌਟਾਲਾ ਦਾ ਚਾਹੇ ਆਪਣੇ ਭਰਾਵਾਂ ਨਾਲ ਸਿਆਸੀ




ਟਕਰਾਅ ਚਲਦਾ ਰਿਹਾ ਪਰ ਉਨ੍ਹਾਂ ਨੇ ਹੋਰ ਬਹੁਤੇ ਭਾਰਤੀ ਸਿਆਸਤਦਾਨਾਂ ਵਾਂਗ ਆਪਣੇ ਪੁੱਤਰਾਂ-ਪੋਤਰਿਆਂ ਲਈ ਹੀ ਸਿਆਸਤ ਦਾ ਰਾਹ ਪੱਧਰਾ ਕੀਤਾ ਹੈ। ਅੱਜ ਹਾਲਾਤ ਇਹ ਹਨ ਕਿ ਸਮੁੱਚਾ ਚੌਟਾਲਾ ਪਰਿਵਾਰ ਬੁਰੀ ਤਰ੍ਹਾਂ ਬਿਖਰ ਚੁੱਕਾ ਹੈ, ਉਥੇ ਹਰਿਆਣਾ ਵਿਚ ਇਸ ਦੀ ਸਿਆਸੀ ਸ਼ਕਤੀ ਵੀ ਬੇਹੱਦ ਘਟਦੀ ਜਾਪ ਰਹੀ ਹੈ।

ਇਸ ਵਾਰ ਹਰਿਆਣਾ ਵਿਚ ਚੌਟਾਲਾ ਦਾ ਇੰਡੀਅਨ ਨੈਸ਼ਨਲ ਲੋਕ ਦਲ ਵੀ ਟੁਕੜੇ-ਟੁਕੜੇ ਹੋ ਚੁੱਕਾ ਹੈ। ਹਰਿਆਣਾ ਵਿੱਚ, ਅਕਾਲੀ ਦਲ ਲੰਬੇ ਸਮੇਂ ਤੋਂ ਇਨੈਲੋ ਦਾ ਪੁਰਾਣਾ ਭਾਈਵਾਲ ਰਿਹਾ ਹੈ, ਪਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੀ ਇਨ੍ਹਾਂ ਦਾ ਸਾਥ ਟੁੱਟ ਗਿਆ ਸੀ। ਅਕਾਲੀ ਦਲ ਨੇ ਭਾਜਪਾ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਸੀ। ਅਕਾਲੀ ਦਲ ਦੇ ਨੇਤਾਵਾਂ ਮੁਤਾਬਕ ਉਸ ਵਕਤ ਵਿਧਾਨ ਸਭਾ ਚੋਣਾਂ ਮਿਲ ਕੇ ਲੜਨ ਦਾ ਸਮਝੌਤਾ ਹੋਇਆ ਸੀ। ਪਰ ਕੁਝ ਦਿਨ ਪਹਿਲਾਂ ਹੀ ਭਾਜਪਾ ਨੇ ਅਕਾਲੀ ਦਲ ਦੇ ਵਿਧਾਇਕ ਬਲਕੌਰ ਸਿੰਘ ਨੂੰ ਆਪਣੇ ਪਾਰਟੀ ਵਿੱਚ ਸ਼ਾਮਲ ਕਰ ਲਿਆ ਤੇ ਉਸ ਨੂੰ ਦਿੱਲੀ ਵਿੱਚ ਪਾਰਟੀ ਦੀ ਮੈਂਬਰਸ਼ਿਪ ਮਿਲ ਗਈ। ਇਸ ਲਈ ਅਕਾਲੀ ਦਲ ਨੇ ਉਸੇ ਦਿਨ ਭਾਜਪਾ ਨਾਲ ਗੱਠਜੋੜ ਤੋੜ ਦਿੱਤਾ ਸੀ। ਹੁਣ ਜਦੋਂ ਅਕਾਲੀ ਦਲ ਆਈ.ਐਨ.ਐਲ.ਡੀ. ਨਾਲ ਮਿਲ ਕੇ ਸਿਰਫ 3 ਤੋਂ 5 ਸੀਟਾਂ 'ਤੇ ਹੀ ਚੋਣ ਲੜ ਰਿਹਾ ਹੈ। ਭਾਜਪਾ ਵਾਲੇ ਕਹਿ ਰਹੇ ਹਨ ਕਿ ਚੌਟਾਲਾ ਦੀ ਪਾਰਟੀ ਅਤੇ ਅਕਾਲੀ ਦਲ ਦਾ ਗੱਠਜੋੜ ਭਾਜਪਾ ਦੇ ਫਾਇਦੇ ਵਿਚ ਹੀ ਹੈ।

ਹਰਿਆਣੇ ਵਿਚ ਇਹੀ ਹਾਲ ਕਾਂਗਰਸ ਦਾ ਹੋ ਰਿਹਾ ਜਾਪਦਾ ਹੈ। ਸੂਬੇ ਦੀ ਪਾਰਟੀ ਲੀਡਰਸ਼ਿਪ ਬੁਰੀ ਤਰ੍ਹਾਂ ਵੰਡੀ ਹੋਈ ਹੈ। ਹਾਲਾਤ ਇਹ ਬਣ ਗਏ ਹਨ ਕਿ ਜੇਕਰ ਮਜਬੂਰੀਵੱਸ ਹਾਈ ਕਮਾਨ ਨੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਚੋਣਾਂ ਦੀ ਵਾਗਡੋਰ ਸੰਭਾਲੀ ਹੈ ਤਾਂ ਅਸ਼ੋਕ ਤੰਵਰ ਦੀ ਅਗਵਾਈ ਵਾਲੇ ਧੜੇ ਨੇ ਇਸ ਫ਼ੈਸਲੇ ਵਿਰੁੱਧ ਬਗਾਵਤ ਦਾ ਝੰਡਾ ਚੁੱਕ ਲਿਆ ਹੈ। ਇਸ ਵਾਰ ਹਰਿਆਣਾ ਵਿਚ ਪਾਰਟੀ ਦਾ ਭਵਿੱਖ ਬੁਰੀ ਤਰ੍ਹਾਂ ਡਾਵਾਂਡੋਲ ਹੋ ਰਿਹਾ ਦਿਖਾਈ ਦੇ ਰਿਹਾ ਹੈ।

ਭਾਜਪਾ ਦੀ ਮਨੋਹਰ ਲਾਲ ਖੱਟਰ ਦੀ ਅਗਵਾਈ ਵਾਲੀ ਸਰਕਾਰ ਨੇ ਲਗਪਗ ਪਿਛਲੇ 5 ਸਾਲਾਂ ਵਿਚ ਜਿਥੇ ਪ੍ਰਸ਼ਾਸਨ ਨੂੰ ਚੰਗੇ ਢੰਗ ਨਾਲ ਚਲਾਉਣ ਦਾ ਯਤਨ ਕੀਤਾ ਹੈ, ਉਥੇ ਇਸ ਸਮੇਂ ਦੌਰਾਨ ਸੂਬੇ ਵਿਚ ਅਜਿਹਾ ਕੋਈ ਬਹੁਤਾ ਵੱਡਾ ਵਿਵਾਦ ਨਹੀਂ ਬਣਿਆ, ਜਿਸ ਨਾਲ ਸਰਕਾਰ ਦੇ ਅਕਸ 'ਤੇ ਅਸਰ ਪਿਆ ਹੋਵੇ। ਇਸ ਕਾਰਨ ਭੁਪਿੰਦਰ ਸਿੰਘ ਹੁੱਡਾ ਦੀ ਪਿਛਲੀ ਕਾਂਗਰਸ ਸਰਕਾਰ ਨਾਲੋਂ ਖੱਟਰ ਦੀ ਸਰਕਾਰ ਦਾ ਸਿਆਸੀ ਪੱਧਰ 'ਤੇ ਵੀ ਬਿਹਤਰ ਅਕਸ ਬਣਿਆ ਰਿਹਾ ਹੈ। ਦੇਸ਼ ਭਰ ਵਿਚ ਹਵਾ ਭਾਜਪਾ ਦੇ ਹੱਕ ਵਿਚ ਝੁਲਦੀ ਦਿਖਾਈ ਦੇ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਦਾ ਦੇਸ਼ ਅਤੇ ਵਿਦੇਸ਼ ਵਿਚ ਅਕਸ ਉੱਭਰਿਆ ਹੈ। ਇਸ ਦਾ ਅਸਰ ਮਹਾਰਾਸ਼ਟਰ ਅਤੇ ਹਰਿਆਣਾ ਦੀਆਂ ਹੋ ਰਹੀਆਂ ਵਿਧਾਨ ਸਭਾ ਚੋਣਾਂ 'ਤੇ ਪੈਣ ਦੀ ਵੀ ਵੱਡੀ ਸੰਭਾਵਨਾ ਬਣੀ ਨਜ਼ਰ ਆਉਂਦੀ ਹੈ।

ਜਿਥੋਂ ਤੱਕ ਪੰਜਾਬ ਦਾ ਸਬੰਧ ਹੈ, ਬਦਲੇ ਹੋਏ ਹਾਲਾਤ ਵਿਚ ਪੰਜਾਬ ਭਾਜਪਾ ਦੀ ਸਰਗਰਮੀ ਤੇ ਤੌਰ-ਤਰੀਕੇ ਵੀ ਬਦਲੇ ਜਾਪਦੇ ਹਨ। ਅਜਿਹਾ ਪਾਰਟੀ ਦੇ ਤੌਰ 'ਤੇ ਉਸ ਦੀ ਚੜ੍ਹਾਈ ਅਤੇ ਆਪਣੇ ਭਾਈਵਾਲ ਅਕਾਲੀ ਦਲ ਦੇ ਅਨੇਕਾਂ ਵਿਵਾਦਾਂ ਵਿਚ ਘਿਰੇ ਹੋਣ ਕਾਰਨ ਉਸ ਦੇ ਘਟਦੇ ਜਾ ਰਹੇ ਅਕਸ ਕਾਰਨ ਸੰਭਵ ਹੋਇਆ ਹੈ। ਇਥੋਂ ਤੱਕ ਕਿ ਭਾਜਪਾ ਨੇ ਹਰਿਆਣਾ ਵਿਚ ਅਕਾਲੀ ਦਲ ਦੇ ਇਕਲੌਤੇ ਵਿਧਾਇਕ ਨੂੰ ਵੀ ਆਪਣੇ ਭਾਈਵਾਲ ਦੀ ਪਰਵਾਹ ਕੀਤੇ ਬਿਨਾਂ ਆਪਣੀ ਪਾਰਟੀ ਵਿਚ ਸ਼ਾਮਿਲ ਕਰਨ ਦਾ ਐਲਾਨ ਕਰ ਦਿੱਤਾ ਹੈ, ਜਿਸ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਅੱਜ ਭਾਜਪਾ ਦੀਆਂ ਨਜ਼ਰਾਂ ਵਿਚ ਅਕਾਲੀ ਦਲ ਦੀ ਕੋਈ ਹੋਂਦ ਨਹੀਂ ਹੈ। ਚਾਹੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਸ ਦੇ ਪ੍ਰਤੀਕਰਮ ਵਜੋਂ ਹਰਿਆਣਾ ਵਿਚ ਆਪਣੀ ਸਰਗਰਮੀ ਦਿਖਾ ਰਹੇ ਹਨ ਪਰ ਭਾਜਪਾ ਇਸ ਦੀ ਪ੍ਰਵਾਹ ਨਹੀਂ ਕਰ ਰਹੀ।

ਅਕਾਲੀ ਦਲ ਦੇ ਪੰਥ ਤੇ ਪੰਜਾਬ ਵਿਚੋਂ ਆਧਾਰ ਡਿੱਗਣ ਕਾਰਣ ਪੰਜਾਬ ਵਿਚ ਨਾ ਸਿਰਫ ਭਾਜਪਾ ਨੇ ਆਪਣੀਆਂ ਸਰਗਰਮੀਆਂ ਹੀ ਵਧਾ ਦਿੱਤੀਆਂ ਹਨ, ਸਗੋਂ ਬੜੀ ਤੇਜ਼ੀ ਨਾਲ ਆਪਣੀ ਪਾਰਟੀ ਦੀ ਮੈਂਬਰਸ਼ਿਪ ਵਧਾਉਣੀ ਵੀ ਸ਼ੁਰੂ ਕੀਤੀ ਹੋਈ ਹੈ। ਇਹ ਵੀ ਅੰਦਾਜ਼ੇ ਲੱਗਣੇ ਸ਼ੁਰੂ ਹੋ ਗਏ ਹਨ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੇ ਵਧੇਰੇ ਸੀਟਾਂ 'ਤੇ ਚੋਣਾਂ ਲੜਨ ਦੀ ਸੰਭਾਵਨਾ ਹੈ। ਅਕਾਲੀ ਦਲ ਕੀ ਪੈਂਤੜਾ ਅਪਨਾਉਂਦਾ ਹੈ, ਇਹ ਭਵਿੱਖ ਦੀ ਸਿਆਸਤ 'ਤੇ ਨਿਰਭਰ ਕਰੇਗਾ। ਪਰ ਅਕਾਲੀ ਦਲ ਦਾ ਭਵਿੱਖ ਪੰਜਾਬ ਵਿਚ ਸੁਰੱਖਿਅਤ ਨਹੀਂ ਹੈ।

### ਭਾਜਪਾ ਸਿੱਖ ਚਿਹਰੇ ਦੀ ਭਾਲ 'ਚ -

ਦੂਜੇ ਪਾਸੇ ਅਕਾਲੀ ਦਲ ਨਾਲ ਵਿਗੜਦੇ ਰਿਸ਼ਤਿਆਂ ਦੇ ਮੱਦੇਨਜ਼ਰ ਭਾਜਪਾ ਬਦਲਵੀਂ ਰਣਨੀਤੀ 'ਤੇ ਵੀ ਵਿਚਾਰ ਕਰ ਰਹੀ ਦੱਸੀ ਜਾਂਦੀ ਹੈ ਤੇ ਉਹ ਸਿੱਖਾਂ ਵਿਚ ਆਪਣਾ ਸਿੱਧਾ ਪ੍ਰਭਾਵ ਬਣਾਉਣ ਦੀ ਰਣਨੀਤੀ ਵੀ ਅਪਣਾ ਰਹੀ ਦੱਸੀ ਜਾਂਦੀ ਹੈ। ਇਸ ਲਈ ਭਾਜਪਾ ਲੰਮੇ ਸਮੇਂ ਤੋਂ ਕਿਸੇ ਸਿੱਖ ਚਿਹਰੇ ਦੀ ਭਾਲ ਵਿਚ ਹੈ। ਪਹਿਲਾ ਐਡਵੋਕੇਟ ਐਚ.ਐਸ. ਫੂਲਕਾ ਤੇ ਜਗਮੀਤ ਸਿੰਘ ਬਰਾੜ ਨਾਲ ਗੱਲਬਾਤ ਚਲਦੀ ਰਹੀ। ਹੁਣ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਦਿੱਲੀ ਚੋਣਾਂ ਵਿਚ ਵਿਸ਼ੇਸ਼ ਮਹੱਤਤਾ ਦਿੱਤੇ ਜਾਣ ਦੇ ਆਸਾਰ ਵੀ ਦੱਸੇ ਜਾਂਦੇ ਹਨ। ਹਰਿਆਣਾ ਵਿਚ 2 ਸਿੱਖਾਂ ਨੂੰ ਵਿਧਾਨ ਸਭਾ ਟਿਕਟ ਦਿੱਤੀ ਗਈ ਹੈ।

ਪਰ ਕੁਝ ਜ਼ਿਆਦਾ ਦੂਰ ਦੀ ਸੋਚਣ ਵਾਲੇ ਤਾਂ ਪੰਜਾਬ ਵਿਧਾਨ ਸਭਾ ਦੀਆਂ ਅਗਲੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਦੀ ਰਾਜਨੀਤੀ ਵਿਚ ਇਕ ਵੱਡੇ ਧਮਾਕੇ ਦੀ ਆਸ ਲਾਈ ਬੈਠੇ ਹਨ। ਉਹ ਸਮਝਦੇ ਹਨ ਕਿ ਕਾਂਗਰਸ ਦਾ ਇਕ ਬਹੁਤ ਵੱਡਾ ਨੇਤਾ ਤੇ ਵਿਧਾਇਕਾਂ ਦੀ ਇਕ ਵੱਡੀ ਗਿਣਤੀ ਭਾਜਪਾ ਵਿਚ ਵੀ ਸ਼ਾਮਿਲ ਹੋ ਸਕਦੀ ਹੈ। ਉਹ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵੀ ਵਕਤ ਤੋਂ ਸਾਲ ਕੁ ਪਹਿਲਾਂ ਹੋਣ ਦੇ ਅੰਦਾਜ਼ੇ ਲਾ ਰਹੇ ਹਨ। ਪਰ ਇਨ੍ਹਾਂ ਗੱਲਾਂ ਵਿਚ ਕਿੰਨੀ ਕੁ ਸਚਾਈ ਹੈ, ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਇਹ ਜ਼ਰੂਰ ਸਪੱਸ਼ਟ ਹੈ ਕਿ ਇਸ ਵੇਲੇ ਪੰਜਾਬ ਤੇ ਸਿੱਖ ਭਾਜਪਾ ਅਤੇ ਆਰ.ਐਸ.ਐਸ. ਦੇ ਏਜੰਡੇ 'ਤੇ ਹਨ ਪਰ ਇਸ ਬਾਰੇ ਪੰਜਾਬ ਭਾਜਪਾ ਦੀ ਲੀਡਰਸ਼ਿਪ ਨੂੰ ਬਿਲਕੁਲ ਵੀ ਵਿਸ਼ਵਾਸ ਵਿਚ ਨਹੀਂ ਲਿਆ ਜਾ ਰਿਹਾ।

## ਪੰਜਾਬ 'ਚ ਅਕਾਲੀ ਦਲ ਤੇ ਭਾਜਪਾ ਰਲ ਕੇ ਜ਼ਿਮਨੀ ਚੋਣਾਂ ਲੜਨਗੇ

**ਜਲੰਧਰ/ਏਟੀ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਤਾਲਮੇਲ ਕਮੇਟੀ ਦੀ ਮੀਟਿੰਗ ਦੌਰਾਨ ਦੋਵਾਂ ਪਾਰਟੀਆਂ ਨੇ ਪੰਜਾਬ ਵਿੱਚ ਹੋ ਰਹੀਆਂ ਚਾਰ ਜ਼ਿਮਨੀ ਚੋਣਾਂ ਮਿਲ ਕੇ ਲੜਨ ਦਾ ਫੈਸਲਾ ਕੀਤਾ ਹੈ। ਇੱਥੇ ਹੋਈ ਇੱਕ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਵਿੱਚ ਭਾਜਪਾ ਦੇ ਨਾਲ ਮਿਲ ਕੇ ਚੋਣਾਂ ਲੜੀਆਂ ਜਾਣਗੀਆਂ। ਉਨ੍ਹਾਂ ਨੂੰ ਜਦੋਂ ਸਵਾਲ ਕੀਤਾ ਗਿਆ ਕਿ ਅਕਾਲੀ ਦਲ ਹਰਿਆਣਾ ਵਿੱਚ ਭਾਜਪਾ ਦੇ ਵਿਰੁੱਧ ਚੋਣਾਂ ਲੜ ਰਿਹਾ ਹੈ ਤਾਂ ਇਸ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਮੀਟਿੰਗ ਪੰਜਾਬ ਬਾਰੇ ਹੋਈ ਸੀ ਤੇ ਹਰਿਆਣਾ ਬਾਰੇ ਫੈਸਲਾ 21 ਅਕਤੂਬਰ ਤੋਂ ਬਾਅਦ ਕੀਤਾ ਜਾਵੇਗਾ। ਸੁਖਬੀਰ ਬਾਦਲ ਨੇ ਇਹ ਦਾਅਵਾ ਵੀ ਕੀਤਾ ਕਿ ਅਕਾਲੀ-ਭਾਜਪਾ ਗੱਠਜੋੜ ਚਾਰੇ ਸੀਟਾਂ ਉੱਤੇ ਜਿੱਤ ਪ੍ਰਾਪਤ ਕਰੇਗਾ। ਬਾਦਲ ਨੇ ਕਿਹਾ ਕਿ ਚੋਣਾਂ ਜਿੱਤਣ ਲਈ ਰਣਨੀਤੀ ਘੜ ਲਈ ਹੈ ਤੇ ਉਸੇ ਮੁਤਾਬਿਕ ਇੱਕਠੇ ਹੋ ਕੇ ਚੋਣਾਂ ਲੜੀਆਂ ਜਾਣਗੀਆਂ। ਦੋਵਾਂ ਧਿਰਾਂ ਵਿੱਚ ਚੋਣਾਂ ਨੂੰ ਲੈ ਕੇ ਜੇ ਕੋਈ ਸਮੱਸਿਆ ਪੈਦਾ ਹੁੰਦੀ ਹੈ ਤਾਂ ਇਸ ਦੇ ਹੱਲ ਲਈ ਦੋ ਮੈਂਬਰੀ ਤਾਲਮੇਲ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਅਕਾਲੀ ਦਲ ਵੱਲੋਂ ਡਾ. ਦਲਜੀਤ ਸਿੰਘ ਚੀਮਾ ਤੇ ਭਾਜਪਾ ਵੱਲੋਂ ਰਾਕੇਸ਼ ਰਾਠੌਰ ਮੈਂਬਰ ਹੋਣਗੇ। ਜ਼ਿਕਰਯੋਗ ਹੈ ਕਿ ਹਰਿਆਣਾ ਵਿੱਚ ਦੋਵੇਂ ਧਿਰਾਂ ਇੱਕ ਦੂਜੇ ਵਿਰੁੱਧ ਚੋਣਾਂ ਲੜ ਰਹੀਆਂ ਹਨ, ਇਸ ਦਾ ਅਸਰ ਪੰਜਾਬ ਗੱਠਜੋੜ 'ਤੇ ਵੀ ਪੈ ਰਿਹਾ ਸੀ। ਭਾਜਪਾ ਦੇ ਕੁੱਝ ਆਗੂਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਬਿਆਨਾਂ ਉੱਤੇ ਕੀਤੀਆਂ ਸਖਤ ਟਿੱਪਣੀਆਂ ਕਾਰਨ ਦੋਵਾਂ ਧਿਰਾਂ ਵਿੱਚ ਕਸ਼ੀਦਗੀ ਪੈਦਾ ਹੋ ਗਈ ਸੀ, ਉਸ ਤੋਂ ਬਾਅਦ ਹੀ ਤਾਲਮੇਲ ਕਮੇਟੀ ਦੀ ਮੀਟਿੰਗ ਕੀਤੀ ਗਈ ਹੈ। ਤਾਲਮੇਲ ਕਮੇਟੀ ਦੀ ਮੀਟਿੰਗ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਹਾਜ਼ਰ ਹੋਏ ਜਦੋਂ ਕਿ ਭਾਜਪਾ ਵੱਲੋਂ ਸ਼ਵੇਤ ਮਲਿਕ, ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼, ਮਨੋਰੰਜਨ ਕਾਲੀਆ, ਕਮਲ ਸ਼ਰਮਾ, ਅਸ਼ਵਨੀ ਕੁਮਾਰ, ਵਿਜੈ ਸਾਂਪਲਾ ਅਤੇ ਤੀਕਸ਼ਣ ਸੂਦ ਹਾਜ਼ਰ ਸਨ। ਦੋਵੇਂ ਪਾਰਟੀਆਂ ਦੇ ਆਗੂਆਂ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਹੈ ਕਿ ਇੱਕ ਦੂਜੇ ਵਿਰੁੱਧ ਬੇਲੋੜੀ ਬਿਆਨਬਾਜ਼ੀ ਨਾ ਕੀਤੀ ਜਾਵੇ। ਤਾਲਮੇਲ ਕਮੇਟੀ ਦੀ ਮੀਟਿੰਗ ਬੜੇ ਹੀ ਸੁਖਾਵੇਂ ਮਾਹੌਲ ਵਿੱਚ ਹੋਈ ਦੱਸੀ ਗਈ ਹੈ। ਮੀਟਿੰਗ ਤੋਂ ਬਾਅਦ ਦੋਵੇਂ ਧਿਰਾਂ ਦੇ ਆਗੂ ਬੜੇ ਖੁਸ਼ ਨਜ਼ਰ ਆ ਰਹੇ ਸਨ। ਬਾਦਲ ਨੇ ਕਿਹਾ ਕਿ ਫਗਵਾੜਾ ਤੇ ਮੁਕੇਰੀਆਂ ਹਲਕਿਆਂ ਵਿੱਚ ਜਿੱਥੇ ਵੀ ਭਾਜਪਾ ਆਗੂ ਅਕਾਲੀ ਵਰਕਰਾਂ ਦੀਆਂ ਡਿਊਟੀਆਂ ਲਗਾਉਣ ਨੂੰ ਕਹਿਣਗੇ, ਉਥੇ ਹੀ ਅਕਾਲੀ ਦਲ ਦੇ ਵਰਕਰ ਡੱਟ ਜਾਣਗੇ।

# ਸੁਖਬੀਰ ਬਾਦਲ ਨੂੰ ਬੰਬ ਨਾਲ ਉਡਾਉਣ ਦੀ ਸਾਜ਼ਿਸ਼ ?

## ਪੰਜਾਬ ਵਿਚ ਹਥਿਆਰਾਂ ਦੀ ਬਰਾਮਦਗੀ ਨਾਲ ਸਬੰਧਿਤ ਮਾਮਲੇ ਦੀ ਜਾਂਚ ਐਨਆਈਏ. ਹਵਾਲੇ

- **ਹੁਣ ਤੱਕ 9 ਮੁਲਜ਼ਮ ਹੋਏ ਗ੍ਰਿਫ਼ਤਾਰ**
- **ਐਨਆਈਏ ਨੇ ਹਰਜੀਤ ਦੇ ਪਰਿਵਾਰ ਨੂੰ ਮੋਹਾਲੀ ਸੱਦ ਕੇ ਕੀਤੇ ਬਿਆਨ ਕਲਮਬੱਧ**
- **ਕਲੇਰ ਧਮਾਕੇ ਦਾ ਮੁੱਖ ਮੁਲਜ਼ਮ ਗੁਰਜੰਟ ਸਿੰਘ ਐੱਨਆਈਏ ਵੱਲੋਂ ਗ੍ਰਿਫ਼ਤਾਰ**

**ਤਰਨਤਾਰਨ/ਏਟੀ ਨਿਊਜ਼ :**
ਪੰਜਾਬ ਦੇ ਤਰਨਤਾਰਨ ਨੇੜੇ ਪਿੰਡ ਪੰਡੋਰੀ ਗੋਲਾ ਵਿਖੇ 4 ਸਤੰਬਰ ਦੀ ਰਾਤ ਨੂੰ ਹੋਏ ਬਲਾਸਟ ਦੌਰਾਨ ਦੋ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ, ਜਦ ਕਿ ਇਕ ਗੰਭੀਰ ਜ਼ਖ਼ਮੀ ਹੋ ਗਿਆ ਸੀ। ਇਸ ਮਾਮਲੇ ਵਿਚ ਕੁਲ 9 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਦੇ ਹੋਏ ਤੇ ਇਸ ਦੀ ਜਾਂਚ ਹੁਣ ਐਨਆਈਏ ਟੀਮ ਕਰ ਰਹੀ ਹੈ। ਪੁਲੀਸ ਸੂਤਰਾਂ ਅਨੁਸਾਰ ਪੰਜਾਬ ਵਿਚ ਬਰਗਾੜੀ ਬੇਅਦਬੀ ਕਾਂਡ ਨੂੰ ਲੈ ਕੇ ਰੋਸ ਵੱਜੋਂ ਸੁਖਬੀਰ ਸਿੰਘ ਬਾਦਲ ਨੂੰ ਬੰਬ ਨਾਲ ਉਡਾਉਣ ਦੀ ਯੋਜਨਾ ਬਣਾਈ ਗਈ ਸੀ। ਪੁਲਿਸ ਵਲੋਂ ਇਹ ਵੀ ਦਾਅਵਾ ਕੀਤਾ ਗਿਆ ਕਿ ਗ੍ਰਿਫ਼ਤਾਰ ਕੀਤੇ ਇਨ੍ਹਾਂ ਨੌਜਵਾਨਾਂ ਵਲੋਂ ਬੰਬ ਤਿਆਰ ਕਰਕੇ ਤਿਓਹਾਰਾਂ ਮੌਕੇ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਤੇ ਨਿਰੰਕਾਰੀ ਮਿਸ਼ਨ ਤੋਂ ਇਲਾਵਾ ਹੋਰ ਡੇਰਿਆਂ ਤੇ ਕੁਝ ਸਿਆਸੀ ਨੇਤਾਵਾਂ ਨੂੰ ਵੀ ਨਿਸ਼ਾਨਾ ਬਣਾਉਣਾ ਸੀ।

ਐਨਆਈਏ ਟੀਮ ਵਲੋਂ ਇਨ੍ਹਾਂ ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਦੇ ਪਰਿਵਾਰਕ ਮੈਂਬਰਾਂ ਨੂੰ ਮੋਹਾਲੀ ਦਫਤਰ ਸੱਦ ਕੇ ਬਿਆਨ ਕਲਮਬੱਧ ਕਰਨੇ ਸ਼ੁਰੂ ਕਰ ਦਿੱਤੇ ਗਏ ਹਨ। ਇਨ੍ਹਾਂ ਮੁਲਜ਼ਮਾਂ ਕੋਲੋਂ ਕਬਜ਼ੇ ਵਿਚ ਲਏ ਗਏ 8 ਮੋਬਾਇਲ ਫੋਨਾਂ ਦੀ ਜਾਂਚ ਚੰਡੀਗੜ੍ਹ ਸਾਈਬਰ ਸੈਲ ਵਲੋਂ ਕੀਤੇ ਜਾਣ ਉਪਰੰਤ ਇਹ ਪਤਾ ਲੱਗ ਸਕਦਾ ਹੈ ਕਿ ਸੁਖਬੀਰ ਨੂੰ ਆਪਣਾ ਨਿਸ਼ਾਨਾ ਬਣਾਉਣ ਵਿਚ ਹੋਰ ਕੌਣ ਕੌਣ ਸ਼ਾਮਲ ਸਨ। ਪੁਛਗਿੱਛ ਦੌਰਾਨ ਮਲਕੀਤ ਸਿੰਘ ਉਰਫ ਸ਼ੇਰਾ ਕੋਟਲਾ ਗੁੱਜਰਾਂ, ਥਾਣਾ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਨੇ ਮੰਨਿਆ ਹੈ ਕਿ ਸਾਲ 2015 ਵਿਚ ਵਾਪਰੇ ਬਰਗਾੜੀ ਕਾਂਡ ਮਾਮਲੇ ਕਾਰਣ ਉਸ ਦਾ ਸਾਥੀ ਬਿਕਰਮ ਸਿੰਘ ਪੰਜਵੜ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਵੀ ਮੁਲਜ਼ਮ ਠਹਿਰਾਉਂਦਾ ਸੀ, ਜਿਸ ਤਹਿਤ ਉਸ ਨੇ ਸੁਖਬੀਰ ਨੂੰ ਬੰਬ ਨਾਲ ਉਡਾਉਣ ਦੀ ਯੋਜਨਾ ਬਣਾਈ ਸੀ।

ਜਦੋਂ 2016 ਵਿਚ ਪ੍ਰਕਾਸ਼ ਪੁਰਬ ਮੌਕੇ ਸੁਖਬੀਰ ਨੇ ਆਪਣੇ ਪਰਿਵਾਰ ਸਮੇਤ ਹਰਿਮੰਦਰ ਸਾਹਿਬ ਵਿਖੇ ਆਇਆ ਸੀ, ਉਦੋਂ ਸੁਖਬੀਰ ਉੱਪਰ ਇਕ ਬੰਬ ਬਿਕਰਮ ਸਿੰਘ ਪੰਜਵੜ ਵਲੋਂ ਸੁੱਟਿਆ ਜਾਣਾ ਸੀ ਅਤੇ ਦੂਜਾ ਸ਼ੇਰਾ ਵਲੋਂ ਪਰ ਸੁਰੱਖਿਆ ਪ੍ਰਬੰਧ ਸਖ਼ਤ ਹੋਣ ਕਾਰਣ ਬਿਕਰਮ ਸਿੰਘ ਘਬਰਾ ਗਿਆ ਅਤੇ ਆਪਣੇ ਪੈਰ ਪਿੱਛੇ ਖਿੱਚ ਲਏ। ਬਿਕਰਮ ਦਮਦਮੀ ਟਕਸਾਲ ਦਾ ਪੈਰੋਕਾਰ ਹੈ ਤੇ ਸ਼ੇਰਾ ਨੂੰ ਸਾਲ 20 14 ਤੋਂ ਜਾਣਦਾ ਹੈ। ਜਾਂਚ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਜਿਹੜੇ ਬੰਬ ਬੀਤੀ 5 ਸਤੰਬਰ ਨੂੰ ਫਟੇ ਸਨ, ਉਹ ਉਹੀ ਬੰਬ ਸਨ ਜਿਹੜੇ ਸਾਲ 2016-17 ਦੌਰਾਨ ਬਿਕਰਮ ਨੇ ਦੱਬੇ ਸਨ।

ਸ਼ੇਰਾ ਨੇ ਇਹ ਵੀ ਮੰਨਿਆ ਸੀ ਕਿ ਬਿਕਰਮ ਨੂੰ ਬੰਬ ਬਣਾਉਣ ਦੀ ਜਾਣਕਾਰੀ ਸੀ। ਉਨ੍ਹਾਂ ਵਲੋਂ ਸਾਲ 2016 ਵਿਚ ਸੁਖਬੀਰ 'ਤੇ ਹਮਲਾ ਕਰਨ ਤੋਂ ਪਹਿਲਾਂ ਰਈਆ--ਬਿਆਸ ਲਿੰਕ ਰੋਡ 'ਤੇ ਖਾਲੀ ਥਾਂ 'ਤੇ ਇਸ ਬੰਬ ਨੂੰ ਚਲਾਉਂਦੇ ਹੋਏ ਟੈਸਟ ਵੀ ਕੀਤਾ ਗਿਆ ਸੀ। ਜਾਣਕਾਰੀ ਅਨੁਸਾਰ ਇਸ ਬਲਾਸਟ ਮੌਕੇ ਜ਼ਿਲ੍ਹਾ ਤਰਨਤਾਰਨ ਦੇ ਹਰਪ੍ਰੀਤ ਸਿੰਘ (19 ਸਾਲ) ਪਿੰਡ ਬਚੜੇ ਅਤੇ ਬਿੱਕਰ ਸਿੰਘ (22 ਸਾਲ) ਪਿੰਡ ਕੱਦਗਿੱਲ ਕਲਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ, ਜਦਕਿ ਗੁਰਜੰਟ ਸਿੰਘ ਗੰਭੀਰ ਜਖ਼ਮੀ ਹੋ ਗਿਆ ਸੀ, ਜੋ ਇਸ ਵੇਲੇ ਅੱਖਾਂ ਤੋਂ ਸਾਫ ਵੇਖ ਨਹੀਂ ਸਕਦਾ ਹੈ। ਤਰਨ ਤਾਰਨ ਦੇ ਗੁਰੂ ਨਾਨਕ ਦੇਵ ਹਸਪਤਾਲ ਤੋਂ ਕੌਮੀ ਜਾਂਚ ਏਜੰਸੀ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਗੁਰਜੰਟ ਸਿੰਘ ਉਦੋਂ ਤੋਂ ਹੀ ਇਥੋਂ ਦੇ ਗੁਰੂ ਨਾਨਕ ਦੇਵ ਸੁਪਰ ਸਪੈਸਿਲਿਟੀ ਹਸਪਤਾਲ ਦਾਖ਼ਲ ਸੀ, ਜਿਥੇ ਉਸ ਨੂੰ ਸਖਤ ਪੁਲੀਸ ਪਹਿਰੇ ਹੇਠ ਰੱਖਿਆ ਹੋਇਆ ਸੀ। ਇਸ ਮਾਮਲੇ ਦੀ ਜਾਂਚ ਦਾ ਕੰਮ ਪਹਿਲਾਂ ਪੰਜਾਬ ਪੁਲੀਸ ਵੱਲੋਂ ਕੀਤਾ ਜਾ ਰਿਹਾ ਸੀ, ਜਿਸ ਨੇ ਕਰੀਬ 10 ਜਣਿਆਂ ਨੂੰ ਮੁਲਜ਼ਮ ਨਾਮਜ਼ਦ ਕੀਤਾ ਸੀ ਅਤੇ ਸੱਤ ਜਣਿਆਂ ਨੂੰ ਅਦਾਲਤ ਦੇ ਪੇਸ਼ ਕੀਤਾ ਸੀ। ਮਾਮਲੇ ਦੇ ਕੌਮੀ ਸੁਰੱਖਿਆ ਨਾਲ ਜੁੜਿਆ ਹੋਇਆ ਹੋਣ ਕਰਕੇ ਦੋ ਹਫ਼ਤੇ ਪਹਿਲਾਂ ਇਸ ਦੀ ਜਾਂਚ ਦਾ ਕੰਮ ਪੰਜਾਬ ਪੁਲੀਸ ਕੋਲੋਂ ਲੈ ਕੇ ਕੌਮੀ ਜਾਂਚ ਏਜੰਸੀ ਦੇ ਹਵਾਲੇ ਕਰ ਦਿੱਤਾ ਗਿਆ ਸੀ।

ਐੱਨਆਈਏ ਦੀ ਜਾਂਚ ਟੀਮ ਨੇ ਅਦਾਲਤ ਵਿੱਚ ਅਰਜ਼ੀ ਦਾਇਰ ਕਰ ਕੇ ਪੁਲੀਸ ਰਿਮਾਂਡ ਦੀ ਮੰਗ ਕਰਦਿਆਂ ਕਿਹਾ ਕਿ ਮੁਲਜ਼ਮਾਂ ਤੋਂ ਬੰਬ ਧਮਾਕੇ ਦੀ ਸਾਜ਼ਿਸ਼ ਬਾਰੇ ਪਤਾ ਕਰਨਾ ਹੈ ਅਤੇ ਫ਼ਰਾਰ ਮੁਲਜ਼ਮਾਂ ਦੀ ਪੈੜ ਨੱਪਣ ਲਈ ਉਨ੍ਹਾਂ ਦੇ ਸ਼ੱਕੀ ਟਿਕਾਣਿਆਂ ਬਾਰੇ ਜਾਣਕਾਰੀ ਹਾਸਲ ਕਰਨੀ ਹੈ।

ਪੰਜਾਬ ਸਰਕਾਰ ਅਤੇ ਜਾਂਚ ਏਜੰਸੀ ਨੇ ਮੁਲਜ਼ਮਾਂ ਦੇ ਸਿੱਖਸ ਫਾਰ ਜਸਟਿਸ ਸਮੇਤ ਹੋਰ ਕੌਮੀ ਤੇ ਕੌਮਾਂਤਰੀ ਏਜੰਸੀਆਂ ਨਾਲ ਸਬੰਧ ਹੋਣ ਦਾ ਖ਼ਦਸ਼ਾ ਪ੍ਰਗਟ ਕੀਤਾ ਹੈ। ਮੁੱਢਲੀ ਜਾਂਚ ਅਨੁਸਾਰ ਚੰਨਦੀਪ ਸਿੰਘ ਪਾਕਿਸਤਾਨ ਦੇ ਉਸਮਾਨ ਦੇ ਲਗਾਤਾਰ ਸੰਪਰਕ ਵਿੱਚ ਸੀ, ਜਿਸ ਨੂੰ ਉਹ ਪਿਛਲੇ ਸਾਲ 2018 ਵਿਚ ਫੇਸਬੁੱਕ ਰਾਹੀਂ ਮਿਲਿਆ ਸੀ। ਮੁਲਜ਼ਮ ਗੁਰਜੰਟ ਸਿੰਘ ਅਤੇ ਹਰਜੀਤ ਸਿੰਘ ਨੇ ਆਪਣੇ ਸਾਥੀ ਬਿਕਰਮ ਸਿੰਘ ਉਰਫ਼ ਵਿੱਕੀ ਗਿੱਲ ਨਾਲ ਮਿਲ ਕੇ 3 ਜਨਵਰੀ, 2019 ਨੂੰ ਤਰਨ ਤਾਰਨ ਦੇ ਪਿੰਡ ਬਚੇਰੇ ਵਿਚ ਨਵੇਂ ਚੁਣੇ ਗਏ ਸਰਪੰਚ ਦੇ ਘਰ 'ਤੇ ਚਾਰ ਦੇਸੀ ਬੰਬ ਸੁੱਟੇ ਸਨ। ਇਸ ਹਮਲੇ ਵਿਚ 3 ਜਣੇ ਜ਼ਖ਼ਮੀ ਹੋਏ ਸਨ।

ਜਾਣਕਾਰੀ ਅਨੁਸਾਰ ਇਸ ਸਬੰਧੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਪੀਲ 'ਤੇ ਕੇਂਦਰ ਸਰਕਾਰ ਵੱਲੋਂ ਦਹਿਸ਼ਤੀ ਹਮਲੇ ਦੇ 15 ਦਿਨਾਂ ਬਾਅਦ ਬੀਤੀ 20 ਸਤੰਬਰ ਨੂੰ ਸਮੁੱਚੇ ਮਾਮਲੇ ਦੀ ਜਾਂਚ ਐੱਨਆਈਏ ਦੇ ਹਵਾਲੇ ਕਰਨ ਨੂੰ ਮਨਜ਼ੂਰੀ ਦਿੱਤੀ ਗਈ ਸੀ। ਮੁੱਖ ਸਾਜ਼ਿਸ਼ਕਾਰ ਬਿਕਰਮਜੀਤ ਸਿੰਘ ਉਰਫ਼ ਗ੍ਰੰਥੀ ਅਤੇ ਗਰੋਹ ਦੇ 7 ਹੋਰ ਮੈਂਬਰ ਅਜੇ ਵੀ ਭਗੌੜੇ ਹਨ। ਗ੍ਰੰਥੀ ਬਾਰੇ ਕਿਹਾ ਜਾ ਰਿਹਾ ਹੈ ਕਿ ਉਹ ਆਸਟਰੀਆ ਵਿਚ ਹੈ। ਹੋਰਨਾਂ ਭਗੌੜਿਆਂ ਦੀ ਸ਼ਨਾਖ਼ਤ ਗੁਰਪ੍ਰੀਤ ਸਿੰਘ, ਗੁਰਵਿੰਦਰ ਸਿੰਘ ਪ੍ਰਿੰਸ, ਸੋਢੀ ਸਿੰਘ, ਅਰਵਿੰਦਰ ਸਿੰਘ ਹਨੀ, ਕੁਲਦੀਪ ਸਿੰਘ ਅਤੇ ਰਣਜੀਤ ਸਿੰਘ ਬੱਬੂ ਵਜੋਂ ਹੋਈ ਹੈ।

ਥਾਣਾ ਸਦਰ ਤਰਨਤਾਰਨ ਦੀ ਪੁਲੀਸ ਵਲੋਂ ਇਸ ਮਾਮਲੇ ਵਿਚ ਹਰਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਮਲਕੀਤ ਸਿੰਘ ਉਰਫ ਸ਼ੇਰ, ਅਮਰਜੀਤ ਸਿੰਘ, ਮਨਦੀਪ ਸਿੰਘ ਉਰਫ ਮੱਸਾ ਅਤੇ ਜ਼ਖ਼ਮੀ ਗੁਰਜੰਟ ਸਿੰਘ ਵਾਸੀ ਪਿੰਡ ਬਚੜੇ ਨੂੰ ਅਦਾਲਤ ਮੋਹਾਲੀ ਵਿਚ ਪੇਸ਼ ਕਰਕੇ ਹਰਜੀਤ ਸਿੰਘ, ਗੁਰਜੰਟ ਸਿੰਘ ਅਤੇ ਅੰਮ੍ਰਿਤ ਸਿੰਘ ਦਾ ਰਿਮਾਂਡ ਹਾਸਲ ਕਰਕੇ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਵੇਲੇ ਬਿਕਰਮ ਸਿੰਘ ਪੰਜਵੜ ਆਸਟਰੀਆ ਵਿਚ ਰਹਿ ਰਿਹਾ ਹੈ।

ਉਧਰ ਹਰਜੀਤ ਸਿੰਘ ਦੇ ਪਿਤਾ ਹਰਦੇਵ ਸਿੰਘ, ਮਾਤਾ ਮਨਜੀਤ ਕੌਰ, ਪਤਨੀ ਪਵਿੱਤਰ ਕੌਰ, ਭੈਣ ਸ਼ਰਨਜੀਤ ਕੌਰ ਨੂੰ ਆਪਣੇ ਬਿਆਨ ਦਰਜ ਕਰਵਾਉਣ ਸਬੰਧੀ ਮੋਹਾਲੀ ਦਫਤਰ ਸੱਦਿਆ ਸੀ। ਇਸੇ ਤਰ੍ਹਾਂ ਹੁਣ ਐਨਆਈਏ ਟੀਮ ਵਾਰੀ-ਵਾਰੀ ਅੰਮ੍ਰਿਤਪਾਲ ਸਿੰਘ ਅਤੇ ਗੁਰਜੰਟ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਦਫਤਰ ਸੱਦ ਰਹੀ ਹੈ ਤਾਂ ਜੋ ਇਨ੍ਹਾਂ ਸਾਰਿਆਂ ਦੇ ਬਿਆਨ ਲੈਣ ਉਪਰੰਤ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਜਾ ਸਕੇ।



### ਹਿੰਦੂ ਲੀਡਰਾਂ ਨੂੰ ਧਮਕੀਆਂ ਦੇਣ ਵਾਲਾ ਬਲਜੀਤ ਸਿੰਘ ਬਾਊ ਗ੍ਰਿਫ਼ਤਾਰ

**ਤਰਨ ਤਾਰਨ/ਏਟੀ ਨਿਊਜ਼ :** ਥਾਣਾ ਸਦਰ ਦੀ ਪੁਲਿਸ ਨੇ ਇਕ ਵਰਗ ਨੂੰ ਸੋਸ਼ਲ ਮੀਡੀਆ 'ਤੇ ਧਮਕਾਉਣ, ਲੋਕਾਂ ਵਿਚ ਨਫ਼ਰਤ ਪੈਦਾ ਕਰਨ ਵਾਲੇ ਸੰਦੇਸ਼ ਭੇਜਣ ਤੇ ਸਮਾਜ ਵਿਚ ਲੋਕਾਂ ਵਿਚ ਅਸ਼ਾਂਤੀ ਪੈਦਾ ਕਰਨ ਦੇ ਦੋਸ਼ ਹੇਠ ਬਲਜੀਤ ਸਿੰਘ ਉਰਫ਼ ਬਾਊ ਸਰਾਏ ਦੀਵਾਨਾਂ ਨੂੰ ਗ੍ਰਿਫ਼ਤਾਰ ਕਰਕੇ ਉਸ ਖ਼ਿਲਾਫ਼ ਕੇਸ ਦਰਜ ਕੀਤਾ ਹੈ ਜਦਕਿ ਇਕ ਹੋਰ ਅਣਪਛਾਤੇ ਵਿਅਕਤੀ ਨੂੰ ਵੀ ਇਸ ਮਾਮਲੇ ਵਿਚ ਨਾਮਜ਼ਦ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੁਲਿਸ ਵਲੋਂ ਗ੍ਰਿਫ਼ਤਾਰ ਕੀਤੇ ਗਏ ਵੱਖ-ਵੱਖ ਵਿਅਕਤੀਆਂ ਦੇ ਬਿਆਨਾਂ 'ਤੇ 4 ਹੋਰ ਨੌਜਵਾਨਾਂ ਨੂੰ ਵੀ ਗ੍ਰਿਫ਼ਤਾਰ ਕਰਕੇ ਉਨ੍ਹਾਂ ਪਾਸੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

### 8 ਮੋਬਾਇਲਾਂ ਦੀ ਕੀਤੀ ਜਾ ਰਹੀ ਜਾਂਚ

ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਇਨ੍ਹਾਂ 5 ਮੁਲਜ਼ਮਾਂ ਦੇ ਕੋਲੋਂ ਬਰਾਮਦ 8 ਮੋਬਾਇਲਾਂ ਦੀ ਚੰਡੀਗੜ੍ਹ ਸਥਿਤ ਸਾਈਬਰ ਸੈਲ ਵਲੋਂ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

ਇਨ੍ਹਾਂ ਮੋਬਾਇਲਾਂ ਨਾਲ ਪਾਕਿਸਤਾਨ ਸਮੇਤ ਹੋਰਨਾਂ ਦੇਸਾਂ ਵਿਚ ਬੈਠੇ ਖਾੜਕੂ ਸੰਗਠਨ ਨਾਲ ਇਸ ਦੇ ਕਿਸ ਤਰ੍ਹਾਂ ਦੇ ਸੰਬੰਧ ਸਨ, ਇਸ ਦਾ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਇਨ੍ਹਾਂ ਮੋਬਾਇਲਾਂ ਵਿਚ ਬੈਂਕ ਸੰਬੰਧੀ ਐਪਲੀਕੇਸ਼ਨਜ਼ ਤੋਂ ਵੀ ਇਹ ਪਤਾ ਲਾਇਆ ਜਾ ਰਿਹਾ ਹੈ ਕਿ ਇਨ੍ਹਾਂ ਨੂੰ ਵਿਦੇਸ਼ਾਂ ਤੋਂ ਖਾਲਿਸਤਾਨ ਦੇ ਲਈ ਕਿੰਨੀ ਫੰਡਿੰਗ ਹੋ ਚੁੱਕੀ ਹੈ। ਓਧਰ ਐਨਆਈਏ ਵਲੋਂ ਜ਼ਿਲ੍ਹਾ ਤਰਨਤਾਰਨ ਦੇ ਵੱਖ-ਵੱਖ ਥਾਣਿਆਂ ਤੋਂ ਇਸ ਬਲਾਸਟ ਅਤੇ ਖਾੜਕੂ ਮਾਮਲੇ ਵਿਚ ਕੁਝ ਹੋਰ ਰਿਕਾਰਡ ਕਬਜ਼ੇ ਵਿਚ ਲਿਆ ਗਿਆ ਹੈ।

### ਡਰੋਨ ਸਾੜਨ ਦੇ ਮਾਮਲੇ ਵਿਚ ਰੌਬਿਨ ਗ੍ਰਿਫ਼ਤਾਰ

ਕਾਊਂਟਰ ਇੰਟੈਲੀਜੈਂਸ ਵਲੋਂ ਖ਼ਾਲਿਸਤਾਨ ਜ਼ਿੰਦਾਬਾਦ ਫ਼ੋਰਸ ਦੇ ਇਕ ਹੋਰ ਲੋੜੀਂਦੇ ਕਥਿਤ ਦੋਸ਼ੀ ਰੋਬਿਨਪ੍ਰੀਤ ਸਿੰਘ ਉਰਫ਼ ਰੋਬਿਨ ਵਾਸੀ ਪਿੰਡ ਝਬਾਲ ਜ਼ਿਲ੍ਹਾ ਤਰਨ ਤਾਰਨ ਨੂੰ ਬੀਤੇ ਦਿਨੀਂ ਗ੍ਰਿਫ਼ਤਾਰ ਕੀਤਾ ਗਿਆ। ਇਸ ਦੇ ਨਾਲ ਹੀ ਡਰੋਨ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਦੀ ਗਿਣਤੀ 9 ਤੱਕ ਪੁੱਜ ਗਈ ਹੈ। ਗ੍ਰਿਫ਼ਤਾਰ ਕੀਤੇ ਨੌਜਵਾਨ ਰੋਬਿਨ ਦਾ ਪਾਕਿਸਤਾਨ ਤੋਂ ਹਥਿਆਰਾਂ ਦੀ ਖੇਪ ਲੈ ਕੇ ਇਥੇ ਪੁੱਜੇ ਵਿਸ਼ੇਸ਼ ਡਰੋਨ ਨੂੰ ਸਾੜ ਕੇ ਟਿਕਾਣੇ ਲਾਉਣ ਵਿਚ ਹੱਥ ਮੰਨਿਆ ਜਾ ਰਿਹਾ ਹੈ, ਜਿਸ ਦਾ ਨਾਂਅ ਬੀਤੇ ਦਿਨੀਂ ਗ੍ਰਿਫ਼ਤਾਰ ਕੀਤੇ ਖਾੜਕੂਆਂ ਤੋਂ ਕੀਤੀ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਸੀ। ਪੁਲਿਸ ਅਨੁਸਾਰ ਡਰੋਨ ਰਾਹੀਂ 5 ਏ.ਕੇ. 47 ਰਾਈਫ਼ਲਾਂ, 9 ਹੈਂਡ ਗ੍ਰਨੇਡ, 5 ਸੈਟੇਲਾਈਟ ਫ਼ੋਨ, 472 ਗੋਲੀਆਂ ਤੇ ਹੋਰ ਅਤਿ ਆਧੁਨਿਕ ਹਥਿਆਰ ਤੇ ਸਾਜ਼ੋ-ਸਾਮਾਨ ਡਰੋਨ ਰਾਹੀਂ ਪਾਕਿਸਤਾਨ ਤੋਂ ਭੇਜੇ ਗਏ ਸਨ।

### ਕੀ ਕਹਿੰਦੇ ਹਨ ਡੀਜੀਪੀ

ਪੰਜਾਬ ਦੇ ਡੀਜੀਪੀ. ਦਿਨਕਰ ਗੁਪਤਾ ਨੇ ਕਿਹਾ ਕਿ ਇਸ ਸਾਜਿਸ਼ ਦਾ ਪਰਦਾਫ਼ਾਸ਼ ਸੂਤਰਾਂ ਤੋਂ ਪ੍ਰਾਪਤ ਕੀਤੀ ਸੂਚਨਾ ਤੋਂ ਬਾਅਦ ਕੀਤਾ ਗਿਆ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਪਾਬੰਦੀਸ਼ੁਦਾ ਕੇਜ਼ੈੱਡਐਫ਼ ਦੇ ਕਾਰਕੁਨਾਂ ਨੇ ਜੰਮੂ-ਕਸ਼ਮੀਰ, ਪੰਜਾਬ ਅਤੇ ਹੋਰਨਾਂ ਸੂਬਿਆਂ ਵਿਚ ਹਮਲੇ ਕਰਨ ਦੀ ਯੋਜਨਾ ਬਣਾਈ ਸੀ।

# ਬੁਰਾ ਸੁਪਨਾ ਸਾਬਤ ਹੋਵੇਗੀ ਬਾਦਲ ਦਲ ਲਈ ਭਾਜਪਾ

**ਬਘੇਲ ਸਿੰਘ ਧਾਲੀਵਾਲ**

ਅਕਾਲੀ ਦਲ (ਬਾਦਲ) ਵੱਲੋਂ ਹਰਿਆਣੇ ਵਿੱਚ ਇਕੱਲਿਆਂ ਭਾਵ ਭਾਜਪਾ ਤੋ ਅਲਹਿਦਾ ਹੋ ਕੇ ਚੋਣਾਂ ਲੜਨ ਦਾ ਕੀਤਾ ਗਿਆ ਨਾਟਕ ਕੋਈ ਨਵਾਂ ਇਤਿਹਾਸ ਸਿਰਜਣ ਦੇ ਸਮਰੱਥ ਨਹੀ ਹੋ ਸਕਦਾ,ਕਿਉਂਕਿ ਇਸ ਤਰ੍ਹਾਂ ਦੇ ਤਜਰਬੇ ਹਰਿਆਣੇ ਵਿੱਚ ਪਹਿਲਾਂ ਵੀ ਹੁੰਦੇ ਰਹੇ ਹਨ, ਜਿਸ ਦਾ ਕਦੇ ਵੀ ਅਕਾਲੀ ਦਲ ਤੇ ਭਾਜਪਾ ਗੱਠਜੋੜ ਤੇ ਕੋਈ ਬੁਰਾ ਪ੍ਰਭਾਵ ਨਹੀ ਪਿਆ, ਕਿਉਕਿ ਦੋਨੋ ਹੀ ਪਾਰਟੀਆਂ ਇੱਕ ਦੂਜੇ ਨਾਲ ਖੁਦਗਰਜ਼ੀ ਨਾਲ ਜੁੜੀਆਂ ਹੋਈਆਂ ਹਨ। ਜੇਕਰ ਬਾਦਲ ਦਲ ਨੂੰ ਸੂਬੇ ਦੀ ਸੂਬੇਦਾਰੀ ਅਤੇ ਕੇਂਦਰ ਵਿੱਚ ਰਾਖਵੀਂ ਪਰਿਵਾਰਕ ਕੁਰਸੀ ਦਾ ਲਾਲਚ ਹੈ,ਤਾਂ ਭਾਜਪਾ ਨੂੰ ਵੀ ਪੰਜਾਬ ਅੰਦਰ ਆਪਣੀ ਸਥਾਪਤੀ ਲਈ ਬਾਦਲ ਦਲ ਦੀ ਜਰੂਰਤ ਰਹੀ ਹੈ, ਜਿਸ ਦੇ ਸਿਰ 'ਤੇ ਅੱਜ ਭਾਜਪਾ ਪੰਜਾਬ ਅੰਦਰ ਅਪਣਾ ਮਜਬੂਤ ਅਧਾਰ ਬਨਾਉਣ ਵਿੱਚ ਸਫਲ ਹੋ ਸਕੀ ਹੈ। ਅੱਜ ਹਾਲਾਤ ਇਹ ਹਨ ਕਿ ਭਾਜਪਾ ਦੇ ਪੰਜਾਬ ਵਾਲੇ ਨੇਤਾ ਹਰ ਰੋਜ ਭਵਿੱਖ ਵਿੱਚ ਇਕੱਲਿਆਂ ਚੋਣਾਂ ਲੜਨ ਦੇ ਇਸ਼ਾਰੇ ਕਰਦੇ ਰਹਿੰਦੇ ਹਨ,ਪਰੰਤੂ ਅਕਾਲੀ ਦਲ ਦੀ ਭਾਜਪਾ ਨਾਲ ਤੋੜ ਵਿਛੋੜਾ ਕਰਨ ਵਾਲੀ ਨਾ ਹੀ ਸਥਿਤੀ ਹੈ ਤੇ ਨਾ ਹੀ ਦ੍ਰਿੜਤਾ, ਇਹੋ ਕਾਰਨ ਹੈ ਕਿ ਅਕਾਲੀ ਦਲ ਨੇ ਕਦੇ ਵੀ ਭਾਜਪਾ ਆਗੂਆਂ ਵੱਲੋਂ ਪੰਜਾਬ ਵਿੱਚ ਕਮਲ ਦਾ ਫੁੱਲ ਖਿਲਾਉਣ ਦੇ ਭਵਿੱਖੀ ਫੈਸਲੇ ਦਾ ਵਿਰੋਧ ਨਹੀ ਕੀਤਾ। ਦੂਸਰੀ ਗੱਲ ਇਹ ਵੀ ਵਿਚਾਰ ਕਰਨ ਵਾਲੀ ਹੈ ਕਿ ਅਕਾਲੀ ਦਲ ਹਰਿਆਣੇ ਵਿੱਚ ਅਲੱਗ ਹੋ ਕੇ ਚੋਣਾਂ ਲੜ ਰਿਹਾ ਹੈ ਜਦੋ ਕਿ ਪੰਜਾਬ ਵਿੱਚ ਅਕਾਲੀ ਦਲ, ਭਾਜਪਾ ਗੱਠਜੋੜ ਵੱਲੋਂ ਸਾਂਝੇ ਤੌਰ ਤੇ ਜਿਮਨੀ ਚੋਣਾਂ ਲੜੀਆਂ ਜਾ ਰਹੀਆਂ ਹਨ ਅਤੇ ਹਰਸਿਮਰਤ ਕੌਰ ਬਾਦਲ ਕੇਂਦਰੀ ਕੈਬਨਿਟ ਮੰਤਰੀ



ਦੀ ਕੁਰਸੀ ਨੂੰ ਕਿਸੇ ਵੀ ਸੂਰਤ ਵਿੱਚ ਛਡਣ ਦੇ ਰੌਅ ਵਿੱਚ ਨਹੀ ਜਾਪਦੇ,ਫਿਰ ਹਰਿਆਣੇ ਦੀ ਚੋਣ ਭਾਜਪਾ ਤੋਂ ਅਲਾਹਿਦਾ ਹੋਕੇ ਲੜਨ ਨੂੰ ਬਾਦਲ ਦਲ ਦਾ ਨਾਟਕ ਹੀ ਸਮਝਿਆ ਜਾਣਾ ਚਾਹੀਦਾ ਹੈ। ਪਿਛਲੀਆਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਸਮੇ ਅਕਾਲੀ ਦਲ ਨੇ ਭਾਜਪਾ ਤੋਂ ਦਿੱਲੀ ਵਿੱਚ ਅਪਣੀ ਹਿੱਸੇਦਾਰੀ ਦੀ ਮੰਗ ਕੀਤੀ ਸੀ,ਪਰ ਭਾਜਪਾ ਨੇ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਤੱਕੜੀ ਚੋਣ ਨਿਸ਼ਾਨ ਤੇ ਚੋਣ ਨਹੀ ਸੀ ਲੜਨ ਦਿੱਤੀ, ਸਗੋਂ ਦੋ ਅਕਾਲੀ ਉਮੀਦਵਾਰਾਂ ਨੂੰ ਵੀ ਕਮਲ ਦੇ ਫੁੱਲ ਤੇ ਚੋਣ ਲੜਾ ਕੇ ਅਕਾਲੀ ਦਲ ਦੀ ਵੋਟ ਬੈਂਕ ਨੂੰ ਹੀ ਖੋਰਾ ਨਹੀ ਸੀ ਲਾਇਆ ਸਗੋਂ ਅਕਾਲੀ ਉਮੀਦਵਾਰ ਵੀ ਹਥਿਆ ਲਏ ਸਨ,ਜਿਸ ਦੀ ਜਿਉਂਦੀ ਜਾਗਦੀ ਮਿਸਾਲ ਬਾਅਦ ਵਿੱਚ ਜਿਮਨੀ ਚੋਣਾਂ ਵਿੱਚ ਭਾਜਪਾ ਦੀ ਟਿਕਟ ਤੇ ਚੋਣ ਜਿੱਤ ਕੇ ਵਿਧਾਇਕ ਬਣਾਏ ਗਏ ਮਨਜਿੰਦਰ ਸਿੰਘ ਸਿਰਸਾ ਦੇ ਰੂਪ ਵਿੱਚ ਸਭ ਦੇ ਸਾਹਮਣੇ ਹੈ, ਜਿਸ 'ਤੇ ਅਕਾਲੀ ਦਲ ਨੂੰ ਆਪਣਾ ਹੱਕ ਜਿਤਾਉਣ ਤੋ ਵੀ ਵਿਰਵਾ ਕਰ ਦਿੱਤਾ ਹੈ। ਅਕਾਲੀ ਦਲ ਵੱਲੋਂ ਦੋ ਸੀਟਾਂ ਪੰਜਾਬ ਵਿਚ ਭਾਜਪਾ ਨੂੰ ਦੇਣ ਦਾ ਸਾਫ ਮਤਲਬ ਹੈ ਕਿ ਅਕਾਲੀ ਦਲ ਆਪਣੇ ਆਪ ਨੂੰ ਭਾਜਪਾ ਦੇ ਮੁਕਾਬਲੇ ਕਮਜੋਰ ਮੰਨ ਚੁੱਕਾ ਹੈ। ਹੈ। ਜੇਕਰ ਗੱਲ ਭਾਜਪਾ ਦੀ ਕੀਤੀ ਜਾਵੇ ਤਾਂ ਇਹ ਗੱਲ ਬਿਲਕੁਲ ਸਾਫ ਹੈ ਕਿ ਅੱਜ ਪੰਜਾਬ ਅੰਦਰ ਭਾਜਪਾ ਆਪਣੇ ਆਪ ਨੂੰ ਅਕਾਲੀ ਦਲ ਦੇ ਮੁਕਾਬਲੇ ਜ਼ਿਆਦਾ ਮਜਬੂਤ ਸਮਝਦੀ ਹੈ। ਇਹ ਬਾਦਲ ਦੀ ਬਦਨੀਤੀ ਦਾ ਹੀ ਨਤੀਜਾ ਰਿਹਾ ਹੈ ਕਿ ਉਹਨਾਂ ਨੇ ਪੰਜਾਬ ਤੇ ਪੰਥ ਨੂੰ ਪਾਸੇ ਧੱਕ ਕੇ ਉਸ ਪਾਰਟੀ ਨਾਲ ਚੋਣ ਸਮਝੌਤਾ ਕੀਤਾ ਹੋਇਆ ਹੈ,ਜਿਸਦਾ ਸਿਧਾਂਤਕ ਤੌਰ ਤੇ ਅਕਾਲੀ ਦਲ ਨਾਲ ਨਾਲ ਕੋਈ ਮੇਲ ਨਹੀ ਹੈ।

ਇੱਕ ਪਾਸੇ ਦੱਬਵੀਂ ਜ਼ੁਬਾਨ ਨਾਲ ਅਕਾਲੀ ਦਲ ਬਾਦਲ ਹਰਿਆਣੇ ਦੇ ਆਪਣੇ ਇੱਕੋ ਇੱਕ ਵਿਧਾਇਕ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਭਾਜਪਾ ਦੀ ਨੁਕਤਾਚੀਨੀ ਕਰ ਰਿਹਾ ਹੈ, ਜਦੋਂ ਕਿ ਦੂਜੇ ਪਾਸੇ ਕੇਂਦਰ ਦੀ ਮੋਦੀ ਸਰਕਾਰ ਦੇ ਕਿਸੇ ਵੀ ਚੰਗੇ ਮੰਦੇ ਫੈਸਲੇ ਦੀ ਸ਼ਲਾਘਾ ਕਰਨ ਦਾ ਸਮਾਂ ਵੀ ਹੱਥੋਂ ਨਹੀ ਖੁੰਝਣ ਦੇ ਰਿਹਾ। ਜੇਕਰ ਸੱਚਮੁੱਚ ਹੀ ਅਕਾਲੀ ਦਲ ਇਹ ਮਹਿਸੂਸ ਕਰਦਾ ਹੈ ਕਿ ਭਾਜਪਾ ਅਕਾਲੀ ਦਲ ਨੂੰ

ਬਾਕੀ ਸਫ਼ਾ 28 'ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES
09 ਅਕਤੂਬਰ 2019 ਤੋਂ 15 ਅਕਤੂਬਰ 2019

# ਜੇ ਭਾਰਤ ਹਿੰਦੂ ਰਾਸ਼ਟਰ ਹੈ ਤਾਂ ਸਿੱਖਾਂ ਦਾ ਦੇਸ਼ ਕਿਹੜਾ ਹੈ ?

**- ਮਨਜੀਤ ਸਿੰਘ ਟਿਵਾਣਾ**

ਭਾਰਤ ਵਿਚ ਹਿੰਦੂਤਵੀਆਂ ਦੀ ਬਹੁਚਰਚਿਤ ਜਮਾਤ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਇਕ ਵਾਰ ਮੁੜ ਸਮੂਹ ਭਾਰਤੀਆਂ ਅਤੇ ਵਿਸ਼ਵ ਨੂੰ ਚੇਤਾਇਆ ਹੈ ਕਿ ਭਾਰਤ ਇਕ ਹਿੰਦੂ ਰਾਸ਼ਟਰ ਹੈ। ਉਹ ਪਹਿਲਾਂ ਵੀ ਅਜਿਹਾ ਕਈ ਵਾਰ ਕਹਿ ਚੁੱਕੇ ਹਨ ਪਰ ਭਾਰਤ ਦੇ ਬਹੁਤ ਸਾਰੇ ਤਥਾਕਥਿਤ ਧਰਮ ਨਿਰਪੱਖ, ਖੱਬੇ ਪੱਖੀ ਤੇ ਕੱਚੇ-ਪਿੱਲੇ ਸਿੱਖ ਇਹ ਕੌੜਾ ਸੱਚ ਸਵੀਕਾਰ ਨਹੀਂ ਕਰ ਪਾ ਰਹੇ ਕਿ ਭਾਰਤ ਸੱਚਮੁੱਚ ਇਕ ਹਿੰਦੂ ਰਾਸ਼ਟਰ ਹੈ। ਭਾਰਤ ਦੇ ਇਕ ਕਥਿਤ ਧਰਮ ਨਿਰਪੱਖ ਰਾਜ ਹੋਣ ਦੀ ਡੌਂਡਕੀ ਕਈ ਸਿਆਸੀ ਧਿਰਾਂ ਵੀ ਦਹਾਕਿਆਂ ਤੋਂ ਪਿੱਟਦੀਆਂ ਆ ਰਹੀਆਂ ਹਨ, ਜਿਨ੍ਹਾਂ ਨੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਲਈ ਉਪਰੋਂ-ਉਪਰੋਂ ਧਰਮ ਨਿਰਪੱਖਤਾ ਦਾ ਨਕਾਬ ਪਹਿਨਿਆ ਹੋਇਆ ਹੈ ਤੇ ਅੰਦਰਖਾਤੇ ਉਹ ਹਮੇਸ਼ਾ ਹਿੰਦੂ-ਹਿੰਦੀ-ਹਿੰਦੂਸਤਾਨ ਲਈ ਹੀ ਸਮਰਪਿਤ ਰਹੀਆਂ ਹਨ। ਸੰਘ ਪਰਿਵਾਰ ਵਲੋਂ ਹਰ ਸਾਲ ਦੁਸਹਿਰੇ ਵਾਲੇ ਦਿਨ ਆਪਣੇ ਹੈਡਕੁਆਰਟਰ ਨਾਗਪੁਰ ਵਿਖੇ ਹਥਿਆਰਾਂ ਦੀ ਪੂਜਾ ਕੀਤੀ ਜਾਂਦੀ ਹੈ। ਇਸ ਵਾਰ ਵੀ ਅਜਿਹਾ ਕੀਤਾ ਗਿਆ। ਪੂਜਾ ਤੋਂ ਬਾਅਦ ਸਮਾਗਮ ਨੂੰ ਸੰਬੋਧਨ ਕਰਦਿਆਂ ਸੰਘ ਮੁਖੀ ਭਾਗਵਤ ਨੇ ਇਕ ਵਾਰ ਫਿਰ ਕਿਹਾ ਕਿ ਭਾਰਤ ਇਕ ਹਿੰਦੂ ਦੇਸ਼ ਹੈ ਤੇ ਇਸ ਦੇਸ਼ ਵਿਚ ਰਹਿਣ ਵਾਲੇ ਸਾਰੇ ਹਿੰਦੂ ਹਨ। ਮੋਹਨ ਭਾਗਵਤ ਦਾ ਭਾਰਤ ਹਿੰਦੂ ਦੇਸ਼ ਹੋ ਸਕਦਾ ਹੈ ਪਰ ਇਹ ਕਹਿਣਾ ਨਿਰਾ ਝੂਠ ਤੇ ਫਾਸ਼ੀਵਾਦੀ ਹੈ ਕਿ ਇਥੇ ਰਹਿਣ ਵਾਲੇ ਸਾਰੇ ਲੋਕ ਹਿੰਦੂ ਹਨ। ਦਰਅਸਲ ਬਿਪਰਵਾਦੀਆਂ ਦੀ ਫਾਸ਼ੀਵਾਦੀ ਸੋਚ ਦਾ ਇਹ ਦੰਭ ਹੀ ਹੈ, ਜਿਸ ਨੂੰ ਸਮਝਣ ਵਿਚ ਲੋਕ ਅਕਸਰ ਟਪਲਾ ਖਾ ਜਾਂਦੇ ਹਨ। ਭਾਰਤ ਦੀ ਇਕ ਹਿੰਦੂ ਰਾਸ਼ਟਰ ਵੱਜੋਂ ਨੀਂਹ 15 ਅਗਸਤ 1947 ਨੂੰ ਹੀ ਰੱਖ ਦਿੱਤੀ ਗਈ ਸੀ, ਜਦੋਂ ਦੋ ਕੌਮਾਂ ਦਾ ਸਿਧਾਂਤ ਮੰਨ ਕੇ ਮੁਸਲਮਾਨਾਂ ਲਈ ਧਰਮ ਦੇ ਅਧਾਰ ਉਤੇ ਇਕ ਵੱਖਰੇ ਦੇਸ਼ ਪਾਕਿਸਤਾਨ ਦੀ ਸਥਾਪਨਾ ਕੀਤੀ ਗਈ ਸੀ। ਇਥੇ ਹੀ ਸਿੱਖ ਕੌਮ ਨਾਲ ਵੱਡੀ ਠੱਗੀ ਵੱਜੀ ਸੀ। ਜਦੋਂ ਮੁਸਲਮਾਨਾਂ ਲਈ ਇਕ ਵੱਖਰਾ ਦੇਸ਼ ਬਣ ਰਿਹਾ ਸੀ ਤਾਂ ਸਿੱਖ ਲੀਡਰਸ਼ਿਪ ਇਹ ਨਾ ਸਮਝ ਸਕੀ ਕਿ ਨਹਿਰੂ-ਗਾਂਧੀ ਤੇ ਪਟੇਲ ਦੇ ਕਥਿਤ ਧਰਮ-ਨਿਰਪੱਖਤਾ ਦੇ ਲਬਾਦੇ ਹੇਠ ਭਾਰਤ ਨਾਂ ਦਾ ਇਕ ਹਿੰਦੂ ਰਾਸ਼ਟਰ ਹੀ ਛੁਪਿਆ ਹੋਇਆ ਹੈ। ਇਹੋ ਸੱਚ ਜਦੋਂ ਅੱਜ ਮੋਹਨ ਭਾਗਵਤ ਰਾਹੀਂ ਸਾਡੇ ਸਿਰ ਚੜ੍ਹ ਕੇ ਬੋਲ ਰਿਹਾ ਹੈ, ਤਾਂ ਬਹੁਤ ਸਾਰੇ "ਅਕਲ ਦੇ ਅੰਨ੍ਹੇ" ਮੁੜ ਭਾਰਤੀ ਸੰਵਿਧਾਨ ਦੀ ਉਸ ਪ੍ਰਸਤਾਵਨਾ ਦਾ ਪਾਠ ਸੁਣਾਉਣ ਲੱਗ ਜਾਂਦੇ ਹਨ, ਜੋ ਕਈ "ਅਕਲ ਦੇ ਅੰਨ੍ਹਿਆਂ" ਨੇ ਉਸ ਵਕਤ ਹਿੰਦੂਤਵ ਦੇ ਉਸ ਦੰਭ ਨੂੰ ਨਾ ਪਹਿਚਾਣਦਿਆਂ ਲਿਖੀ ਸੀ, ਜਿਸ ਨੂੰ ਮੁਸਲਮਾਨਾਂ ਦਾ ਆਗੂ ਮੁਹੰਮਦ ਅਲੀ ਜਿਨਾਹ ਭਲੀਭਾਂਤ ਬੁੱਝ ਗਿਆ ਸੀ। ਉਸ ਭਲੇ ਪੁਰਸ਼ ਨੇ ਤਾਂ ਸਿੱਖਾਂ ਨੂੰ ਵੀ ਸੁਚੇਤ ਕੀਤਾ ਸੀ ਪਰ ਸਿੱਖ ਆਗੂ ਉਸ ਵੇਲੇ ਹਿੰਦੂਤਵੀਆਂ ਦੀ ਚਾਣਕਿਆ ਨੀਤੀ ਨੂੰ ਨਹੀਂ ਸਮਝ ਸਕੇ। ਸੰਨ 1947 ਤੋਂ ਬਾਅਦ ਭਾਰਤੀ ਹਿੰਦੂ ਆਗੂਆਂ ਨੇ ਸਿੱਖਾਂ ਨਾਲ ਸ਼ਰੇਆਮ ਵਿਸਾਹਘਾਤ ਕੀਤਾ ਪਰ ਅਸੀਂ ਅੱਜ ਵੀ ਇਸ ਸੱਚ ਨੂੰ ਮੰਨ ਲੈਣ ਤੋਂ ਇਨਕਾਰੀ ਹੋ ਰਹੇ ਹਾਂ ਕਿ ਭਾਰਤ ਇਕ ਹਿੰਦੂ ਰਾਸ਼ਟਰ ਹੈ ਤੇ ਸਿੱਖ ਇਸ ਦੇਸ਼ ਵਿਚ ਜਾਂ ਤਾਂ ਗੁਲਾਮ ਹਨ ਜਾਂ ਫਿਰ ਮੋਹਨ ਭਾਗਵਤ ਦੇ ਆਖੇ ਮੁਤਾਬਕ ਹਿੰਦੂ ਹੀ ਹਨ। ਭਾਗਵਤ ਦੇ ਆਖੇ ਮੁਤਾਬਿਕ ਇਹ ਨਹੀਂ ਹੋ ਸਕਦਾ ਕਿ ਸਿੱਖ ਭਾਰਤ ਵਿਚ ਰਹਿ ਕੇ ਆਪਣੇ-ਆਪ ਨੂੰ ਇਕ ਵੱਖਰੀ ਅਜ਼ਾਦ ਕੌਮ ਮੰਨੀ ਜਾਣ। ਇਸੇ ਕਰ ਕੇ ਸੰਵਿਧਾਨ ਦੀ ਧਾਰਾ-25 ਵਿਚ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਦਰਸਾਇਆ ਗਿਆ ਹੈ। ਗੌਰ ਕਰਨਯੋਗ ਹੈ ਕਿ ਮੋਹਨ ਭਾਗਵਤ ਮਹਿਜ਼ ਹਿੰਦੂਆਂ ਦੀ ਇਕ ਜਥੇਬੰਦੀ ਦਾ ਆਗੂ ਨਹੀਂ ਹੈ, ਸਗੋਂ ਉਹ ਦੇਸ਼ ਦੇ ਕੇਂਦਰ ਵਿਚ ਅਤੇ ਬਹੁਗਿਣਤੀ ਰਾਜਾਂ ਵਿਚ ਸੱਤਾ ਉਤੇ ਕਾਬਜ਼ ਭਾਰਤੀ ਜਨਤਾ ਪਾਰਟੀ ਦਾ ਵੀ 'ਸਾਰਾ ਕੁਝ' ਹੈ। ਮੋਹਨ ਭਾਗਵਤ ਨੇ ਸਾਡੇ ਲਈ ਲਕੀਰ ਖਿੱਚ ਦਿੱਤੀ ਹੈ ਕਿ ਤੁਸੀਂ ਜਾਂ ਤਾਂ ਖਾਲਿਸਤਾਨ ਪੱਖੀ ਹੋ ਸਕਦੇ ਹੋ ਜਾਂ ਹਿੰਦੋਸਤਾਨ ਪੱਖੀ, ਵਿਚ ਵਿਚਾਲੇ ਦਾ ਕੋਈ ਤੀਜਾ ਰਾਹ ਨਹੀਂ ਹੈ। ਸ਼ਾਇਦ ਭਾਰਤ ਨੂੰ ਵੱਖ-ਵੱਖ ਧਰਮਾਂ, ਬੋਲੀਆਂ ਤੇ ਸੱਭਿਆਚਾਰਾਂ ਦੇ ਰੂਪ ਵਿਚ ਇਕ ਸੱਚਮੁੱਚ ਦੇ ਸੰਘੀ ਢਾਂਚੇ ਦੇ ਹਮਾਇਤੀ, ਹੁਣ ਵੀ ਮੋਹਨ ਭਾਗਵਤ ਵੱਲੋਂ ਦਿਖਾਏ ਗਏ ਸ਼ੀਸ਼ੇ ਵਿਚੋਂ ਅਸਲੀ ਹਿੰਦੂਤਵੀ ਭਾਰਤ ਦੀ ਤਸਵੀਰ ਨਹੀਂ ਦੇਖ ਸਕਣਗੇ। ਉਨ੍ਹਾਂ ਕੋਲ ਕਿੰਨੇ ਹੀ ਹੋਰ ਤਰਕ-ਵਿਤਰਕ ਹੋ ਸਕਦੇ ਹਨ ਪਰ ਹਕੀਕਤ ਵਿਚ ਭਾਰਤ ਇਕ ਹਿੰਦੂ ਰਾਸ਼ਟਰ ਸੀ ਤੇ ਹੈ ਅਤੇ ਸਿੱਖਾਂ, ਮੁਸਲਮਾਨਾਂ, ਇਸਾਈਆਂ, ਬੋਧੀਆਂ, ਕਸ਼ਮੀਰੀਆਂ ਜਾਂ ਹੋਰ ਵੱਖਰੀ ਕੌਮ ਦਾ ਦਮ ਭਰਦੇ ਲੋਕਾਂ ਕੋਲ ਦੋ ਹੀ ਰਾਹ ਹਨ। ਉਨ੍ਹਾਂ ਰਾਹਵਾਂ ਦੀ ਨਿਸ਼ਾਨਦੇਹੀ ਮੋਹਨ ਭਾਗਵਤ ਨੇ ਬੋਲ ਕੇ ਕੀਤੀ ਹੈ ਪਰ ਇਸ ਦੇਸ਼ ਦਾ ਰਾਜਸੀ ਤੇ ਪ੍ਰਸ਼ਾਸਕੀ ਤੰਤਰ ਹੁਣ ਤਕ ਕਿੰਨੀ ਹੀ ਵਾਰ ਇਨ੍ਹਾਂ ਰਾਹਵਾਂ ਦੀ ਅਮਲੀ ਤੌਰ 'ਤੇ ਤਸਦੀਕ ਕਰ ਚੁੱਕਾ ਹੈ। ਸਿੱਖਾਂ ਨੂੰ ਜੂਨ-1984 ਤੇ ਨਵੰਬਰ-1984 ਦੇ ਘੱਲੂਘਾਰਿਆਂ ਰਹੀਂ ਇਹੋ ਸੁਨੇਹਾ ਦਿੱਤਾ ਗਿਆ ਸੀ ਤੇ ਮੁਸਲਮਾਨਾਂ ਨੂੰ ਗੋਧਰਾ ਤੇ ਮੁਜ਼ੱਫਰਨਗਰ ਵਿਚ ਦੱਸਿਆ ਜਾ ਚੁੱਕਾ ਹੈ। ਬਹੁਤ ਸਾਰੇ ਸਿੱਖ ਹਾਲਾਂ ਵੀ ਕਥਿਤ ਧਰਮ ਨਿਰਪੱਖ ਭਾਰਤੀ ਸੰਵਿਧਾਨ ਦੀ ਗੱਲ ਕਰਦੇ ਹਨ, ਜਿਸ ਦੀਆਂ ਹਮੇਸ਼ਾ ਤੋਂ ਧੱਜੀਆਂ ਉਡਦੀਆਂ ਆ ਰਹੀਆਂ ਹਨ, ਜਿਹੜਾ ਸਿੱਖਾਂ ਦੀ ਵੱਖਰੀ ਹੋਂਦ-ਹਸਤੀ ਨੂੰ ਹੀ ਮੰਨਣ ਤੋਂ ਇਨਕਾਰੀ ਹੈ। ਇਨ੍ਹਾਂ ਲੋਕਾਂ ਨੂੰ ਇਹ ਗੱਲ ਵੀ ਭੋਰਾ ਨਹੀਂ ਪੋਹਦੀ ਕਿ ਇਸ ਸੰਵਿਧਾਨ ਦੇ ਸਿੱਖ-ਵਿਰੋਧੀ ਸਰੂਪ ਕਰਕੇ ਹੀ ਸਿੱਖ ਨੁਮਾਇੰਦਿਆਂ ਨੇ ਇਸ 'ਤੇ ਦਸਤਖਤ ਤਕ ਨਹੀਂ ਸੀ ਕੀਤੇ।

ਮੋਹਨ ਭਾਗਵਤ ਦੇ ਸੱਜਰੇ ਬਿਆਨ ਸਾਹਮਣੇ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਉਹ ਬਿਆਨ ਰੱਖ ਕੇ ਦੇਖੋ ਤੇ ਪਰਖੋ ਕਿ ਕੀ ਅਰਥ ਨਿਕਲਦੇ ਹਨ, ਜਿਸ ਵਿਚ ਸੰਤ ਜੀ ਭਾਰਤ ਨਾਲ ਰਹਿਣ ਦੀ ਸ਼ਰਤ ਵੱਜੋਂ ਆਖਦੇ ਹਨ ਕਿ "ਹਾਂ ਅਸੀਂ ਸਿੱਖ ਭਾਰਤ ਨਾਲ ਰਹਿਣਾ ਚਾਹੁੰਦੇ ਹਾਂ ਪਰ ਦੋ ਨੰਬਰ ਦੇ ਸ਼ਹਿਰੀ ਬਣ ਕੇ ਨਹੀਂ, ਬਰਾਬਰ ਦੇ ਹੱਕਦਾਰ ਬਣ ਕੇ ਰਹਿਣਾ ਚਾਹੁੰਦੇ ਹਾਂ। ਇਹ ਹੁਣ ਹਿੰਦੂਆਂ ਨੇ ਸੋਚਣਾ ਹੈ ਕਿ ਸਿੱਖਾਂ ਨੂੰ ਨਾਲ ਰੱਖਣਾ ਹੈ ਕਿ ਨਹੀਂ ?" ਸੰਘ ਮੁਖੀ ਦੇ ਹੁਣ ਦੇ ਬਿਆਨ ਅਤੇ ਸੰਘੀ ਵਿਚਾਰਧਾਰਾ ਮੁਤਾਬਿਕ ਹਿੰਦੂਆਂ ਨੇ ਇਹ ਸੋਚ ਲਿਆ ਹੈ ਕਿ ਉਹ ਮੁਸਲਮਾਨਾਂ ਨੂੰ ਪਾਕਿਸਤਾਨ ਦਾ ਚੁੱਕੇ ਹਨ ਤੇ ਬਾਕੀ ਬਚਦਾ ਸਾਰਾ ਦੇਸ਼ ਇਕ ਹਿੰਦੂ ਰਾਸ਼ਟਰ ਹੈ। ਹਿੰਦੂਤਵੀਆਂ ਦੀ ਇਸ ਮਨਸ਼ਾ ਨੂੰ ਸਿੱਖ ਕੌਮ ਨੂੰ ਦੂਰ-ਦ੍ਰਿਸ਼ਟੀ ਨਾਲ ਵੇਖਣਾ ਤੇ ਸਮਝਣਾ ਪਵੇਗਾ। ਹਿੰਦੂ ਰਾਸ਼ਟਰ ਵਿਚ ਰਹਿਣ ਦੀ ਸ਼ਰਤ ਹਿੰਦੂ ਹੋਣਾ ਹੈ। ਹੁਣ ਸਿੱਖਾਂ ਨੇ ਸੋਚਣਾ ਹੈ ਕਿ ਜੇ ਉਹ ਹਿੰਦੂ ਨਹੀਂ ਹਨ, ਤਾਂ ਉਨ੍ਹਾਂ ਦਾ ਦੇਸ਼ ਕਿਹੜਾ ਹੈ ?

# ਭਾਈ ਜ਼ਿੰਦੇ ਤੇ ਸੁੱਖੇ ਦੀ ਸ਼ਹਾਦਤ ਨੂੰ ਯਾਦ ਕਰਦਿਆਂ

**ਜਸਪਾਲ ਸਿੰਘ ਹੇਰਾਂ**



ਕਲਗੀਧਰ ਪਿਤਾ ਨੇ ਖਾਲਸੇ ਦੀ ਨਿਆਰੀ ਹੋਂਦ ਇਸ ਧਰਤੀ ਤੇ ਹੁੰਦੇ ਜ਼ੋਰ-ਜਬਰ ਦੇ ਖਾਤਮੇ ਲਈ ਸਿਰਜੀ ਸੀ। ਇਹ ਅਜਿਹੀ ਜਿਉਂਦੀ ਜਾਗਦੀ ਕੌਮ ਹੈ, ਜਿਸ ਨੇ ਅਥਾਹ ਕੁਰਬਾਨੀਆਂ ਦੇ ਕੇ, ਧਰਤੀ ਦੇ ਇਤਿਹਾਸ 'ਚ ਹੱਕ-ਸੱਚ ਤੇ ਇਨਸਾਫ਼ ਦੀ ਜੰਗ ਦਾ ਇੱਕ ਸੁਨਿਹਰੀ ਪੰਨਾ ਸਿਰਜਣ ਦੇ ਨਾਲ-ਨਾਲ ਦੁਨੀਆ ਨੂੰ 'ਸੰਤ-ਸਿਪਾਹੀ' ਦੀ ਨਵੀਂ ਤਰਜ਼-ਏ-ਜ਼ਿੰਦਗੀ ਦੇ ਰੂ-ਬ-ਰੂ ਵੀ ਕਰਵਾਇਆ। ਅਧਿਆਤਮਕ ਬੁਲੰਦੀਆਂ ਤੇ ਪੁੱਜ ਕੇ ਸੰਸਾਰਕ ਔਕੜਾਂ ਸਾਹਮਣੇ ਖੜ੍ਹੇ ਰਹਿਣ ਦੀ ਜਾਚ ਸਿਖਾਈ। ਇਸੇ ਕਾਰਨ 'ਸਿੱਖੀ ਵਾਲਹੁ ਨਿੱਕੀ, ਖੰਨਿਓ ਤਿੱਖੀ' ਹੋ ਨਿਬੜੀ। ਸਿੱਖ ਇਤਿਹਾਸ ਦੀ ਇਕ ਤੋਂ ਬਾਅਦ ਇਕ ਕੁਰਬਾਨੀ ਆਪਣੇ-ਆਪ 'ਚ ਇਤਿਹਾਸ ਹੈ, ਕੁਰਬਾਨੀ ਦੀ ਅਨੋਖੀ ਗਾਥਾ, ਸੱਚ ਦੀ ਝੂਠ 'ਤੇ ਜਿੱਤ ਹੈ, ਜ਼ੁਲਮੀ ਪੰਜਿਆਂ ਅੱਗੇ ਨਿਡਰਤਾ ਦੀ ਮਿਸਾਲ ਹੈ। ਇਸ ਲਈ ਹਰ ਸ਼ਹਾਦਤ ਮਹਾਨ ਅਰਥਾਂ ਵਾਲੀ ਹੈ। ਪ੍ਰੰਤੂ ਅੱਜ ਅਸੀਂ ਜਿਸ ਸ਼ਹਾਦਤ ਦਾ ਜ਼ਿਕਰ ਕਰ ਰਹੇ ਹਾਂ, ਜਿਹੜੀ 9 ਅਕਤੂਬਰ ਨਾਲ ਸਬੰਧਿਤ ਹੈ, ਉਹ ਸਿੱਖੀ ਦੇ ਸਵੈਮਾਣ ਦੀ ਰਾਖੀ ਲਈ, ਨਿਡਰਤਾ ਨਾਲ ਰਚਿਆ ਗਿਆ ਅਧੁਨਿਕ ਪੰਨਾ ਹੈ।

ਭਾਈ ਹਰਜਿੰਦਰ ਸਿੰਘ ਜ਼ਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ, ਜਿਨ੍ਹਾਂ ਨੂੰ ਸਮੁੱਚਾ ਪੰਥ, ਪਿਆਰ-ਲਾਡ ਨਾਲ ਜ਼ਿੰਦੇ-ਸੁੱਖੇ ਵਜੋਂ ਯਾਦ ਕਰਕੇ, ਸੁਭਾਵਿਕ ਰੂਪ 'ਚ ਕੌਮ ਦੇ 'ਅਣਖੀਲੇ ਪੁੱਤਰ' ਮੰਨ ਚੁੱਕਿਆ ਹੈ, ਇਨ੍ਹਾਂ ਦੋਹਾਂ ਮਹਾਨ ਯੋਧਿਆਂ ਨੇ ਅਧੁਨਿਕ ਸਮੇਂ 'ਚ ਸਿੱਖੀ ਦੀ ਸ਼ਹਾਦਤਾਂ ਵਾਲੀ ਮਹਾਨ ਪ੍ਰੰਪਰਾ ਤੇ ਕੌਮ ਦੇ ਸਵੈਮਾਣ ਦੀ ਰਾਖੀ ਲਈ ਖੜ੍ਹੇ ਮੱਥੇ ਫਾਂਸੀ ਦੇ ਰੱਸੇ ਨੂੰ ਚੁੰਮ ਕੇ 'ਸ਼ਹੀਦੀ ਗਾਥਾ ਦਾ ਰੰਗਲਾ ਗੀਤ' ਕੌਮ ਦੇ ਬੁੱਲ੍ਹਾਂ ਨੂੰ ਸਦੀਵੀਂ ਕਾਲ ਤਕ ਗਾਉਣ ਲਈ ਰਚ ਦਿੱਤਾ। ਸ੍ਰੀ ਦਰਬਾਰ ਸਾਹਿਬ 'ਤੇ ਹਮਲਾ, ਭਾਰਤੀ ਹਕੂਮਤ ਦਾ ਸਿੱਖਾਂ ਦੇ ਸਵੈਮਾਣ ਨੂੰ ਸਦਾ-ਸਦਾ ਲਈ ਕੁਚਲਣ ਲਈ ਗਹਿਰੀ ਸਾਜ਼ਿਸ ਦਾ ਨਤੀਜਾ ਸੀ। ਇਸ ਭਿਆਨਕ ਸਾਕੇ ਤੋਂ ਬਾਅਦ ਦੁਨੀਆ ਨੂੰ ਇਹ ਵਿਖਾਉਣ ਲਈ ਕਿ ਕੌਮ ਕਿਸੇ ਜ਼ਾਲਮ ਅੱਗੇ ਹਾਰੀ ਨਹੀਂ, ਉਹ ਆਪਣੇ ਸਵੈਮਾਣ 'ਤੇ ਹੋਏ ਹਮਲੇ ਦਾ ਮੂੰਹ ਤੋੜਵਾਂ ਜਵਾਬ ਦੇਣ ਦੇ ਸਮਰੱਥ ਹੈ, ਭਾਈ ਜ਼ਿੰਦੇ ਤੇ ਭਾਈ ਸੁੱਖੇ ਵੱਲੋਂ ਜਿਹੜਾ ਬਹਾਦਰੀ ਤੇ ਗੈਰਤ ਭਰਿਆ ਕਦਮ ਚੁੱਕਿਆ ਗਿਆ ਅਤੇ ਉਸ ਤੋਂ ਬਾਅਦ ਜਿਸ ਦਲੇਰੀ, ਨਿਡਰਤਾ ਨਾਲ ਭਰੀ ਅਦਾਲਤ 'ਚ ਆਪਣੇ ਵੱਲੋਂ ਸਿਰੇ ਚਾੜ੍ਹੇ ਕਾਂਡ ਨੂੰ ਪ੍ਰਵਾਨ ਕੀਤਾ ਗਿਆ, ਉਸ ਨੇ ਸਿੱਖੀ ਦੇ ਮਹਾਨ ਵਿਰਸੇ ਤੇ ਸ਼ਹੀਦੀ ਪ੍ਰੰਪਰਾਵਾਂ ਨੂੰ ਹੋਰ ਉਚਾਈ ਬਖ਼ਸ਼ੀ। ਜਿਹੜੀ ਕੌਮ 'ਚੋਂ ਗੈਰਤ, ਅਣਖ, ਨਿਡਰਤਾ ਬਹਾਦਰੀ ਅਤੇ ਸੱਚ 'ਤੇ ਪਹਿਰਾ ਦੇਣ ਦੀ ਸਮਰੱਥਾ ਮੁੱਕ ਜਾਂਦੀ ਹੈ, ਉਹ ਕੌਮ ਫਿਰ ਬਹੁਤ ਸਮਾਂ ਇਸ ਧਰਤੀ 'ਤੇ ਜਿਉਂਦੀ ਨਹੀਂ ਰਹਿੰਦੀ। ਭਾਈ ਜ਼ਿੰਦੇ ਤੇ ਸੁੱਖੇ ਦੀ ਸ਼ਹਾਦਤ ਨੇ ਕੌਮ ਦੀ ਜ਼ਮੀਰ ਵਾਲੇ ਦੀਵੇ 'ਚ ਅਣਖ ਤੇ ਗੈਰਤ ਦਾ ਤੇਲ ਪਾ ਕੇ, ਇਸ ਦੀ ਲੋਅ ਨੂੰ ਹੋਰ ਰੁਸ਼ਨਾਉਣ ਦਾ ਯਤਨ ਕੀਤਾ ਸੀ। ਪ੍ਰੰਤੂ ਅੱਜ ਜਿਸ ਤਰ੍ਹਾਂ ਕੌਮ, ਸਵੈਮਾਣ ਦੀ ਰਾਖੀ ਕਰਨੀ ਭੁੱਲ ਰਹੀ ਹੈ, ਉਸ ਕਾਰਨ ਆਏ ਦਿਨ ਕੌਮ ਨੂੰ ਜਲਾਲਤ ਝੱਲਣੀ ਪੈ ਰਹੀ ਅਤੇ ਜੇ ਸੁਆਰਥ ਤੇ ਪਦਾਰਥ 'ਚ ਗ਼ਲਤਾਨ ਕੌਮ ਆਪਣੇ ਮਹਾਨ ਵਿਰਸੇ ਦੀ ਪੈੜ ਨੂੰ ਹੀ ਛੱਡ ਕੇ 'ਗੀਦੀਆਂ' ਦੇ ਰਾਹ ਤੁਰ ਪਏ ਤਾਂ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸਿਰਫ ਸਾਲ 'ਚ ਇੱਕ ਵਾਰ ਯਾਦ ਕਰ ਲੈਣ ਦਾ ਕੋਈ ਲਾਹਾ ਨਹੀਂ ਹੋਣ ਵਾਲਾ, ਕਿਉਂਕਿ ਇਸ ਨਾਲ ਨਿਘਾਰ ਨੂੰ ਰੋਕਿਆ ਨਹੀਂ ਜਾ ਸਕੇਗਾ। ਅੱਜ ਦੇ ਦਿਨ ਸਾਨੂੰ ਭਾਈ ਜ਼ਿੰਦੇ ਤੇ ਸੁੱਖੇ ਦੀ ਸੋਚ, ਜੀਵਨ ਸ਼ੈਲੀ, ਕੌਮੀ ਦਰਦ ਅਤੇ ਗੁਰੂ ਪ੍ਰਤੀ ਸਮਰਪਿਤ ਭਾਵਨਾ, ਬਾਰੇ ਇੱਕ ਵਾਰ ਆਪਣੀਆਂ ਯਾਦਾਂ ਦੀ ਪਟਾਰੀ ਨੂੰ ਜ਼ਰੂਰ ਖੋਲ੍ਹ ਲੈਣਾ ਚਾਹੀਦਾ ਹੈ। ਅਸੀਂ ਭਾਈ ਜ਼ਿੰਦੇ ਤੇ ਸੁੱਖੇ ਦੇ ਉਨ੍ਹਾਂ ਸ਼ਬਦਾਂ ਨੂੰ ਜਿਹੜੇ ਸਿੱਖੀ ਸੋਚ ਦਾ ਸਿਖ਼ਰ ਹਨ, ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ ਤਾਂ ਕਿ ਉਨ੍ਹਾਂ ਮਹਾਨ ਸ਼ਹੀਦਾਂ ਦੀ ਸੋਚ ਪ੍ਰਤੀ ਸਾਡੀ ਨਵੀਂ ਪੀੜ੍ਹੀ ਵੀ ਥੋੜ੍ਹਾ-ਬਹੁਤਾ ਜਾਣੂ ਹੋ ਸਕੇ।

"ਸਾਡੀ ਲੜਾਈ ਕਿਸੇ ਧਰਮ ਜਾਂ ਜਾਤੀ ਦੇ ਖਿਲਾਫ਼ ਨਹੀਂ। ਅਸੀਂ ਹੱਕ, ਇਨਸਾਫ਼, ਸੱਚ ਲਈ ਤੇ ਜ਼ੁਲਮ ਦੇ ਖਿਲਾਫ ਲੜਾਈ ਲੜ ਰਹੇ ਹਾਂ। ਸਰਕਾਰ ਇਸ ਨੂੰ ਗੁਨਾਹ ਸਮਝਦੀ ਹੈ। ਅੱਤਵਾਦੀ ਤੇ ਵੱਖਵਾਦੀ ਕਹਿ ਕੇ ਸਿੱਖਾਂ ਨੂੰ ਬਦਨਾਮ ਕਰ ਰਹੀ ਹੈ, ਹਾਲਾਂ ਕਿ ਸਰਕਾਰ ਖ਼ੁਦ ਦਹਿਸ਼ਤਪਸੰਦ ਹੈ। ਸਰਕਾਰ ਨੇ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹਜ਼ਾਰਾਂ ਸਿੱਖਾਂ ਨੂੰ ਮਾਰਿਆ ਤੇ ਮਰਵਾਇਆ। ਸਿੱਖਾਂ ਨੂੰ ਮਾਰਨ ਤੇ ਮਰਵਾਉਣ ਵਾਲੇ ਅਜਿਹੇ ਅਨਸਰਾਂ ਖਿਲਾਫ ਕਿਸੇ ਅਦਾਲਤ ਵਿੱਚ ਕੇਸ ਨਹੀਂ ਚੱਲਿਆ ਪਰ ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਨੂੰ ਫਾਂਸੀ ਚਾੜ੍ਹਿਆ ਗਿਆ ਹੈ। ਇਸ ਕਰਕੇ ਕਿਸੇ ਵਿਸ਼ੇਸ਼ ਵਰਗ ਦੀ ਥਾਂ ਸਾਡੀ ਲੜਾਈ ਦਿੱਲੀ ਦਰਬਾਰ ਨਾਲ ਹੈ। ਜਿਊਣਾ ਹਰ ਮਨੁੱਖ ਦੀ ਕੁਦਰਤੀ ਫਿਤਰਤ ਹੈ। ਇਹ ਸੱਚ ਹੈ। ਪਰ ਜ਼ਿੰਦਗੀ ਵਿੱਚ ਰੀਂਘਦੀ ਸਵੈਮਾਨ ਤੋਂ ਸੱਖਣੀ ਲੰਮੀ ਜ਼ਿੰਦਗੀ ਨਾਲੋਂ ਅਜਿਹੀ ਹਾਲਤ ਨੂੰ ਤਬਦੀਲ ਕਰਨ ਲਈ ਲੜਦਿਆਂ ਸਿਰ ਉਠਾ ਕੇ ਤੁਰਨ ਦੇ ਕੁਝ ਪਲ ਜਿਊਣਾ ਵੀ ਇਨਸਾਨੀ ਫਿਤਰਤ ਦਾ ਓਨਾ ਹੀ ਵੱਡਾ ਸੱਚ ਹੈ। ਖਾਲਸੇ ਦੀ ਚੇਤਨਾ ਸ਼ਹਾਦਤ ਤੇ ਅਮਲ ਦੌਰਾਨ ਹੀ ਵੱਧ ਤੋਂ ਵੱਧ ਰੋਸ਼ਨ ਤੇ ਖਾਲਿਸ ਹੁੰਦੀ ਹੈ। ਅਸੀਂ ਸ਼ਹਾਦਤ ਦੇ ਰਹੇ ਹਾਂ, ਤਾਂ ਜੋ ਖਾਲਸੇ ਦੀ ਕੁਦਰਤੀ ਮੌਲਿਕਤਾ, ਇਸ ਦੀ ਨਿਆਰੀ ਛੱਬ ਤੇ ਇਸ ਦਾ ਸਰਸਬਜ਼ ਚਿਹਰਾ ਮੁੜ ਆਪਣੇ ਜਾਹੋ ਜਲਾਲ ਵਿੱਚ ਆ ਕੇ ਸੰਸਾਰ ਨੂੰ ਰੋਸ਼ਨ ਕਰੇ।

ਸ਼ਹਾਦਤ ਦਾ ਵੀ ਇਕ ਆਪਣਾ ਹੀ ਨਿਰਾਲਾ ਸਵਾਦ ਹੁੰਦਾ ਹੈ। ਇਹ ਐਸਾ ਵਿਸਮਾਦ ਹੈ ਜੋ ਠੋਸ ਅਤੇ ਅਣਕਹੇ ਜਜ਼ਬਿਆਂ ਤੋਂ ਵੀ ਪਰੇ ਹੈ। ਸਾਡੀ ਕੌਮ ਨੂੰ ਆਖਣਾ ਕਿ ਉਹ ਉਦਾਸ ਨਾ ਹੋਏ, ਕਿਉਂਕਿ ਅਸੀਂ ਕਲਗੀਆਂ ਵਾਲੇ ਦੀ ਯਾਦ ਦਾ ਦਰਿਆ ਵਗਾ ਦਿੱਤਾ ਹੈ। ਆਖਣਾ ਕਿ ਦਸਮ ਪਾਤਸ਼ਾਹ ਦੀ ਮੁਹੱਬਤ ਦਾ ਚਸ਼ਮਾ ਫੁੱਟ ਚੁੱਕਾ ਹੈ ਤੇ ਅਸੀਂ ਸਾਬਤ ਸਿਦਕਵਾਨ ਹੋ ਕੇ ਕਿਸੇ ਅਦਿੱਖ ਸ਼ਾਂਤੀ ਦੀ ਸਹਿਜ ਵਿੱਚ ਮਕਤਲ ਵੱਲ ਜਾ ਰਹੇ ਹਾਂ। ਅਸੀਂ ਸਿਦਕ ਦੀ ਅਨੋਖੀ ਕਿਸ਼ਤੀ ਵਿੱਚ ਸਵਾਰ ਹਾਂ ਜਿੱਥੇ ਸਮੁੰਦਰ ਦੀਆਂ ਲਹਿਰਾਂ ਸਾਨੂੰ ਡੋਬਣ ਤੋਂ ਅਸਮਰਥ ਹਨ।" ਅੱਜ ਸਾਡੀ ਨਵੀਂ ਪੀੜ੍ਹੀ ਜਿਹੜੀ ਦਿਸ਼ਾਹੀਣ ਹੋ ਕੇ ਆਪਣੀ ਦਸ਼ਾ ਵੀ ਗੁਆ ਚੁੱਕੀ ਹੈ, ਅਸੀਂ ਉਸ ਨੂੰ ਅਪੀਲ ਕਰਾਂਗੇ ਕਿ ਉਹ ਆਪਣੇ ਮਹਾਨ ਵਿਰਸੇ ਬਾਰੇ, ਜਿਸ ਦੇ ਉਹ ਵਾਰਿਸ ਹਨ, ਜ਼ਰੂਰ ਸੋਚ ਵਿਚਾਰ ਕਰਨ ਅਤੇ ਫਿਰ ਆਪਣੀ ਸਥਿਤੀ ਕਿ ਅੱਜ ਉਹ ਕਿੱਥੇ ਖੜ੍ਹੇ ਹਨ, ਉਸ ਦਾ ਮੁਲਾਂਕਣ ਕਰਨ। ਉਸ ਤੋਂ ਬਾਅਦ ਜੇ ਉਨ੍ਹਾਂ ਦੀ ਆਤਮਾ ਜਾਗਦੀ ਹੈ, ਜ਼ਮੀਰ ਅੰਗੜਾਈ ਲੈਂਦੀ ਹੈ, ਕੌਮੀ ਜਜ਼ਬਾ ਉਛਲਦਾ ਹੈ ਤਾਂ ਉਨ੍ਹਾਂ ਨੂੰ ਸਿੱਖੀ ਵਿਰਸੇ ਦੇ ਸਹੀ ਵਾਰਿਸ ਬਣਨ ਦਾ ਰਾਹ ਖ਼ੁਦ ਹੀ ਲੱਭ ਪਵੇਗਾ।

# ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਨੂੰ ਕੋਟਿ ਕੋਟਿ ਪ੍ਰਣਾਮ

9 ਅਕਤੂਬਰ 1992 ਦਾ ਦਿਨ ਸਿੱਖ ਇਤਿਹਾਸ ਵਿਚ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਦੇ ਨਾਮ ਰਹੇਗਾ।

ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਕੌਮ ਦੇ ਉਹ ਮਹਾਨ ਯੋਧੇ ਹੋਏ ਹਨ, ਜਿਨ੍ਹਾਂ ਨੇ ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨਾ ਵਾਲੀ ਭਾਰਤੀ ਫੌਜ ਦੀ ਕਮਾਂਡ ਕਰਨ ਵਾਲੇ ਜਰਨਲ ਵੈਦਿਆ ਨੂੰ ਪੂਨੇ ਵਿਚ ਜਾ ਕੇ ਪੰਥਕ ਰਵਾਇਤਾਂ ਅਨੁਸਾਰ ਸਜ਼ਾ ਦੇ ਕੇ ਕੌਮ ਦੇ ਪੁਰਾਣੇ ਇਤਿਹਾਸ ਨੂੰ ਇਕ ਵਾਰ ਫੇਰ ਤਾਜ਼ਾ ਕੀਤਾ ਸੀ।

ਜ਼ਿਕਰਯੋਗ ਹੈ ਕਿ ਇਨ੍ਹਾਂ ਸਿੰਘਾਂ ਨੇ ਜਦੋਂ ਜਰਨਲ ਵੈਦਿਆ ਨੂੰ ਪੂਨੇ ਜਾ ਕੇ ਸਿੱਖੀ ਰਵਾਇਤਾਂ ਅਨੁਸਾਰ ਸਜ਼ਾ ਦਿਤੀ ਸੀ ਤਾਂ ਉਦੋਂ ਵੈਦਿਆ ਆਪਣੀ ਧਰਮ ਪਤਨੀ ਨਾਲ ਸਬਜ਼ੀ ਮੰਡੀ ਵਿਚੋਂ ਕਾਰ 'ਤੇ ਵਾਪਸ ਆ ਰਿਹਾ ਸੀ। ਉਸ ਦੇ ਗੰਨਮੈਨ ਵੀ ਨਾਲ ਸੀ ਪਰ ਭਾਈ ਜਿੰਦਾ ਤੇ ਸੁੱਖਾ ਦਲੇਰ ਹੀ ਐਨੇ ਸੀ, ਕਿ ਇਨ੍ਹਾਂ ਨੂੰ ਖੌਫ ਹੀ ਕੋਈ ਨਹੀਂ ਸੀ। ਜਦੋਂ ਵੈਦਿਆ ਨੇ ਕਾਰ ਪਟਰੋਲ ਪੰਪ 'ਤੇ ਤੇਲ ਪਵਾਉਣ ਲਈ ਰੋਕੀ ਤਾਂ ਇਨ੍ਹਾਂ ਦੋਵਾਂ ਯੋਧਿਆਂ ਨੇ ਬਰਾਬਰ ਮੋਟਰਸਾਈਕਲ ਲਾ ਕੇ ਵੈਦਿਆ ਨੂੰ ਭਾਜੀ ਮੋੜ ਦਿਤੀ। ਫਾਂਸੀ ਦੀ ਸਜ਼ਾ ਸੁਣਾਉਣ ਵੇਲੇ ਜੱਜ ਸਿੰਘਾਂ ਦੇ ਹੌਸਲੇ ਦੇਖ ਕੇ ਹੈਰਾਨ ਸੀ ਕਿਉਂਕਿ ਸਿੰਘਾਂ ਨੇ ਪਹਿਲਾਂ ਹੀ ਮਠਿਆਈ ਮੰਗਵਾਈ ਹੋਈ ਸੀ। ਉਹਨਾਂ ਨੂੰ ਪਤਾ ਸੀ ਕਿ ਅੱਜ ਜੱਜ ਨੇ ਫਾਂਸੀ ਦਾ ਹੁਕਮ ਸੁਣਾਉਣਾ ਹੀ ਹੈ। ਅਦਾਲਤ ਵਿਚ ਸਿੰਘ ਜੋ ਬੋਲੇ ਸੋ ਨਿਹਾਲ ਦੇ ਜੈਕਾਰੇ ਲਾਉਣ ਲੱਗ ਪਏ ਅਤੇ ਮਠਿਆਈ ਨਾਲ ਇਕ ਦੂਜੇ ਦਾ ਮੂੰਹ ਮਿੱਠਾ ਕਰਵਾ ਕੇ ਸਾਰੇ ਪੁਲਿਸ ਵਾਲਿਆਂ ਅਤੇ ਹੋਰ ਲੋਕਾਂ ਨੂੰ ਵੀ ਮਠਿਆਈ ਖੁਆਈ। ਇਹ ਸਭ ਕੁਝ ਦੇਖ ਕੇ ਪੁਲਿਸ ਵਾਲੇ ਅਤੇ ਲੋਕ ਦੰਗ ਰਹਿ ਗਏ ਕੇ ਇਨ੍ਹਾਂ ਨੂੰ ਮੌਤ ਦਾ ਕੋਈ ਡਰ ਹੈ ਹੀ ਨਹੀਂ।

9 ਅਕਤੂਬਰ 1992 ਨੂੰ ਫਾਂਸੀ ਦੀ ਤਰੀਕ ਵਾਲੇ ਦਿਨ ਸਵੇਰੇ ਜਦੋਂ ਉਹਨਾਂ ਨੂੰ ਫਾਂਸੀ ਲਈ ਬੈਰਕਾਂ ਵਿਚੋਂ ਤਿਆਰ ਕਰਕੇ ਲਿਜਾਇਆ ਜਾ ਰਿਹਾ ਸੀ, ਤਾਂ ਦੋਵੇਂ ਸਿੰਘ ਬੈਰਕਾਂ ਵਿਚੋਂ ਜੈਕਾਰੇ ਲਾਉਂਦੇ ਫਾਂਸੀ ਦੇ ਤਖ਼ਤੇ ਵੱਲ ਨੂੰ ਜਾ ਰਹੇ ਸੀ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਸਮੁੱਚੀ ਅਮਰੀਕਾ ਇਕਾਈ ਵਲੋਂ ਉਹਨਾਂ ਦੇ ਸ਼ਹੀਦੀ ਦਿਨ 'ਤੇ ਸ਼ਹੀਦ ਭਾਈ ਜਿੰਦਾ ਅਤੇ ਭਾਈ ਸੁੱਖਾ ਨੂੰ ਕੋਟਿ ਕੋਟਿ ਪ੍ਰਣਾਮ।

**ਮੱਖਣ ਸਿੰਘ ਕਲੇਰ**
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)।

# ਹੁਣ ਦਰਬਾਰ ਸਾਹਿਬ ਦੀ ਤਰਜ਼ 'ਤੇ ਬਣਾਇਆ ਦੁਰਗਾ ਪੂਜਾ ਦਾ ਪੰਡਾਲ

*• ਸਿੰਘ ਸਾਹਿਬਾਨਾਂ ਤੇ ਸ਼੍ਰੋਮਣੀ ਕਮੇਟੀ ਵਲੋਂ ਸ.ਖ਼ਤ ਨੋਟਿਸ, ਸਿੱਖਾਂ ਵਿਚ ਭਾਰੀ ਰੋਸ • ਦਿੱਲੀ ਦੇ ਲਾਲ ਕਿਲ੍ਹੇ ਸਾਹਮਣੇ ਮੂਲ ਮੰਤਰ 'ਤੇ ਕੀਤਾ ਡਾਂਸ*

**ਚੰਡੀਗੜ੍ਹ/ਏਟੀ ਨਿਊਜ਼ :**
ਕੋਲਕਾਤਾ ਵਿਚ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਦੁਰਗਾ ਪੂਜਾ ਦਾ ਪੰਡਾਲ ਬਣਾਇਆ ਗਿਆ ਹੈ ਜਿਸ ਨੂੰ ਲੈ ਕੇ ਸਿੱਖ ਭਾਈਚਾਰੇ ਵਿੱਚ ਕਾਫੀ ਰੋਸ ਪਾਇਆ ਜਾ ਰਿਹਾ ਹੈ। ਕੋਲਕਾਤਾ ਵਿਚ ਇਸ ਵੇਲੇ ਦੁਰਗਾ ਪੂਜਾ ਚੱਲ ਰਹੀ ਹੈ। ਇਸ ਦੌਰਾਨ ਸਮੁੱਚੇ ਪੱਛਮੀ ਬੰਗਾਲ ਨੂੰ ਸਜਾਇਆ ਜਾ ਰਿਹਾ ਹੈ। ਇਸੇ ਤਹਿਤ ਹੀ ਕੋਲਕਾਤਾ ਦੇ ਭਵਾਨੀਪੁਰ ਇਲਾਕੇ ਵਿਚ ਨਾਰਦਨ ਪਾਰਕ ਵਿਚ ਵਿਸ਼ਾਲ ਪੰਡਾਲ ਬਣਾਇਆ ਗਿਆ ਹੈ। ਇਸ ਪੰਡਾਲ ਨੂੰ ਹਰਿਮੰਦਰ ਸਾਹਿਬ ਦਾ ਆਕਾਰ ਅਤੇ ਦਿੱਖ ਦਿੱਤੀ ਗਈ ਹੈ ਜਿਥੇ ਗੁਰਬਾਣੀ ਦੇ ਕੀਰਤਨ ਦੀਆਂ ਧੁਨਾਂ ਵੀ ਸੁਣਾਈ ਦਿੰਦੀਆਂ ਹਨ ਪਰ ਪੰਡਾਲ ਅੰਦਰ ਮੂਰਤੀਆਂ ਸਥਾਪਤ ਕੀਤੀਆਂ ਹੋਈਆਂ ਹਨ। ਇੱਥੇ ਲੋਕ ਜੁੱਤੀਆਂ ਸਣੇ ਘੁੰਮ ਰਹੇ ਹਨ। ਇਸ ਦੀ ਵੀਡੀਓ ਅਤੇ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਹਨ। ਇਹ ਮਾਮਲਾ ਸਾਹਮਣੇ ਆਉਣ ਮਗਰੋਂ ਸਿੱਖ ਸੰਗਤਾਂ ਵਿਚ ਰੋਸ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਵੀ ਇਸ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਇਸ 'ਤੇ ਬਣਦੀ ਕਾਨੂੰਨੀ ਕਾਰਵਾਈ ਕਰਵਾਈ ਜਾਵੇਗੀ। ਇਸ ਮਾਮਲੇ ਦੀ ਜਾਂਚ ਲਈ ਕੋਲਕਾਤਾ ਗੁਰਦੁਆਰਾ ਬੜਾ ਸਿੱਖ ਸੰਗਤ ਦੇ ਪ੍ਰਬੰਧਕਾਂ ਨੂੰ ਆਖਿਆ ਗਿਆ ਹੈ। ਸਿੱਖ ਮਿਸ਼ਨ ਕੋਲਕਾਤਾ ਦੇ ਇੰਚਾਰਜ ਨੂੰ ਵੀ ਜਾਂਚ ਵਿਚ ਸਹਿਯੋਗ ਦੇਣ ਲਈ ਕਿਹਾ ਗਿਆ ਹੈ।

**ਗੁਰਦਾਸ ਮਾਨ ਵਲੋਂ ਸ਼ੋਅ ਰੱਦ -**
ਪੰਜਾਬੀ ਗਾਇਕ ਗੁਰਦਾਸ ਮਾਨ ਵੱਲੋਂ ਦੁਰਗਾ ਪੂਜਾ ਦੇ ਸਬੰਧ ਵਿੱਚ ਕਲਕੱਤਾ ਵਿੱਚ ਹੋਣ ਵਾਲਾ ਸ਼ੋਅ ਰੱਦ ਕਰ ਦਿੱਤਾ ਗਿਆ ਹੈ ਅਤੇ ਵਾਪਸ ਮੁੰਬਈ ਆ ਗਏ ਹਨ। ਇਸ ਦਾ ਕਾਰਨ ਹਰਿਮੰਦਰ ਸਾਹਿਬ ਵਰਗਾ ਮਾਡਲ ਬਣਾ ਕੇ ਦੁਰਗਾ ਪੂਜਾ ਸੰਮੇਲਨ ਕਰਵਾਇਆ ਜਾਣਾ ਦੱਸਿਆ ਜਾ ਰਿਹਾ ਹੈ। ਉੱਥੇ ਇਕੱਠੇ ਹੋਏ ਕਲਕੱਤੇ ਦੇ ਸਿੱਖਾਂ ਨੇ ਗੁਰਦਾਸ ਮਾਨ ਵਿਰੁੱਧ ਰੋਸ ਮੁਜ਼ਾਹਰੇ ਸ਼ੁਰੂ ਕੀਤੇ ਹੋਏ ਸਨ। ਗੁਰਦਾਸ ਮਾਨ ਦਾ ਕਹਿਣਾ ਹੈ ਕਿ ਉਹ ਅਜਿਹੀ ਥਾਂ 'ਤੇ ਨਹੀਂ ਜਾਵੇਗਾ, ਜਿੱਥੇ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਜਾਂਦੀ ਹੋਵੇ। ਗੁਰਦਾਸ ਮਾਨ ਕੁਝ ਸਮਾਂ ਪਹਿਲਾਂ ਪੰਜਾਬੀ ਭਾਈਚਾਰੇ ਦੀ ਨਾਰਾਜ਼ਗੀ ਦਾ ਕਾਰਨ ਬਣ ਗਏ ਸਨ। ਉਨ੍ਹਾਂ ਨੇ ਹਿੰਦੀ ਭਾਸ਼ਾ ਨੂੰ ਮਾਸੀ ਦਾ ਦਰਜਾ ਦੇ ਦਿੱਤਾ ਸੀ ਤੇ ਸੰਘ ਪਰਿਵਾਰ ਵਲੋਂ ਦਿੱਤੇ ਇਕ ਭਾਸ਼ਾ ਤੇ ਇਕ ਦੇਸ ਦੇ ਨਾਅਰੇ ਦਾ ਸਮਰਥਨ ਕੀਤਾ ਸੀ। ਇਸ ਤਰ੍ਹਾਂ ਦੇ ਬਿਆਨ ਕਰਕੇ ਮਾਨ ਦਾ ਵਿਰੋਧ ਵੀ ਬਹੁਤ ਜ਼ਿਆਦਾ ਹੋਇਆ। ਇਸ ਤਰ੍ਹਾਂ ਕਈ ਦਿਨ ਸੋਸ਼ਲ ਮੀਡੀਆ ਤੇ ਗੁਰਦਾਸ ਮਾਨ ਦਾ ਮੁੱਦਾ ਭਾਰੂ ਰਿਹਾ।

**ਭਗਵੇਂਵਾਦੀਆਂ ਦੀ ਸਾਜ਼ਿਸ਼ -**
ਖਾਲਿਸਤਾਨੀ ਚਿੰਤਕ ਸਰਬਜੀਤ ਸਿੰਘ ਘੁਮਾਣ ਨੇ ਕਿਹਾ ਕਿ ਇਹ ਸਿੱਖਾਂ ਨੂੰ ਜਲੀਲ ਕਰਨ ਲਈ ਭਗਵੇਂਵਾਦੀਆਂ ਨੇ ਦਰਬਾਰ ਸਾਹਿਬ ਵਰਗਾ



ਮਾਡਲ ਬਣਾਕੇ ਵਿੱਚ ਹਿੰਦੂ ਦੇਵੀ ਦੇਵਤਿਆਂ ਦੀਆ ਮੂਰਤੀਆਂ ਰੱਖਕੇ ਅਸਲ ਵਿਚ ਆਪਣੇ ਅੰਦਰਲੇ ਏਜੰਡੇ ਨੂੰ ਸਾਹਮਣੇ ਲਿਆਂਦਾ ਹੈ ਕਿ "ਅਸੀਂ ਇਕ ਨਾ ਇਕ ਦਿਨ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਇੰਝ ਹਿੰਦੂ-ਦੇਵੀ ਦੇਵਤਿਆਂ-ਦੀਆਂ ਮੂਰਤੀਆਂ ਸਥਾਪਿਤ ਕਰਨੀਆਂ ਨੇ" ਇਹ ਏਜੰਡਾ ਲਾਗੂ ਕਰਨ ਦੇ ਪਹਿਲੇ ਪੜਾਅ ਵਜੋਂ ਦੇਖ ਸਕਦੇ ਹਾਂ ਕਿ ਬਥੇਰੇ ਸਿਖ ਪਹਿਲਾਂ ਹੀ ਆਪਦੇ ਘਰਾਂ ਵਿਚ ਜਾਂ ਤਾਂ ਹਿੰਦੂ ਦੇਵੀ-ਦੇਵਤਿਆਂ-ਦੀਆਂ ਮੂਰਤੀਆਂ ਦੀਆਂ ਪੂਜਾ ਕਰਦੇ ਨੇ ਜਾਂ ਸਿਖ ਗੁਰੂ ਸਾਹਿਬਾਨ ਦੀਆਂ ਫੋਟੋਆਂ ਨੂੰ ਮੱਥੇ ਟੇਕਦੇ ਹਨ। ਇਸ ਤਰ੍ਹਾਂ ਦੀ ਬਿਰਤੀ ਵਾਲੇ ਸਿੱਖ ਕਦੋਂ ਤੇ ਕਿਉਂ ਦਰਬਾਰ ਸਾਹਿਬ ਵਿਚ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਰੱਖਣ ਦਾ ਵਿਰੋਧ ਕਰਨਗੇ ? ਬਥੇਰੇ ਸਿੱਖ ਆਗੂ ਨੇ ਜਿਹੜੇ ਜਗਰਾਤਿਆਂ ਤੇ ਮੰਦਰਾਂ ਵਿਚ ਹਾਜਰੀਆਂ ਭਰਦੇ ਨੇ। ਇਹ ਸਾਰੇ ਆਗੂ ਵੀ ਦੇਵੀ-ਦੇਵਤਿਆਂ-ਦੀਆਂ ਮੂਰਤੀਆਂ ਦਰਬਾਰ ਸਾਹਿਬ ਵਿਚ ਰੱਖਣ ਦੀ ਹਮਾਇਤ ਕਰਨਗੇ। ਸੋ ਉਹ ਸਿੱਖ ਤਾਂ ਬਹੁਤ ਥੋੜੇ ਹੋਣਗੇ ਜਿਹੜੇ ਦਰਬਾਰ ਸਾਹਿਬ ਵਿਚ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਰੱਖਣ ਦਾ ਵਿਰੋਧ ਕਰਨਗੇ। ਇਉਂ ਸਿਖਾਂ ਦੀ ਹੋਰ ਨਸਲਕੁਸ਼ੀ ਦਾ ਮੁੱਢ ਬੰਨ੍ਹਿਆ ਜਾ ਰਿਹਾ ਹੈ।

ਸਿੱਖ ਵਿਦਵਾਨ ਗੁਰਤੇਜ ਸਿੰਘ ਆਈਏਐਸ ਨੇ ਕਿਹਾ ਕਿ ਅੱਜ ਦਰਬਾਰ ਸਾਹਿਬ ਦਾ ਮਾਡਲ ਬਣਾਕੇ ਵਿਚ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਰੱਖਕੇ ਭਗਵਿਆਂ ਨੇ ਆਪਣਾ ਨਿਸ਼ਾਨਾ ਦੱਸ ਦਿਤਾ ਹੈ। ਵੈਸੇ ਤਾਂ ਨਿਸ਼ਾਨਾ ਅਕਾਲੀ-ਭਾਜਪਾ ਗੱਠਜੋੜ ਤੋਂ ਬਾਅਦ ਸਪੱਸ਼ਟ ਹੋ ਗਿਆ ਸੀ ਜਿਸ ਨਾਲ ਕਿ ਸਿੱਖ ਵਿਚਾਰਧਾਰਾ ਦਾ ਬ੍ਰਾਹਮਣੀਕਰਨ ਕਰਨ ਦੇ ਲਈ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਸਾਹਿਬ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਉਨ੍ਹਾਂ ਕਿਹਾ ਕਿ ਅੱਜ ਤੋਂ ਸੌ ਸਾਲ ਪਹਿਲਾਂ ਅੰਮ੍ਰਿਤਸਰ ਵਿਚ ਦੁਰਗਿਆਣਾ ਮੰਦਿਰ ਵੀ ਇਸੇ ਜਿਦ ਵਿਚ ਬਣਾਇਆ ਸੀ ਤਾਂ ਜੋ ਹਰਿਮੰਦਰ ਸਾਹਿਬ ਦੀ ਨਕਲ ਕਰਕੇ ਸਿੱਖੀ ਨੂੰ ਚੈਲਿੰਜ ਕੀਤਾ ਜਾ ਸਕੇ। ਦੁਰਗਿਆਣੇ ਮੰਦਰ ਬਾਰੇ ਲੋਕ ਹੈਰਾਨ ਹੋ ਜਾਂਦੇ ਨੇ ਕਿ 20ਵੀਂ ਸਦੀ ਦੇ ਤੀਜੇ ਦਹਾਕੇ ਵਿਚ ਬਣਿਆ ਹੋਇਆ ਇਹ ਰਵਾਇਤੀ ਹਿੰਦੂ ਮੰਦਿਰ ਦੀ ਆਰਕੀਟੈਕਚਰ ਨਹੀਂ, ਬਲਕਿ ਬਿਲਕੁਲ ਦਰਬਾਰ ਸਾਹਿਬ ਦੀ ਤਰ੍ਹਾਂ ਹੈ, ਪਰ ਪੂਰੀ ਦੀ ਪੂਰੀ ਨਕਲ ਕਰਨ ਦੇ ਬਾਵਜੂਦ ਇਹ ਕਦੇ ਵੀ ਦਰਬਾਰ ਸਾਹਿਬ ਵਰਗਾ ਰੁਤਬਾ ਹਾਸਿਲ ਨਹੀ ਕਰ ਸਕਿਆ। ਇਹ ਦੁਰਗਾ ਵਾਲਾ ਪੰਡਾਲ ਵੀ ਇਸੇ ਸਾਜ਼ਿਸ਼ ਦਾ ਅਗਲਾ ਹਿੱਸਾ ਹੈ। ਜਾਪਦਾ ਹੈ ਕਿ ਇਹ ਵੀ ਮੱਸਲਾ ਮਾਫੀ ਮੰਗ ਕੇ ਛੁਟਕਾਰਾ ਹੋ ਜਾਵੇਗਾ, ਪਰ ਇਹੋ ਜਿਹੀਆਂ ਭਗਵੀਆਂ ਸਾਜ਼ਿਸਾਂ ਕਦੋਂ ਤੱਕ ਚਲਦੀਆਂ ਰਹਿਣਗੀਆਂ। ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਦੇ ਜਥੇਦਾਰ ਕੋਲ ਇਸ ਬਾਰੇ ਕੋਈ ਹੱਲ ਨਹੀਂ ਹੈ ਕਿ ਉਹ ਇਸ ਬਾਰੇ ਕਰੜੀ ਕਾਰਵਾਈ ਕਰ ਸਕਣ। ਉਨ੍ਹਾਂ ਉੱਪਰ ਬਾਦਲ ਦਲ ਵਾਲੇ ਬਿਰਾਜਮਾਨ ਹਨ, ਜਿਨ੍ਹਾਂ ਦਾ ਗੱਠਜੋੜ ਭਾਜਪਾ ਤੇ ਸੰਘ ਪਰਿਵਾਰ ਨਾਲ ਹੈ। ਇਹ ਅਸਲ ਵਿਚ ਮਾਨਸਿਕ ਨਸਲਕੁਸ਼ੀ ਹੀ ਹੈ।

### ਰਾਮ ਲੀਲਾ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਇਨਸਾਨੀ ਰੂਪ ਵਿੱਚ ਦਿਖਾਇਆ

ਦਿੱਲੀ ਦੇ ਲਾਲ ਕਿਲ੍ਹੇ ਸਾਹਮਣੇ ਬੀਤੇ ਦਿਨ ਰਾਮ ਲੀਲਾ ਵਿੱਚ ਕੁਝ ਵਿਅਕਤੀਆਂ ਵੱਲੋਂ ਮੂਲ ਮੰਤਰ 'ਤੇ ਨਾਚ ਕਰਨ ਅਤੇ ਗੁਰੂ ਨਾਨਕ ਦੇਵ ਜੀ ਨੂੰ ਮਨੁੱਖੀ ਰੂਪ ਵਿੱਚ ਦਿਖਾ ਕੇ ਮੰਚ 'ਤੇ ਪੇਸ਼ ਕਰਨ ਦੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਨੇ ਨਿੰਦਾ ਕੀਤੀ ਹੈ। ਜਥੇਦਾਰ ਰਘਬੀਰ ਸਿੰਘ ਨੇ ਇਸ ਮਾਮਲੇ ਵਿੱਚ ਸਬੰਧਤ ਪ੍ਰਸ਼ਾਸਨ, ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕਰਦਿਆਂ ਕਿਹਾ ਕਿ ਵਾਰ ਵਾਰ ਸਿੱਖ ਪੰਥ ਦੇ ਧਾਰਮਿਕ ਮਾਮਲਿਆਂ ਵਿੱਚ ਕੀਤੀ ਜਾ ਰਹੀ ਦਖ਼ਲਅੰਦਾਜ਼ੀ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਅੱਜ ਜਦੋਂ ਸਮੁੱਚਾ ਖਾਲਸਾ ਪੰਥ ਤੇ ਦੁਨੀਆਂ ਭਰ ਵਿਚ ਵਸਦੀਆਂ ਨਾਨਕ ਨਾਮ ਲੇਵਾ ਸੰਗਤਾਂ ਗੁਰੂ ਨਾਨਕ ਦੇਵ ਜੀ ਦੇ ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਨੂੰ ਮਨਾ ਰਹੀਆਂ ਹਨ ਤਾਂ ਉਸ ਵੇਲੇ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਰਾਮ ਲੀਲਾ ਵਿੱਚ ਗੁਰੂ ਨਾਨਕ ਸਾਹਿਬ ਦੇ ਸਰੂਪ ਨੂੰ ਮਨੁੱਖੀ ਰੂਪ ਵਿੱਚ ਪੇਸ਼ ਕਰਨਾ ਤੇ ਮੂਲ ਮੰਤਰ 'ਤੇ ਨਾਚ ਕਰਨਾ ਘਟੀਆ ਤੇ ਕੋਝਾ ਯਤਨ ਹੈ।

# ਭਾਈ ਢੱਡਰੀਆਂ ਵਾਲਿਆਂ ਨੂੰ ਅਕਾਲ ਤਖ਼ਤ ਉੱਪਰ ਤਲਬ ਕਰਨ ਦੀ ਸੰਭਾਵਨਾ

*ਦੇਸ਼ ਵਿਦੇਸ਼ ਦੇ ਦਰਜਨਾਂ ਪ੍ਰਚਾਰਕਾਂ ਨੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਮੰਗ ਪੱਤਰ ਸੌਂਪਦਿਆਂ ਢੱਡਰੀਆਂ ਵਾਲੇ ਖਿਲਾਫ ਪੰਥਕ ਰਵਾਇਤਾਂ ਮੁਤਾਬਕ ਕਾਰਵਾਈ ਦੀ ਕੀਤੀ ਮੰਗ*

**ਅੰਮ੍ਰਿਤਸਰ/ਏਟੀ ਨਿਊਜ਼ :** ਅਕਸਰ ਵਿਵਾਦਾਂ ਵਿੱਚ ਰਹਿਣ ਵਾਲੇ ਸਿੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਦੀਆਂ ਮੁਸ਼ਕਲਾਂ ਘੱਟ ਹੋਣ ਦਾ ਨਾਂ ਨਹੀਂ ਲੈ ਰਹੀਆਂ। ਹੁਣ ਦਮਦਮੀ ਟਕਸਾਲ ਦੇ ਸਮੂਹ ਪ੍ਰਚਾਰਕ ਸਾਹਿਬਾਨ ਵੱਲੋਂ ਭਾਈ ਢੱਡਰੀਆਂ ਵਾਲੇ ਖ਼ਿਲਾਫ਼ ਸੂਰਜ ਪ੍ਰਕਾਸ਼ ਗ੍ਰੰਥ ਨੂੰ ਆਧਾਰ ਬਣਾ ਕੇ ਅਕਾਲ ਤਖਤ ਸਾਹਿਬ ਵਿਖੇ ਸ਼ਿਕਾਇਤ ਕੀਤੀ ਗਈ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਮਾਮਲੇ ਬਾਰੇ ਜਲਦੀ ਹੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਬੁਲਾ ਕੇ ਅਗਲਾ ਫ਼ੈਸਲਾ ਲਿਆ ਜਾਵੇਗਾ। ਬੀਤੇ ਦਿਨੀਂ ਢੱਡਰੀਆਂ ਵਾਲੇ ਵੱਲੋਂ ਅਪਣੇ ਇੱਕ ਦੀਵਾਨ ਵਿੱਚ ਸੂਰਜ ਪ੍ਰਕਾਸ਼ ਗ੍ਰੰਥ ਦਾ ਹਵਾਲਾ ਦਿੰਦੇ ਹੋਏ ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਤੇ ਮਾਈ ਭਾਗੋ ਬਾਰੇ ਟਿੱਪਣੀ ਕੀਤੀ ਗਈ ਸੀ, ਜਿਸ 'ਤੇ ਸਖ਼ਤ ਸਟੈਂਡ ਲੈਂਦਿਆਂ ਦਮਦਮੀ ਟਕਸਾਲ ਦੇ ਸਮੂਹ ਪ੍ਰਚਾਰਕਾਂ ਵੱਲੋਂ ਉਨ੍ਹਾਂ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ। ਉੱਘੇ ਸਿੱਖ ਪ੍ਰਚਾਰਕ ਤੇ ਸ਼ਿਕਾਇਤਕਰਤਾ ਗਿਆਨੀ ਹਰਦੀਪ ਸਿੰਘ ਨੇ ਸੂਰਜ ਪ੍ਰਕਾਸ਼ ਗ੍ਰੰਥ ਦੀਆਂ ਉਨ੍ਹਾਂ ਤੁਕਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਪੂਰੀ ਘਟਨਾ ਦਾ ਕੇਵਲ ਇੱਕ ਪੱਖ ਹੀ ਪੇਸ਼ ਕੀਤਾ ਗਿਆ ਹੈ ਜਦਕਿ ਦੂਸਰੀ ਤੁਕ ਦਾ ਉਚਾਰਨ ਹੀ ਨਹੀਂ ਕੀਤਾ ਗਿਆ ਜੋ ਕਿ ਸਰਾਸਰ ਸਿੱਖ ਸੰਗਤਾਂ ਨੂੰ ਗੁਮਰਾਹ ਕਰਨ ਦੀ ਇਕ ਕੋਝੀ ਸਾਜਿਸ਼ ਹੈ। ਦਰਜਨਾਂ ਸਿੱਖ ਪ੍ਰਚਾਰਕਾਂ ਨੇ ਕਿਹਾ ਕਿ ਢੱਡਰੀਆਂਵਾਲਾ ਵਲੋਂ ਗੁਰ ਇਤਿਹਾਸ ਪ੍ਰਤੀ ਪਾਏ ਜਾ ਰਹੇ ਸ਼ੰਕਿਆਂ ਅਤੇ ਕੂੜ ਪ੍ਰਚਾਰ ਨੂੰ ਰੋਕਿਆ ਨਾ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਇਕ ਹੋਰ ਨਰਕਧਾਰੀ ਜਾਂ ਸਿਰਸੇਵਾਲੇ ਵਰਗਾ ਅਖੌਤੀ ਸਾਧ ਪੈਦਾ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਹਨਾਂ ਕਿਹਾ ਕਿ ਬੀਤੇ ਦਿਨੀ ਢੱਡਰੀਆਂ ਵਾਲੇ ਵਲੋਂ ਪੰਥ ਦੀ ਸਤਿਕਾਰਤ ਹਸਤੀ ਮਾਈ ਭਾਗੋ ਜੀ ਦੇ ਅਕਸ ਨੂੰ ਵਿਗਾੜਣ ਲਈ ਆਪਣੇ ਕੋਲੋਂ ਮਨਘੜਤ ਅਤੇ ਤਥਾਂ ਨੂੰ ਤਰੋੜ ਮਰੋੜ ਕੇ ਪੇਸ਼ ਕੀਤਾ ਗਿਆ।

ਪ੍ਰਚਾਰਕਾਂ ਨੇ ਕਿਹਾ ਕਿ ਅਸੀਂ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਸਨਮੁਖ ਹੋ ਕੇ ਜਥੇਦਾਰ ਜੀ ਨੂੰ ਬੇਨਤੀ



ਕਰਦੇ ਹਾਂ ਕਿ ਉਕਤ ਰਣਜੀਤ ਸਿੰਘ ਢੱਡਰੀਆਂਵਾਲਾ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਤਲਬ ਕਰਦਿਆਂ ਸੰਗਤਾਂ ਦੇ ਸਨਮੁਖ ਉਸ ਵਲੋਂ ਅੱਜ ਤੱਕ ਕੀਤੇ ਗਏ ਕੂੜ ਪ੍ਰਚਾਰ ਅਤੇ ਸ਼ੰਕਿਆਂ ਬਾਬਤ ਪੁਛਿਆ ਜਾਵੇ। ਅਗਰ ਉਹ ਸੰਗਤ ਨੂੰ ਸੰਤੁਸ਼ਟ ਨਹੀਂ ਕਰਦਾ ਤਾਂ ਉਸ ਨੂੰ ਹੋਰ ਗੁਰਮਤਿ ਵਿਰੋਧੀ ਪ੍ਰਚਾਰ ਕਰਨ ਦੀ ਖੁੱਲ੍ਹ ਨਾ ਦਿਤੀ ਜਾਵੇ ਅਤੇ ਉਸ 'ਤੇ ਪੰਥਕ ਰਵਾਇਤ ਅਨੁਸਾਰ ਕਾਰਵਾਈ ਕੀਤੀ ਜਾਵੇ।

ਇਸ ਮੌਕੇ ਗਿਆਨੀ ਕੁਲਵੰਤ ਸਿੰਘ ਲੁਧਿਆਣਾ, ਗਿ: ਗੁਰਿੰਦਰਪਾਲ ਸਿੰਘ ਨਿਊਜੀਲੈਂਡ, ਗਿਆਨੀ ਹਰਦੀਪ ਸਿੰਘ ਅਨੰਦਪੁਰ, ਗਿਆਨੀ ਸਤਨਾਮ ਸਿੰਘ ਖਡੂਰ ਸਾਹਿਬ, ਗੁਰਜੀਤ ਸਿੰਘ ਪਟਿਆਲਾ, ਅਮਰੀਕ ਸਿੰਘ ਪਿਪਲੀ ਸਾਹਿਬ, ਗਿਆਨੀ ਤੇਜਿੰਦਰਪਾਲ ਸਿੰਘ ਕੁਰਕਸ਼ੇਤਰ, ਭਾਈ ਚਰਨਜੀਤ ਸਿੰਘ ਕੇਸਗੜ ਸਾਹਿਬ, ਗਿਆਨੀ ਹਰਿਦਰ ਸਿੰਘ ਟਕਸਾਲ, ਭੁਪਿੰਦਰ ਸਿੰਘ ਗਦਲੀ, ਨਿਰਮਲ ਸਿੰਘ ਪਟਿਆਲਾ, ਭਾਈ ਬਲਕਾਰ ਸਿੰਘ, ਮਲੂਕ ਸਿੰਘ, ਹਰਵੰਤ ਸਿੰਘ ਇਟਲੀ ਵੀ ਮੌਜੂਦ ਸਨ।

ਇਹ ਸੰਭਾਵਨਾ ਜਤਾਈ ਜਾ ਰਹੀ ਹੈ ਕਿ ਭਾਈ ਢੱਡਰੀਆਂ ਵਾਲਿਆਂ ਤੋਂ ਜਵਾਬ ਤਲਬੀ ਕੀਤੀ ਜਾ ਸਕਦੀ ਹੈ। ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਅਕਾਲ ਤਖਤ ਸਾਹਿਬ ਮਹਿਸੂਸ ਕਰਦਾ ਹੈ ਕਿ ਕੁਝ ਪ੍ਰਚਾਰਕਾਂ ਵਲੋਂ ਗੁਰੂ ਪੰਥ ਦਾ ਪ੍ਰਚਾਰ ਕਰਨ ਦੀ ਥਾਂ ਕੌਮ ਵਿਚ ਸ਼ੰਕੇ ਪੈਦਾ ਕੀਤੇ ਜਾ ਰਹੇ ਹਨ, ਜਿਸ ਨੂੰ ਰੋਕਿਆ ਜਾਣਾ ਜ਼ਰੂਰੀ ਹੈ। ਉਹਨਾਂ ਦਸਿਆ ਕਿ ਪਿਛਲੇ ਸਮੇਂ ਦੌਰਾਨ ਅਕਾਲ ਤਖਤ ਵੱਲੋਂ ਇੱਕ ਮਤਾ ਪਾਸ ਕਰਦਿਆਂ ਪ੍ਰਚਾਰਕਾਂ ਅਤੇ ਕਵੀਸ਼ਰ ਸਾਹਿਬਾਨਾਂ ਨੂੰ ਗੁਰ ਮਰਿਆਦਾ ਦੇ ਦਾਇਰੇ ਅੰਦਰ ਰਹਿ ਕੇ ਪ੍ਰਚਾਰ ਕਰਨ ਅਤੇ ਕੋਈ ਵੀ ਐਸਾ ਪ੍ਰਸੰਗ ਨਾ ਸੁਣਾਉਣ ਦੀ ਹਦਾਇਤ ਕੀਤੀ ਗਈ ਤਾਂ ਕਿ ਸੰਗਤਾਂ ਵਿਚ ਦੁਬਿਧਾ ਪੈਦਾ ਨਾ ਹੋਵੇ।

ਇੱਥੇ ਜ਼ਿਕਰਯੋਗ ਹੈ ਕਿ ਦਮਦਮੀ ਟਕਸਾਲ ਤੇ ਭਾਈ ਢੱਡਰੀਆਂ ਵਾਲਿਆਂ ਵਿਚਾਲੇ ਇਸ ਮਸਲੇ ਨੂੰ ਲੈ ਕੇ ਸ਼ੋਸ਼ਲ ਮੀਡੀਆ 'ਤੇ ਜੰਗ ਤੁਰ ਪਈ ਹੈ। ਆਉਣ ਵਾਲੇ ਸਮੇਂ ਦੌਰਾਨ ਇਹ ਕੀ ਮੋੜ ਲੈਂਦੀ ਹੈ, ਇਹ ਸੁਆਲ ਭਵਿੱਖ ਦੇ ਗਰਭ ਵਿਚ ਹੈ।

### ਕੀ ਕਹਿੰਦੇ ਹਨ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ

ਸਿੱਖ ਕੌਮ ਦੀ ਮਹਾਨ ਸ਼ਹੀਦ ਮਾਈ ਭਾਗੋ ਤੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਮੈਂ ਕਦੇ ਵੀ ਕੋਈ ਗ਼ਲਤ ਟਿੱਪਣੀ ਨਹੀਂ ਕੀਤੀ ਤੇ ਨਾ ਹੀ ਮੈਂ ਇਸ ਬਾਰੇ ਕਦੇ ਵੀ ਸੋਚ ਸਕਦਾ ਹਾਂ, ਪਰ ਸੰਪ੍ਰਦਾਇ ਪ੍ਰਚਾਰਕਾਂ ਵਲੋਂ ਆਪਣਾ ਰਾਜਨੀਤਕ ਲਾਹਾ ਲੈਣ ਲਈ ਉਨ੍ਹਾਂ ਦੇ ਬਿਆਨ ਨੂੰ ਤੋੜ ਮਰੋੜ ਕੇ ਪੇਸ਼ ਕਰ ਕੇ ਉਨ੍ਹਾਂ ਨੂੰ ਬਦਨਾਮ ਕਰਨ ਤੇ ਸੰਗਤ ਨੂੰ ਗੁੰਮਰਾਹ ਕਰਨ ਦੀਆ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ, ਜਿਸ ਦੀ ਮੈਂ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਾ ਹਾਂ। ਇਹ ਵਿਚਾਰ ਗੁਰਦੁਆਰਾ ਪ੍ਰਮੇਸ਼ਰ ਦੁਆਰ ਸਾਹਿਬ ਸੇਖੂਪੁਰ ਦੇ ਮੁੱਖ ਸੇਵਾਦਾਰ ਭਾਈ ਰਣਜੀਤ ਸਿੰਘ ਖ਼ਾਲਸਾ ਢੱਡਰੀਆਂ ਵਾਲਿਆਂ ਨੇ ਗੱਲਬਾਤ ਕਰਦਿਆਂ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਸੰਪ੍ਰਦਾਈ ਆਗੂਆਂ ਵਲੋਂ ਕੂੜ ਪ੍ਰਚਾਰ ਕਰਨ ਵਾਲਿਆਂ ਨੂੰ ਤਾਂ ਉਭਾਰਿਆ ਜਾ ਰਿਹਾ ਹੈ,



ਪਰੰਤੂ ਜੋ ਪ੍ਰਚਾਰਕ ਸਿੱਖੀ ਬਾਰੇ ਸਹੀ ਜਾਣਕਾਰੀ ਦੇ ਰਹੇ ਹਨ ਉਨ੍ਹਾਂ ਦੀ ਸੱਚ ਦੀ ਆਵਾਜ਼ ਨੂੰ ਦਬਾਉਣ ਦੇ ਨਾਲ-ਨਾਲ ਪੰਥ ਵਿਚੋਂ ਛੇਕਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਭਾਈ ਢੱਡਰੀਆਂ ਵਾਲਿਆਂ ਨੇ ਦੱਸਿਆ ਕਿ ਪਹਿਲਾਂ ਉਹ ਜਥੇਦਾਰਾਂ ਦੇ ਲਏ ਜਾਣ ਵਾਲੇ ਫੈਸਲੇ 'ਤੇ ਨਜ਼ਰਸਾਨੀ ਕਰਨਗੇ। ਇਸ ਤੋਂ ਬਾਅਦ ਹੀ ਉਹ ਫੈਸਲਾ ਕਰਨਗੇ ਕਿ ਉਹ ਅਕਾਲ ਤਖ਼ਤ ਸਾਹਿਬ 'ਤੇ ਜਾਣ ਜਾਂ ਨਾ ਜਾਣ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਵਿਵਾਦਿਤ ਗ੍ਰੰਥ ਬਾਰੇ ਪਤਾ ਹੈ ਪਰ ਫੇਰ ਵੀ ਇਸ ਗ੍ਰੰਥ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਸੂਰਜ ਪ੍ਰਕਾਸ਼ ਗ੍ਰੰਥ ਬਾਰੇ ਕੀਤੇ ਪ੍ਰਚਾਰ ਬਾਰੇ ਸੰਗਤਾਂ ਇਸ ਗ੍ਰੰਥ ਨੂੰ ਪੜ੍ਹ ਕੇ ਖ਼ੁਦ ਫ਼ੈਸਲਾ ਕਰ ਸਕਦੀਆਂ ਹਨ ਕਿ ਉਸ ਵਿਚ ਕੀ ਲਿਖਿਆ ਹੈ।

ਉਨ੍ਹਾਂ ਕਿਹਾ ਕਿ ਸੂਰਜ ਪ੍ਰਕਾਸ਼ ਗ੍ਰੰਥ ਜਿਥੋਂ ਚਾਹੋ ਤੁਹਾਨੂੰ ਮਿਲ ਜਾਵੇਗਾ ਤੇ ਅਜੀਤ ਸਿੰਘ ਔਲਖ ਦਾ ਕੀਤਾ ਹੋਇਆ ਟੀਕਾ ਵੀ ਹੈ। ਉਸ ਵਿਚ ਇਕ ਗੱਲ ਨਹੀਂ ਹੈ, ਉਸ ਵਿਚ ਬਹੁਤ ਸਾਰੀਆਂ ਇਤਰਾਜ਼ਯੋਗ ਗੱਲਾਂ ਹਨ। ਉਨ੍ਹਾਂ ਕਿਹਾ ਕਿ ਮੈਂ ਸਿਰਫ਼ ਗੱਲ ਕੀਤੀ ਹੈ ਜੋ ਕਿ ਸਪੱਸ਼ਟ ਹੈ, ਸਿੱਧੂ ਮੂਸੇਵਾਲੇ ਨੇ ਗੀਤ ਗਾਇਆ, ਉਸ ਦਾ ਰੌਲਾ ਪਿਆ। ਉਨ੍ਹਾਂ ਕਿਹਾ ਕਿ ਮੇਰੇ ਕਹਿਣ ਦਾ ਭਾਵ ਇਹ ਹੈ ਕਿ ਇਕ ਵਿਅਕਤੀ ਜੋ ਪੂਰਨ ਸਿੱਖ ਵੀ ਨਹੀਂ ਹੈ, ਗੀਤ ਦਾ ਰੌਲਾ ਪਿਆ ਉਸ ਨੇ ਹੱਥ ਜੋੜ ਕੇ ਮੁਆਫ਼ੀ ਮੰਗ ਲਈ। ਉਨ੍ਹਾਂ ਕਿਹਾ ਕਿ ਮੈਂ ਜੋ ਬਿਆਨ ਘਨੌਰ ਦੇ ਦਿਵਾਨ ਵਿੱਚ ਦਿੱਤਾ ਹੈ ਕਿ ਭਾਈ ਇਸ ਮੂਸੇਵਾਲੇ ਨੇ ਤਾਂ ਮੁਆਫ਼ੀ ਮੰਗ ਲਈ, ਪਰ ਜਿਹੜੇ ਸਾਡੇ ਪ੍ਰਚਾਰਕ ਹਨ, ਜਿਹੜੇ ਸੂਰਜ ਪ੍ਰਕਾਸ਼ ਗ੍ਰੰਥ ਉਤੇ ਰੁਮਾਲਾ ਪਾ ਕੇ ਉਥੇ ਬੈਠੇ ਹਨ, ਲੋਕ ਉਸ ਸਾਹਮਣੇ ਹੱਥ ਜੋੜ ਕੇ ਮੱਥਾ ਟੇਕਦੇ ਨੇ, ਉਹ ਕਦੋਂ ਮੁਆਫੀ ਮੰਗਣਗੇ ? ਢੱਡਰੀਆਂ ਵਾਲੇ ਨੇ ਕਿਹਾ ਕਿ ਲੋਕਾਂ ਨੂੰ ਕੀ ਪਤਾ ਕਿ ਇਸ ਗ੍ਰੰਥ ਵਿਚ ਐਨਾ ਗਲਤ ਗੁਰੂ ਸਾਹਿਬਾਨ ਬਾਰੇ ਲਿਖਿਆ, ਮੈਂ ਇਕੱਲੀ ਮਾਈ ਭਾਗੋ ਦਾ ਜ਼ਿਕਰ ਹੀ ਨਹੀਂ ਕੀਤਾ ਹੈ।

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

## Now Open

Indiana

1480 N State Road 1, Cambridge City, IN 47327. 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ

ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...



ਕੀਮਤਾਂ ਬਹੁਤ ਹੀ ਵਾਜਬ !

ਸਹੂਲਤਾਂ

- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet over 100 gallons

open 6am to midnight

Phone: 765-478-6300



# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

# Travel for Less Inc.

SPECIALIZED IN DISCOUNT FARES WORLDWIDE
INDIA | PAKISTAN | EUROPE

ASIANA AIRLINES
A STAR ALLIANCE MEMBER

Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد
ETIHAD AIRWAYS
Lufthansa
QATAR AIRWAYS القطرية
BBB IATAN

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.




CST NO : 2031914-40

We have moved to

Serving the Bay Area Since 1996
32116-Alvarado Blvd. Union City, CA-94587
Email: info@travelforlessinc.com

CALL 510-791-3300 Book online 24x7 @ www.Letsflyhome.com

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥

# ਗੁਰਦੁਆਰਾ ਸਾਹਿਬ ਫਰੀਮੌਂਟ

*300 ਗੁਰਦੁਆਰਾ ਰੋਡ ਫਰੀਮੌਂਟ ਕੈਲੀਫੋਰਨੀਆ-94536*

## ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਯਾਦ ਵਿਚ

# ਮਹਾਨ ਸ਼ਹੀਦੀ ਸਮਾਗਮ

**13 ਅਕਤੂਬਰ 2019 ਦਿਨ ਐਤਵਾਰ**





ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ

### ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ

**11 ਅਕਤੂਬਰ 2019 ਦਿਨ ਸ਼ੁੱਕਰਵਾਰ**

ਭੋਗ ਸ੍ਰੀਅਖੰਡ ਪਾਠ ਸਾਹਿਬ

**13 ਅਕਤੂਬਰ 2019 ਦਿਨ ਐਤਵਾਰ**

ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਜਾਣਗੇ, ਜਿਨ੍ਹਾਂ ਵਿਚ ਰਾਗੀ, ਢਾਡੀ ਅਤੇ ਪੰਥਕ ਬੁਲਾਰੇ ਸੰਗਤਾਂ ਨੂੰ ਸੰਬੋਧਨ ਕਰਨਗੇ।



ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ

13 ਅਕਤੂਬਰ 2019 ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਫਰੀਮੌਂਟ ਕੈਲੀਫੋਰਨੀਆ ਵਿਖੇ ਕੌਮ ਦੇ ਮਹਾਨ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਸ਼ਹਾਦਤ ਨੂੰ ਸਿਜਦਾ ਕੀਤਾ ਜਾਵੇਗਾ। ਇਤਿਹਾਸ ਦੀ ਗਵਾਹੀ ਮੁਤਾਬਕ ਜਦ ਵੀ ਕਿਸੇ ਹਾਕਮ ਵਲੋਂ ਜ਼ੁਲਮ ਦੀ ਇੰਤਹਾ ਹੋਈ, ਫਿਰ ਉਸ ਜ਼ੁਲਮ ਨੂੰ ਠੱਲ੍ਹਣ ਲਈ ਸਮੇਂ-ਸਮੇਂ ਕੌਮੀ ਸੂਰਬੀਰ-ਯੋਧੇ ਜਨਮ ਲੈਂਦੇ ਰਹੇ ਅਤੇ ਕੌਮੀ ਸਵੈਮਾਣ ਨੂੰ ਕਾਇਮ ਰੱਖਦਿਆਂ ਹੋਇਆਂ ਸ਼ਹਾਦਤਾਂ ਦੇ ਜਾਮ ਪੀਂਦੇ ਰਹੇ। ਜੂਨ -1984 ਨੂੰ ਹਿੰਦੋਸਤਾਨੀ ਫੌਜ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਹਮਲਾ ਕੀਤਾ। ਉਸ ਹਮਲੇ ਦੇ ਇਕ ਵੱਡੇ ਦੋਸ਼ੀ ਅਰੁਣ ਕੁਮਾਰ ਵੈਦਿਆ ਨੂੰ, ਉਸ ਦੇ ਪਾਪਾਂ ਦੀ ਸਜ਼ਾ ਭੁਗਤਾ ਕੇ ਹੱਸ ਹੱਸ ਕੇ ਫਾਂਸੀ ਦੇ ਰੱਸੇ ਚੁੰਮਣ ਵਾਲੇ ਅਮਰ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਅਦੁੱਤੀ ਕੁਰਬਾਨੀ ਨੂੰ ਯਾਦ ਕਰਦਿਆਂ ਹੋਇਆਂ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਵਿਸ਼ੇਸ਼ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ। ਸਿੱਖ ਯੂਥ ਆਫ ਅਮਰੀਕਾ ਵਲੋਂ ਸਮੂਹ ਸੰਗਤ ਅਤੇ ਪੰਥਕ ਜਥੇਬੰਦੀਆਂ ਨੂੰ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ।

*ਹਰ ਸਾਲ ਦੀ ਤਰ੍ਹਾਂ ਅਖੰਡ ਪਾਠ ਸਾਹਿਬ ਦੀ ਸੇਵਾ ਭਾਈ ਗੁਰਦੇਵ ਸਿੰਘ ਦੇ ਪਰਿਵਾਰ ਵਲੋਂ ਹੋਵੇਗੀ।*

## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (510) 750-7499

## ਬੇਨਤੀ ਕਰਤਾ : ਸਿੱਖ ਯੂਥ ਆਫ ਅਮਰੀਕਾ

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.

b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205,

Total 8 APN number, one lot,

7.56 acres paved truck parking.

**$3,000,000**

**1801 E Dr martin luther king jr Blvd, Stockton, CA 95205 APN 155-140-15.**
**Almost 10 acres paved truck parking with approximately $32000 monthly income.** **$4,399,000**

## ਨਵੀਂ ਜਾਂ ਪੁਰਾਣੀ ਜਾਇਦਾਦ
## ਖਰੀਦਣ ਜਾਂ ਵੇਚਣ ਲਈ ਕਾਲ ਕਰੋ



Ranjit S Mangat
(Lic: 01922089)

# Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# AJ GRAPHIC

## GRAPHIC DESIGN SERVICES

- Logo Design
- Flyer design
- Stationary Design
- Business Card Design
- Brochure Design
- Press Advt
- Marketing Material
- Poster

ਹਰ ਤਰ੍ਹਾਂ ਦੀ ਪੋਸਟਰ, ਕੈਲੰਡਰ, ਲੋਗੋ ਅਤੇ ਹੋਰ ਗਰਾਫ਼ਿਕਸ ਡਿਜ਼ਾਇਨਿੰਗ ਦਾ ਕੰਮ ਬਹੁਤ ਹੀ ਵਧੀਆ ਅਤੇ ਸਸਤੇ ਰੇਟ 'ਤੇ ਕਰਵਾਉਣ ਲਈ ਸੰਪਰਕ ਕਰੋ

Amarjeet Lamber

Please Contoct Whatapp Number

94653-45635

# COVERED CALIFORNIA

## Big Insurance Group

1817 Capitol st Vallejo Ca 94591

WE ALWAYS READY TO ANSWER YOUR QUESTIONS

- Buy or Sell your Home
- ਲਾਈਫ਼ ਇੰਸ਼ੋਰੈਂਸ
- ਹੈਲਥ ਇੰਸ਼ੋਰੈਂਸ
- Financial services like retirement plans and investment etc



ਕਵਰਡ ਕੈਲੀਫੋਰਨੀਆ ਇੰਸ਼ੋਰੈਂਸ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ

**Ram Matharu**

**707-365-1368**

For Real Estate Call :
707-365-1368
DRE # 9141968
Ram Matharu
rammatharu@yahoo.com

Anthem. Health Net UnitedHealthcare

Insurance License #0k66537



Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.

## ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

## ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*
www.PunjabiRadioUSA.com
**408-272-5200**

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA
## INSURANCE AGENCY, INC.

**Khalsa Insurance Agency is among TOP 50 agencies** of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

**408-272-2500**

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

## ਸਿਆਟਲ ਵਿਚ ਮੀਕਾ ਸਿੰਘ ਦਾ ਸ਼ੋਅ ਕਾਮਯਾਬ ਰਿਹਾ





**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਕੈਂਟ ਦੇ ਸੌਂਵੈਅਰ ਸੈਂਟਰ ਵਿਚ ਪ੍ਰਸਿੱਧ ਗਾਇਕ ਤੇ ਕਲਾਕਾਰ ਮੀਕਾ ਸਿੰਘ ਦਾ ਸ਼ੋਅ ਯੂ.ਐਸ.ਏ. ਟਰੈਵਲਜ ਦੇ ਮਾਲਕ ਅਮਿਤ ਜਨੇਜਾ ਤੇ ਜਲਸਾ ਐਂਟਰਟੇਨਮੈਂਟ ਵਲੋਂ ਬਹੁਤ ਸ਼ਾਨਦਾਰ ਇੰਤਜਾਮ ਕਰਕੇ ਕਰਵਾਇਆ ਗਿਆ ਜਿਸ ਦਾ ਦਰਸ਼ਕਾਂ ਨੇ ਖ਼ੂਬ ਆਨੰਦ ਮਾਣਿਆ। ਸੋਂਵੈਅਰ ਸੈਂਟਰ ਵਿਚ ਪੰਜਾਬੀਆਂ ਦੇ ਹਰਮਨ ਪਿਆਰੇ ਗਾਇਕ ਡਾ. ਹਰਬੀਰ ਸਿੰਘ ਗੋਰਾਇਆ ਨੇ ਆਪਣੇ ਪੁਰਾਣੇ ਅਤੇ ਨਵੇਂ ਗੀਤਾਂ ਨਾਲ ਸ਼ੁਰੂਆਤ ਕੀਤੀ। ਉਸ ਤੋਂ ਬਾਅਦ ਬੌਲੀਵੁੱਡ ਦੇ ਗਾਇਕ ਮੀਕਾ ਸਿੰਘ ਨੇ ਆਪਣੇ ਸਾਥੀਆਂ ਨਾਲ ਹਿੰਦੀ-ਪੰਜਾਬੀ ਤੋਂ ਇਲਾਵਾ ਸਾਊਥ ਭਾਰਤ ਦੀ ਭਾਸ਼ਾ ਵਿਚ ਚਹੇਤਿਆਂ ਦੀਆਂ ਫਰਮਾਇਸ਼ਾਂ ਅਨੁਸਾਰ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕੀਤਾ। ਸਰੋਤਿਆਂ ਨੇ ਮਨਪਸੰਦ ਗੀਤਾਂ ਤੇ ਖ਼ੂਬ ਭੰਗੜੇ ਅਤੇ ਡਾਂਸ ਕੀਤਾ। ਇਸ ਤਰ੍ਹਾਂ ਲੱਗ ਰਿਹਾ ਸੀ ਕਿ ਸਾਰਾ ਹਾਲ ਹੀ ਡਾਂਸ ਕਰ ਰਿਹਾ ਹੋਵੇ। ਮੀਕਾ ਸਿੰਘ ਦਾ ਸ਼ੋਅ ਕਾਮਯਾਬ ਰਿਹਾ ਜਿੱਥੇ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਦਰਸ਼ਕਾਂ ਨੇ ਲਗਾਤਾਰ 3 ਘੰਟੇ ਖ਼ੂਬ ਮਨੋਰੰਜਨ ਕੀਤਾ। ਇਸ ਮੌਕੇ ਅਮਿਤ ਜਨੇਜਾ ਦੀ ਅਗਵਾਈ ਹੇਠ ਸਪਾਂਸਰਾਂ ਨੂੰ ਸਨਮਾਨਤ ਕੀਤਾ ਗਿਆ।

## ਨਾਬਾਲਗ ਲੜਕੀ ਨਾਲ ਸਮੂਹਿਕ ਬਲਾਤਕਾਰ

**ਸ਼ਹਿਣਾ/ਏਟੀ ਨਿਊਜ਼ :** ਥਾਣਾ ਸ਼ਹਿਣਾ ਵਿਚ ਇਕ ਪੀੜਤ 17 ਸਾਲਾ ਲੜਕੀ ਵਲੋਂ ਦਿੱਤੇ ਬਿਆਨਾਂ ਅਨੁਸਾਰ 29 ਸਤੰਬਰ ਦੀ ਸਵੇਰੇ ਉਹ ਪਰਚੂਨ ਦੀ ਦੁਕਾਨ ਤੋਂ ਸਾਮਾਨ ਲੈਣ ਗਈ ਸੀ ਕਿ ਉਸ ਦੇ ਪਿੱਛੇ ਚਿੱਟੇ ਰੰਗ ਦੀ ਕਾਰ ਆਈ, ਜਿਸ ਵਿਚ ਸਵਾਰ ਪਿੰਡ ਦੇ ਹੀ 4 ਨੌਜਵਾਨ ਨੇੜੇ ਸਕੂਲ ਦੀ ਖਾਲੀ ਪਈ ਬਿਲਡਿੰਗ ਵਿਚ ਉਸ ਨੂੰ ਚੁੱਕ ਕੇ ਲੈ ਗਏ ਤੇ ਗੁਰਪ੍ਰੀਤ ਸਿੰਘ, ਗੋਸ਼ਾ, ਮਨੀ ਤੇ ਇਕ ਅਣਪਛਾਤੇ ਨੌਜਵਾਨ ਨੇ ਉਸ ਨੂੰ ਰੱਸੇ ਨਾਲ ਬੰਨ੍ਹ ਕੇ ਬਲਾਤਕਾਰ ਕੀਤਾ। ਪੀੜਤ ਲੜਕੀ ਕਿਸੇ ਤਰ੍ਹਾਂ ਉਨ੍ਹਾਂ ਦੇ ਚੁੰਗਲ ਵਿਚੋਂ ਨਿਕਲ ਕੇ ਆਪਣੇ ਘਰ ਪਹੁੰਚੀ ਤੇ ਘਟਨਾ ਬਾਰੇ ਜਾਣੂ ਕਰਵਾਇਆ। ਉਪਰੰਤ ਪਰਿਵਾਰਕ ਮੈਂਬਰਾਂ ਵਲੋਂ ਉਸ ਨੂੰ ਸਿਵਲ ਹਸਪਤਾਲ ਬਰਨਾਲਾ ਵਿਖੇ ਦਾਖਲ ਕਰਵਾਇਆ ਗਿਆ। ਸਬ-ਇੰਸਪੈਕਟਰ ਬਲਵਿੰਦਰ ਕੌਰ ਵਲੋਂ ਪੀੜਤ ਲੜਕੀ ਦੇ ਬਿਆਨ ਉਪਰੰਤ ਉਕਤ ਚਾਰ ਲੜਕਿਆਂ 'ਤੇ ਪਰਚਾ ਦਰਜ ਕੀਤਾ ਗਿਆ ਹੈ ਤੇ ਦੋਸ਼ੀ ਨੌਜਵਾਨਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# 'ਫਰਿਜ਼ਨੋ ਬਿੱਗ ਫੇਅਰ' 'ਤੇ ਲੱਗੀਆਂ ਰੌਣਕਾਂ

### *ਕਾਊਂਟੀ ਮਿਊਜ਼ੀਅਮ ਵਿਚ ਸਿੱਖ ਇਤਿਹਾਸਕ ਵਸਤਾਂ ਸਥਾਪਤ*

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਫਰਿਜ਼ਨੋ ਬਿੱਗ ਫੇਅਰ ਭਾਵ 'ਫਰਿਜ਼ਨੋ ਦਾ ਵੱਡਾ ਮੇਲਾ' ਦੀ ਸੁਰੂਆਤ 1884 ਈ. ਤੋਂ ਹੋਈ ਸੀ। ਲੋਕ ਬੇਸ਼ੱਕ ਹੁਣ ਸ਼ਹਿਰੀ ਹੋ ਗਏ ਹਨ, ਪਰ ਅੱਜ ਵੀ ਲੋਕਾਂ ਨੇ ਮੇਲੇ ਦੀ ਇਸ ਪਰੰਪਰਾ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ ਅਤੇ ਇਹ ਅਮਰੀਕਾ ਦਾ ਪੰਜਵਾਂ ਸਭ ਤੋਂ ਵੱਡਾ ਮੇਲਾ ਹੈ। ਇਸ ਦੋ ਹਫ਼ਤੇ ਚੱਲਣ ਵਾਲੇ ਵੱਡੇ ਮੇਲੇ ਵਿੱਚ ਪਹਿਲੇ ਦਿਨ ਇਲਾਕੇ ਦੇ ਹਾਈ ਸਕੂਲਾਂ ਦੇ ਚੰਗੇ ਵਿੱਦਿਅਕ ਗਰੇਡ ਵਾਲੇ ਬੱਚਿਆਂ ਨੂੰ ਡਰਾਅ ਰਾਹੀਂ ਇਨਾਮ ਅਤੇ ਹਜ਼ਾਰਾਂ ਡਾਲਰਾਂ ਦੇ ਵਜ਼ੀਫ਼ੇ ਦਿੱਤੇ ਜਾਂਦੇ ਹਨ। ਬੱਚਿਆਂ ਲਈ ਹੀ ਇਕ 'ਟੋਇਟਾ ਕਰੋਲਾ' (Toyota Corolla) ਕਾਰ ਵੀ ਇਨਾਮ ਵਿੱਚ ਦਿੱਤੀ ਗਈ। ਇਸ ਸਾਲ ਮੇਲੇ ਦੀ ਇਸ ਖਾਸੀਅਤ ਰਾਹੀ ਕਿ ਸਿੱਖ ਭਾਈਚਾਰੇ ਵੱਲੋਂ ਉੱਦਮ ਕਰਕੇ ਉੱਥੋਂ ਦੇ ਸਥਾਨਿਕ 'ਫਰਿਜ਼ਨੋ ਕਾਊਂਟੀ ਮਿਊਜੀਅਮ' ਵਿੱਚ ਸਿੱਖ ਪਹਿਚਾਣ ਲਈ ਸ੍ਰੀ ਦਰਬਾਰ ਸਾਹਿਬ ਦਾ ਮਾਡਲ, ਪੁਰਾਤਨ ਸਿੱਖ ਰਿਆਸਤ ਦੇ ਸਿੱਕੇ, ਸ਼ਸਤਰ, ਤਸਵੀਰਾਂ ਅਤੇ ਟੀ.ਵੀ. ਸਕਰੀਨਾਂ ਰਾਹੀਂ ਸਿੱਖ ਇਤਿਹਾਸ ਦਾ ਪ੍ਰਦਰਸ਼ਨ ਕੀਤਾ ਗਿਆ। ਪ੍ਰਬੰਧਕਾਂ ਅਨੁਸਾਰ ਹੁਣ ਜਿੱਥੇ ਛੇ ਲੱਖ ਤੋਂ ਵਧੀਕ ਲੋਕ ਮੇਲੇ ਨੂੰ



ਦੇਖਣ ਜਾਣਗੇ, ਉਹ ਮਿਊਜ਼ੀਅਮ ਰਾਹੀ ਸਿੱਖਾਂ ਪ੍ਰਤੀ ਵੀ ਜਾਣਕਾਰੀ ਹਾਸਲ ਕਰ ਸਕਣਗੇ ਜੋ ਸਮੁੱਚੇ ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਇਸ ਸਿੱਖ ਪਹਿਚਾਣ ਵਾਲੇ ਹਿੱਸੇ ਦਾ ਹੋਰ ਵਸਤਾਂ ਅਤੇ ਟੱਚ ਸਕਰੀਨਾਂ ਲਾ ਕੇ ਬਹੁਤ ਜਲਦ ਰਸਮੀ ਉਦਘਾਟਨ ਕੀਤਾ ਜਾਵੇਗਾ।

ਇਥੇ ਹਰ ਸਾਲ ਵੱਖ-ਵੱਖ ਨਾਮਵਰ ਅਮੈਰੀਕਨ ਗਾਇਕਾਂ ਅਤੇ ਕਲਾਕਾਰਾਂ ਦੇ ਸ਼ੋਅ, ਲੋਕਾਂ ਅਤੇ ਸਕੂਲੀ ਬੱਚਿਆਂ ਦੁਆਰਾ ਆਪਣੇ ਪਾਲੇ ਹੋਏ ਜਾਨਵਰਾਂ ਦਾ ਪ੍ਰਦਰਸ਼ਨ, ਚੰਗੀ ਬਾਗਬਾਨੀ-ਫੁੱਲਾਂ ਦਾ ਪ੍ਰਦਰਸ਼ਨ ਆਦਿਕ ਮੁਕਾਬਲੇ ਹੁੰਦੇ ਹਨ। ਇੱਥੋਂ ਦੇ ਖਾਣ-ਪੀਣ ਦੇ ਸ਼ੌਕੀਨਾਂ ਲਈ ਸੁਆਦਿਸ਼ਟ ਖਾਣਿਆਂ ਦੇ ਸਟਾਲ ਵੀ ਖਿੱਚ ਦਾ ਕੇਂਦਰ ਰਹਿੰਦੇ ਹਨ। ਬੱਚਿਆਂ ਤੋਂ ਲੈ ਸਿਆਣਿਆਂ ਤੱਕ ਖੇਡਾਂ, ਝੂਲੇ, ਚੰਡੋਲ ਅਤੇ ਘੋੜਿਆਂ ਦੀ ਰੇਸ ਮੁਕਾਬਲੇ ਆਦਿਕ ਦਿਲਚਸਪ ਹੁੰਦੇ ਹਨ। ਅੰਤ ਅਸੀਂ ਕਹਿ ਸਕਦੇ ਹਾਂ ਕਿ ਇਹ ਮੇਲਾ ਹਮੇਸ਼ਾ ਹੀ ਰੌਣਕਾਂ ਵੰਡਦਾ ਹੋਇਆ ਸਭ ਪਰਿਵਾਰਾਂ ਨੂੰ ਇਕੱਠੇ ਵਿਚਰਨ ਦਾ ਮੌਕਾ ਦਿੰਦਾ ਹੈ।

## ਧਾਰਮਿਕ ਨਾਟਕ 'ਮਿਟੀ ਧੁੰਦ ਜੱਗ ਚਾਨਣ ਹੋਆ' ਦੀਆਂ ਤਿਆਰੀਆਂ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :**ਸਿੱਖ ਧਰਮ ਦੇ ਬਾਨੀ, ਪਹਿਲੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਧਾਰਮਿਕ ਨਾਟਕ 'ਮਿਟੀ ਧੁੰਦ ਜਗ ਚਾਨਣ ਹੋਆ' 24 ਨਵੰਬਰ, ਐਤਵਾਰ ਦੁਪਹਿਰ 3 ਤੋਂ 6 ਵਜੇ ਤੱਕ ਐਬਰਨ ਹਾਈ ਸਕੂਲ ਦੇ ਪ੍ਰਫਾਰਮਿੰਗ ਆਰਟਸ ਸੈਂਟਰ ਸਿਆਟਲ 'ਚ ਕੈਲੀਫੋਰਨੀਆ ਤੇ ਵੈਨਕੋਵਰ ਦੇ 16 ਕਲਾਕਾਰਾਂ ਵਲੋਂ ਵਿਲੱਖਣ ਅੰਦਾਜ਼ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਦਰਸ਼ਕਾਂ ਵਾਸਤੇ ਕੋਈ ਟਿਕਟ ਨਹੀਂ ਹੋਵੇਗੀ, ਸਗੋਂ 1000 ਸੀਟਾਂ ਸੀਮਤ ਹੋਣ ਕਾਰਨ ਕੰਪਲੀਮੈਂਟਰੀ ਪਾਸ ਮੁਹੱਈਆ ਕੀਤੇ ਜਾਣਗੇ। ਪ੍ਰਬੰਧਕਾਂ ਵਲੋਂ ਲੋੜੀਂਦੇ ਇੰਤਜ਼ਾਮ ਕੀਤੇ ਜਾ ਰਹੇ ਹਨ। ਸ਼ਰਾਬ ਪੀ ਕੇ ਆਉਣ ਦੀ ਸਖਤ ਮਨਾਹੀ ਹੋਵੇਗੀ ਅਤੇ ਸਕਿਓਰਿਟੀ ਦੇ ਪੁਖਤਾ ਇੰਤਜਾਮ ਹੋਣਗੇ। ਇਸ ਨਾਟਕ ਵਿਚ ਸਮਾਜਿਕ ਕੁਰੀਤੀਆਂ ਅਤੇ ਗੁਰੂ ਜੀ ਦੀਆਂ ਸਿੱਖਿਆਵਾਂ ਬਾਰੇ ਚਾਨਣਾ ਪਾਇਆ ਜਾਵੇਗਾ। ਬੱਚਿਆਂ ਤੇ ਨੌਜਵਾਨਾਂ ਨੂੰ ਪਹਿਲ ਦਿੱਤੀ ਜਾਵੇਗੀ। ਸਭ ਨੂੰ ਪਰਿਵਾਰਾਂ ਸਮੇਤ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਜਾ ਰਿਹਾ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਸਰਕਾਰ ਪੰਜਾਬੀ ਵਲ ਧਿਆਨ ਦੇਵੇ ਤੇ ਦੂਸਰੀ ਭਾਸ਼ਾ ਅੰਗਰੇਜ਼ੀ ਹੋਵੇ

**ਡਾ. ਚਰਨਜੀਤ ਸਿੰਘ ਗੁਮਟਾਲਾ**



ਹਿੰਦੀ ਦਿਵਸ ਮੌਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਕਹਿਣਾ ਸੀ ਕਿ ਹਿੰਦੀ ਭਾਰਤ 'ਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਇਹ ਇੱਕੋ-ਇੱਕ ਅਜਿਹੀ ਭਾਸ਼ਾ ਹੈ ਜੋ ਪੂਰੇ ਦੇਸ਼ ਨੂੰ ਜੋੜ ਕੇ ਰੱਖ ਸਕਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਦੇਸ਼ ਨੂੰ ਇਕ ਅਜਿਹੀ ਭਾਸ਼ਾ ਦੀ ਲੋੜ ਹੈ ਜੋ ਵਿਸ਼ਵ ਭਰ ਵਿਚ ਉਸ ਦੀ ਪਛਾਣ ਬਣਾਏ। ਉਨ੍ਹਾਂ ਨੇ ਲੋਕਾਂ ਨੂੰ ਹਿੰਦੀ ਦੀ ਵਰਤੋਂ ਵੱਧ ਤੋਂ ਵੱਧ ਕਰਨ ਦੀ ਅਪੀਲ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਅਗਲੇ ਸਾਲ ਹਿੰਦੀ ਦਿਵਸ ਮੌਕੇ ਦੇਸ਼ ਦੇ ਵੱਖ-ਵੱਖ ਭਾਗਾਂ 'ਚ ਹਿੰਦੀ ਦਿਵਸ ਸਮਾਗਮ ਕਰਵਾਏ ਜਾਣਗੇ ਅਤੇ 2024 ਦੀਆਂ ਅਗਲੀਆਂ ਆਮ ਚੋਣਾਂ ਤਕ ਹਿੰਦੀ ਵਿਰਾਸਤੀ ਦਰਜਾ ਪ੍ਰਾਪਤ ਕਰ ਲਵੇਗੀ।

ਇਸ ਦਾ ਵਿਰੋਧੀ ਪਾਰਟੀਆਂ ਅਤੇ ਖ਼ਾਸ ਤੌਰ 'ਤੇ ਤਾਮਿਲਨਾਡੂ 'ਚ ਸਖ਼ਤ ਵਿਰੋਧ ਹੋਇਆ। ਵਿਰੋਧ ਨੂੰ ਵੇਖਦੇ ਹੋਏ ਅਮਿਤ ਸ਼ਾਹ ਨੇ ਕਿਹਾ ਕਿ ਹਿੰਦੀ ਨੂੰ ਬਤੌਰ ਦੂਜੀ ਭਾਸ਼ਾ ਲਾਗੂ ਕੀਤਾ ਜਾਵੇਗਾ ਅਤੇ ਨਾਲ ਹੀ ਯਕੀਨ ਦਿਵਾਇਆ ਕਿ ਹਿੰਦੀ ਜਬਰੀ ਨਹੀਂ ਠੋਸੀ ਜਾਵੇਗੀ। ਇਹੋ ਗੱਲ ਅਮਰੀਕਾ ਦੀ ਫੇਰੀ ਸਮੇਂ 22 ਸਤੰਬਰ 2019 ਨੂੰ ਹਿਊਸਟਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਹੀ। ਉਨ੍ਹਾਂ ਵੀ ਐਲਾਨ ਕੀਤਾ ਕਿ ਭਾਰਤ ਇਕ ਬਹੁ-ਭਾਸ਼ਾਈ ਦੇਸ਼ ਹੈ ਅਤੇ ਹਿੰਦੀ ਨੂੰ ਕਦੇ ਵੀ ਠੋਸਿਆ ਨਹੀਂ ਜਾਵੇਗਾ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਹਿੰਦੀ ਵਾਕਿਆ ਹੀ ਸਮੁੱਚੇ ਭਾਰਤੀਆਂ ਦੀ ਜ਼ੁਬਾਨ ਹੈ? ਜਦ ਅਸੀਂ 2001 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ 'ਤੇ ਝਾਤ ਪਾਉਂਦੇ ਹਾਂ ਤਾਂ ਜੋ ਗੱਲ ਸਾਹਮਣੇ ਆਉਂਦੀ ਹੈ ਉਹ ਇਹ ਹੈ ਕਿ ਹਿੰਦੀ 25 ਪ੍ਰਤੀਸ਼ਤ ਭਾਰਤੀਆਂ ਦੀ ਮਾਤ ਭਾਸ਼ਾ ਹੈ। ਬੰਗਾਲੀ 8 ਪ੍ਰਤੀਸ਼ਤ, ਤੇਲਗੂ 7 ਪ੍ਰਤੀਸ਼ਤ, ਮਰਾਠੀ 7 ਪ੍ਰਤੀਸ਼ਤ, ਤਾਮਿਲ 6 ਪ੍ਰਤੀਸ਼ਤ, ਉਰਦੂ 5 ਪ੍ਰਤੀਸ਼ਤ, ਗੁਜਰਾਤੀ 4 ਫ਼ੀਸਦੀ, ਕੰਨੜ 4 ਫ਼ੀਸਦੀ, ਮਲਿਆਲਮ 3 ਪ੍ਰਤੀਸ਼ਤ, ਉੜੀਆ 3 ਪ੍ਰਤੀਸ਼ਤ, ਪੰਜਾਬੀ 3 ਪ੍ਰਤੀਸ਼ਤ ਅਤੇ ਆਸਾਮੀ 1 ਪ੍ਰਤੀਸ਼ਤ ਭਾਰਤੀਆਂ ਦੀਆਂ ਮਾਤ ਭਾਸ਼ਾਵਾਂ ਹਨ। ਕੁਝ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਤੋਂ ਇਲਾਵਾ ਹਿੰਦੀ ਬਿਹਾਰ, ਛੱਤੀਸਗੜ੍ਹ, ਹਰਿਆਣਾ , ਹਿਮਾਚਲ ਪ੍ਰਦੇਸ਼, ਝਾਰਖੰਡ, ਮੱਧ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਉਤਰਖੰਡ ਦੀ ਸਰਕਾਰੀ ਭਾਸ਼ਾ ਹੈ। ਭਾਰਤ ਵਿਚ ਫ਼ਿਲਹਾਲ ਕੋਈ ਕੌਮੀ ਭਾਸ਼ਾ ਨਹੀਂ ਹੈ। ਵੈਸੇ ਭਾਰਤ ਵਿਚ 22 ਭਾਸ਼ਾਵਾਂ ਨੂੰ ਸਰਕਾਰੀ ਭਾਸ਼ਾਵਾਂ ਦਾ ਦਰਜਾ ਦਿੱਤਾ ਗਿਆ ਹੈ। ਇਨ੍ਹਾਂ 'ਚ ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ, ਆਸਾਮੀ, ਬੰਗਾਲੀ, ਬੋਡੋ, ਡੋਗਰੀ, ਗੁਜਰਾਤੀ, ਕੰਨੜ, ਕਸ਼ਮੀਰੀ, ਕਨਿਕਾਨੀ, ਮੈਥਲੀ-ਮਲਿਆਲਮ, ਮਨੀਪੁਰੀ, ਮਰਾਠੀ, ਨੇਪਾਲੀ, ਉੜੀਆ, ਸੰਸਕ੍ਰਿਤ, ਸਿੰਧੀ, ਤਾਮਿਲ, ਤੇਲਗੂ, ਤੁਲੂ ਤੇ ਉਰਦੂ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ 30 ਭਾਸ਼ਾਵਾਂ ਐਸੀਆਂ ਹਨ ਜਿਨ੍ਹਾਂ ਨੂੰ ਬੋਲਣ ਵਾਲਿਆਂ ਦੀ ਗਿਣਤੀ 10 ਲੱਖ ਤੋਂ ਵੱਧ ਹੈ। ਵੈਸੇ ਭਾਰਤ 'ਚ 780 ਤੋਂ ਵੱਧ ਭਾਸ਼ਾਵਾਂ ਹਨ ਜਿਨ੍ਹਾਂ ਦੀ ਪਛਾਣ ਕੀਤੀ ਗਈ ਹੈ ਅਤੇ 66 ਤੋਂ ਵੱਧ ਲਿਪੀਆਂ ਹਨ ਜਿਨ੍ਹਾਂ ਵਿਚ ਲਿਖਿਆ ਜਾ ਰਿਹਾ ਹੈ। 'ਦੇਸ਼ ਵਿਚ ਇਕ ਭਾਸ਼ਾ ਹੀ ਚਾਹੀਦੀ ਹੈ' ਦੇ ਸੁਝਾਅ ਨੂੰ ਲੈ ਕੇ ਆਜ਼ਾਦੀ ਤੋਂ ਹੀ ਯਤਨ ਹੁੰਦੇ ਰਹੇ ਹਨ।

ਵੈਸੇ ਗ਼ੈਰ-ਹਿੰਦੀ ਭਾਸ਼ਾਈ ਸੂਬਿਆਂ ਵੱਲੋਂ ਹਿੰਦੀ ਦਾ ਵਿਰੋਧ ਅੰਗਰੇਜ਼ੀ ਰਾਜ ਸਮੇਂ ਤੋਂ ਹੀ ਚਲਦਾ ਆ ਰਿਹਾ ਹੈ। ਮਦਰਾਸ ਸੂਬੇ ਵਿਚ 1937 ਵਿਚ ਰਾਜ ਗੋਪਾਲਚਾਰੀਆ ਦੀ ਅਗਵਾਈ ਵਾਲੀ ਕਾਂਗਰਸੀ ਸਰਕਾਰ ਨੇ ਸਾਰੇ ਹਾਈ ਸਕੂਲਾਂ ਵਿਚ ਹਿੰਦੀ ਲਾਗੂ ਕਰ ਦਿੱਤੀ। ਕਰੁਣਾਨਿਧੀ ਦੀ ਡੀਐੱਮਕੇ ਪਾਰਟੀ ਨੇ ਉਸ ਸਮੇਂ ਜ਼ਬਰਦਸਤ ਮੁਹਿੰਮ ਸ਼ੁਰੂ ਕੀਤੀ ਜਿਸ ਦੌਰਾਨ ਦੰਗੇ ਵੀ ਹੋਏ। ਸੰਨ 1939 ਵਿਚ ਕਾਂਗਰਸ ਸਰਕਾਰ ਟੁੱਟ ਗਈ ਅਤੇ ਮਦਰਾਸ ਦੇ ਗਵਰਨਰ ਲਾਰਡ ਐਰਸਕੀਨ ਨੇ ਫਰਵਰੀ 1940 ਵਿਚ ਹਿੰਦੀ ਨੂੰ ਬਤੌਰ ਲਾਜ਼ਮੀ ਭਾਸ਼ਾ ਪੜ੍ਹਾਉਣ ਦਾ ਕਾਨੂੰਨ ਵਾਪਸ ਲੈ ਲਿਆ।

ਭਾਵੇਂ ਸੰਨ 1950 ਦੇ ਭਾਰਤੀ ਸੰਵਿਧਾਨ ਵਿਚ ਲਿਖਿਆ ਹੈ ਕਿ ਹਿੰਦੀ ਦੇਵ ਨਾਗਰੀ ਲਿਪੀ ਵਿਚ ਭਾਰਤ ਦੀ ਸਰਕਾਰੀ ਭਾਸ਼ਾ ਹੋਵੇਗੀ ਪਰ ਪੰਡਿਤ ਜਵਾਹਰਲਾਲ ਨਹਿਰੂ ਸਮੇਂ ਹੀ ਗ਼ੈਰ ਹਿੰਦੀ ਭਾਸ਼ਾਈ ਸੂਬਿਆਂ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ। ਕਰੁਣਾਨਿਧੀ ਨੇ ਸੰਵਿਧਾਨ ਦਾ ਉਹ ਪੰਨਾ ਸਾੜਿਆ ਜਿਸ ਵਿਚ ਹਿੰਦੀ ਨੂੰ ਸਰਕਾਰੀ ਭਾਸ਼ਾ ਬਣਾਇਆ ਗਿਆ ਸੀ। ਆਂਧਰਾ ਪ੍ਰਦੇਸ਼, ਮੈਸੂਰ, ਮਦਰਾਸ ਤੇ ਬੰਗਾਲ ਸੂਬਿਆਂ ਵੱਲੋਂ ਕੇਂਦਰ ਸਰਕਾਰ ਨੂੰ ਹਿੰਦੀ ਜ਼ਬਰੀ ਲਾਗੂ ਕਰਨ ਵਿਰੁੱਧ ਚਿਤਾਵਨੀ ਦਿੱਤੀ ਗਈ ਅਤੇ ਕੇਂਦਰੀ ਪੱਧਰ 'ਤੇ ਦੋ-ਭਾਸ਼ਾਈ ਨੀਤੀ ਅਪਨਾਉਣ ਲਈ ਕਿਹਾ ਗਿਆ ਭਾਵ ਕਿ ਹਿੰਦੀ ਦੇ ਨਾਲ-ਨਾਲ ਅੰਗਰੇਜ਼ੀ ਦੀ ਵਰਤੋਂ ਕੀਤੀ ਜਾਵੇ। ਸੰਸਦ 'ਚ ਵੀ ਹਿੰਦੀ ਦਾ ਅੰਗਰੇਜ਼ੀ 'ਚ ਅਤੇ ਅੰਗਰੇਜ਼ੀ ਦਾ ਹਿੰਦੀ 'ਚ ਤਰਜਮਾ ਕਰਨ ਦੀ ਮੰਗ ਕੀਤੀ ਗਈ। ਇਹ ਵੀ ਮੰਗ ਕੀਤੀ ਗਈ ਕਿ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀਆਂ ਪ੍ਰੀਖਿਆਵਾਂ ਸੂਬਾਈ ਭਾਸ਼ਾਵਾਂ 'ਚ ਲਈਆਂ ਜਾਣ, ਸੂਬਾਈ ਭਾਸ਼ਾ ਨੂੰ ਅਦਾਲਤੀ ਭਾਸ਼ਾ ਬਣਾਇਆ ਜਾਵੇ ਅਤੇ ਕਾਲਜਾਂ 'ਚ ਵੀ ਸੂਬਾਈ ਭਾਸ਼ਾ ਵਿਚ ਪੜ੍ਹਾਈ ਕਰਵਾਈ ਜਾਵੇ।

ਇਸ ਕਾਨੂੰਨ ਦੀ ਖ਼ਾਸ ਗੱਲ ਇਹ ਹੈ ਕਿ ਕੇਂਦਰ ਸਰਕਾਰ, ਉਸ ਸਮੇਂ ਹੀ ਅੰਗਰੇਜ਼ੀ ਦੀ ਵਰਤੋਂ ਬੰਦ ਕਰ ਸਕਦੀ ਹੈ ਜਦ ਗ਼ੈਰ-ਹਿੰਦੀ ਸੂਬੇ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਨੂੰ ਅਜਿਹਾ ਕਰਨ ਲਈ ਕਹਿਣ। ਇਸ ਪਿੱਛੋਂ ਸੰਸਦ ਦੇ ਦੋਵਾਂ ਸਦਨਾਂ ਪਾਸੋਂ ਇਸ ਦੀ ਪ੍ਰਵਾਨਗੀ ਲਈ ਜਾਵੇਗੀ। ਗ਼ੈਰ-ਹਿੰਦੀ ਸੂਬਿਆਂ ਵੱਲੋਂ ਅੰਗਰੇਜ਼ੀ ਬੰਦ ਕਰ ਕੇ ਕੇਵਲ ਹਿੰਦੀ 'ਚ ਕੰਮ ਕਰਨ ਲਈ ਮਤੇ ਪਾਸ ਕਰਨੇ ਕੋਈ ਸੌਖਾ ਕੰਮ ਨਹੀਂ। ਇਸ ਕਾਨੂੰਨ 'ਚ ਹਿੰਦੀ ਭਾਸ਼ਾ ਨੂੰ ਸਰਕਾਰੀ ਕੰਮਾਂ 'ਚ ਵਧੇਰੇ ਵਰਤੋਂ ਯੋਗ ਬਣਾਉਣ ਲਈ ਇਕ 30 ਮੈਂਬਰੀ ਕਮੇਟੀ ਬਣਾਉਣ ਲਈ ਕਿਹਾ ਗਿਆ ਜਿਹੜੀ ਰਾਸ਼ਟਰਪਤੀ ਨੂੰ ਆਪਣੀ ਰਿਪੋਰਟ ਦਿਆ ਕਰੇਗੀ ਜੋ ਅੱਗੋਂ ਸੰਸਦ ਵਿਚ ਰੱਖੀ ਜਾਵੇਗੀ।

ਤਾਮਿਲਨਾਡੂ ਤੇ ਹੋਰ ਗ਼ੈਰ-ਹਿੰਦੀ ਸੂਬਿਆਂ ਦੇ ਵਿਰੋਧ ਕਾਰਨ ਕੇਂਦਰ ਸਰਕਾਰ ਵੱਲੋਂ ਸੰਨ 1963 ਵਿਚ ਸਰਕਾਰੀ ਭਾਸ਼ਾ ਕਾਨੂੰਨ ਪਾਸ ਕੀਤਾ ਗਿਆ ਜਿਸ ਅਨੁਸਾਰ ਹਿੰਦੀ ਦੇ ਨਾਲ-ਨਾਲ ਅੰਗਰੇਜ਼ੀ ਦੀ ਵਰਤੋਂ ਨੂੰ ਕਾਨੂੰਨੀ ਤੌਰ 'ਤੇ ਲਾਜ਼ਮੀ ਕੀਤਾ ਗਿਆ। ਸੰਸਦ 'ਚ ਅਤੇ ਸਰਕਾਰੀ ਕੰਮਕਾਜ 'ਚ ਅੰਗਰੇਜ਼ੀ ਦੀ ਵਰਤੋਂ ਜਾਰੀ ਰੱਖਣ ਦਾ ਅਹਿਦ ਲਿਆ ਗਿਆ। ਇਹ ਵੀ ਯਕੀਨੀ ਬਣਾਇਆ ਗਿਆ ਕਿ ਗ਼ੈਰ-ਹਿੰਦੀ ਭਾਸ਼ਾਈ ਸੂਬਿਆਂ ਵਿਚ ਹਿੰਦੀ ਦਾ ਅੰਗਰੇਜ਼ੀ ਵਿਚ ਅਨੁਵਾਦ ਕਰ ਕੇ ਭੇਜਿਆ ਜਾਵੇਗਾ।

ਜਦ ਸੰਨ 1950 ਵਿਚ ਭਾਰਤੀ ਸੰਵਿਧਾਨ ਲਿਖਿਆ ਗਿਆ ਤਾਂ ਇਕ ਸਮਝੌਤਾਵਾਦੀ ਨੀਤੀ ਅਪਣਾਈ ਗਈ ਕਿ 1965 ਤਕ ਹਿੰਦੀ ਅਤੇ ਅੰਗਰੇਜ਼ੀ ਦੋਵੇਂ ਭਾਸ਼ਾਵਾਂ ਸਰਕਾਰੀ ਭਾਸ਼ਾਵਾਂ ਦੇ ਤੌਰ 'ਤੇ ਨਾਲ-ਨਾਲ ਚੱਲਣਗੀਆਂ ਪਰ 1965 ਵਿਚ ਇਕ ਵੋਟ ਨਾਲ ਪਾਸ ਹੋਇਆ ਕਿ ਕੇਵਲ ਹਿੰਦੀ ਵਿਚ ਕੰਮ ਹੋਵੇਗਾ, ਅੰਗਰੇਜ਼ੀ ਵਿਚ ਨਹੀਂ। ਇਸ ਦਾ ਫਿਰ ਗ਼ੈਰ-ਹਿੰਦੀ ਸੂਬਿਆਂ ਵੱਲੋਂ ਵਿਰੋਧ ਹੋਇਆ। ਕਰੁਣਾਨਿਧੀ ਨੇ ਤਾਮਿਲਨਾਡੂ ਵਿਚ ਲੱਖਾਂ ਦੀ ਗਿਣਤੀ ਵਿਚ ਰੋਸ ਮੁਜ਼ਾਹਰੇ ਕੀਤੇ। ਤਾਮਿਲਾਂ ਨੇ 55 ਦਿਨ ਮਾਰਚ ਕੀਤਾ ਅਤੇ ਮੰਗ ਕੀਤੀ ਕਿ ਤਾਮਿਲ ਭਾਸ਼ਾ ਸੂਬੇ ਦੀ ਭਾਸ਼ਾ ਹੋਵੇ ਅਤੇ ਅੰਗਰੇਜ਼ੀ ਨੂੰ ਸੰਪਰਕ ਭਾਸ਼ਾ ਦੇ ਤੌਰ 'ਤੇ ਵਰਤਿਆ ਜਾਵੇ। ਉਸ ਸਮੇਂ ਕਾਂਗਰਸ ਦੀ ਸਰਕਾਰ ਸੀ। ਪੁਲਿਸ ਨੇ 10 ਫਰਵਰੀ 1965 ਨੂੰ ਮੁਜ਼ਾਹਰਾਕਾਰੀਆਂ 'ਤੇ ਗੋਲ਼ੀ ਚਲਾ ਦਿੱਤੀ ਜਿਸ ਕਾਰਨ 35 ਵਿਅਕਤੀ ਮਾਰੇ ਗਏ। ਸੰਨ 1967 ਵਿਚ ਚੋਣ ਹੋਈ ਤਾਂ ਡੀਐੱਮਕੇ ਨੇ ਹੂੰਝਾ ਫੇਰੂ ਜਿੱਤ ਪ੍ਰਾਪਤ ਕੀਤੀ।

ਕੇਂਦਰ ਸਰਕਾਰ ਵੱਲੋਂ ਕੇਂਦਰੀ ਅਦਾਰਿਆਂ ਵਿਚ ਹਿੰਦੀ ਦੀ ਵਰਤੋਂ ਯਕੀਨੀ ਬਣਾਉਣ ਲਈ ਹਰ ਸਾਲ ਸੂਬਿਆਂ 'ਚ ਟੀਮਾਂ ਭੇਜੀਆਂ ਜਾਂਦੀਆਂ ਹਨ ਜੋ ਵੇਖਦੀਆਂ ਹਨ ਕਿ ਕੇਂਦਰੀ ਅਦਾਰਿਆਂ ਜਿਵੇਂ ਬੈਂਕਾਂ, ਡਾਕਖਾਨੇ, ਰੇਲਵੇ ਆਦਿ ਵਿਚ ਕੀ ਹਿੰਦੀ ਵਿਚ ਕੰਮ ਹੋ ਰਿਹਾ ਹੈ। ਇਸ ਦਾ ਸਿੱਟਾ ਹੀ ਹੈ ਕਿ ਅੱਜ ਬੈਂਕਾਂ ਅਤੇ ਹੋਰ ਕੇਂਦਰੀ ਅਦਾਰਿਆਂ 'ਚ ਅੰਗਰੇਜ਼ੀ ਦੇ ਨਾਲ-ਨਾਲ ਹਿੰਦੀ ਜ਼ਰੂਰ ਲਿਖੀ ਜਾ ਰਹੀ ਹੈ ਜਦਕਿ ਪੰਜਾਬੀ ਭਾਸ਼ਾ ਐਕਟ 1967 ਅਨੁਸਾਰ ਸਭ ਤੋਂ ਉਪਰ ਪੰਜਾਬੀ ਜੋ ਕਿ ਰਾਜ ਭਾਸ਼ਾ ਹੈ, ਉਹ ਚਾਹੀਦੀ ਹੈ ਅਤੇ ਉਸ ਦੇ ਥੱਲੇ ਹਿੰਦੀ ਅਤੇ ਫਿਰ ਅੰਗਰੇਜ਼ੀ ਚਾਹੀਦੀ ਹੈ। ਪ੍ਰਾਂਤਕ ਭਾਸ਼ਾਵਾਂ ਨੂੰ ਪ੍ਰਫੁੱਲਿਤ ਕਰਨਾ ਰਾਜ ਸਰਕਾਰਾਂ ਦਾ ਕੰਮ ਹੈ। ਅਕਾਲੀਆਂ ਨੇ ਮੋਰਚੇ ਲਾ ਕੇ ਪੰਜਾਬੀ ਸੂਬਾ ਬਣਾ ਕੇ ਭਾਜਪਾ ਅਤੇ ਹੋਰ ਪਾਰਟੀਆਂ ਨਾਲ ਮਿਲ ਕੇ ਰਾਜ ਭਾਗ ਤਾਂ ਸਾਂਭ ਲਿਆ ਪਰ ਪੰਜਾਬੀ ਨੂੰ ਸਰਕਾਰੀ ਭਾਸ਼ਾ ਨਾ ਬਣਾਇਆ। ਪੰਜਾਬੀ ਨੂੰ ਸਰਕਾਰੀ ਭਾਸ਼ਾ ਬਣਾਉਣ ਦਾ ਸਿਹਰਾ 1967 'ਚ ਸ. ਲਛਮਣ ਸਿੰਘ ਗਿੱਲ ਦੀ ਅਗਵਾਈ ਵਿਚ ਬਣੀ ਸਰਕਾਰ ਨੂੰ ਜਾਂਦਾ ਹੈ। ਜਿੱਥੋਂ ਤਕ ਅਦਾਲਤੀ ਕਰਵਾਈ ਦਾ ਸੰਬੰਧ ਹੈ, ਸੂਬਾਈ ਸਰਕਾਰਾਂ ਨੇ ਰਾਜ ਭਾਸ਼ਾ ਵਿਚ ਇਹ ਕੰਮ ਕਰਵਾਉਣਾ ਹੈ। ਬੰਗਾਲ, ਤਾਮਿਲਨਾਡੂ ਅਤੇ ਕਈ ਹੋਰ ਸੂਬਿਆਂ ਵਿਚ ਸਥਾਨਕ ਅਦਾਲਤਾਂ ਤੋਂ ਲੈ ਕੇ ਹਾਈ ਕੋਰਟ ਤਕ ਰਾਜ ਭਾਸ਼ਾ ਵਿਚ ਕੰਮ ਹੋ ਰਿਹਾ ਹੈ ਪਰ ਪੰਜਾਬ 'ਚ ਅਜਿਹਾ ਨਹੀਂ। ਵਕੀਲ ਅੰਗਰੇਜ਼ੀ 'ਚ ਕੀ ਬਹਿਸ ਕਰਦੇ ਹਨ, ਬਹੁਤਿਆਂ ਦੀ ਸਮਝ ਤੋਂ ਬਾਹਰ ਹੈ ਕਿਉਂਕਿ ਬਹੁਤੇ ਪੰਜਾਬੀਆਂ ਨੂੰ ਅੰਗਰੇਜ਼ੀ ਨਹੀਂ ਆਉਂਦੀ। ਇਸ ਲਈ ਪੰਜਾਬ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਪੰਜਾਬ ਦੇ ਸਾਰੇ ਪ੍ਰਾਈਵੇਟ ਸਕੂਲਾਂ ਵਿਚ ਪਹਿਲੀ ਤੋਂ ਦਸਵੀਂ ਤਕ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਹੈ। ਦਸਵੀਂ ਦਾ ਸਰਟੀਫਿਕੇਟ ਤਾਂ ਹੀ ਮਿਲੇਗਾ ਜੇ ਵਿਦਿਆਰਥੀ ਨੇ ਪੰਜਾਬੀ ਪਾਸ ਕੀਤੀ ਹੋਵੇ। ਸਕੂਲ ਭਾਵੇਂ ਸੀਬੀਐੱਸਈ , ਆਈਸੀਐੱਸਈ ਨਾਲ ਜਾਂ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਹੋਵੇ।

ਸੰਨ 1950 ਤੋਂ ਲੈ ਕੇ ਹੁਣ ਤਕ 250 ਭਾਰਤੀ ਭਾਸ਼ਾਵਾਂ ਲੋਪ ਹੋ ਚੁੱਕੀਆਂ ਹਨ ਅਤੇ 40 ਦੇ ਲਗਪਗ ਲੋਪ ਹੋਣ ਕੰਢੇ ਹਨ। ਬਹੁਤੇ ਲੋਕਾਂ ਦੀ ਮੰਗ ਹੈ ਕਿ ਹੁਣ ਹਿੰਦੀ ਦੀ ਥਾਂ ਦੂਸਰੀ ਭਾਸ਼ਾ ਅੰਗਰੇਜ਼ੀ ਚਾਹੀਦੀ ਹੈ ਕਿਉਂਕਿ ਇਹ ਰੁਜ਼ਗਾਰ ਦੀ ਭਾਸ਼ਾ ਹੈ। ਵੱਡੀ ਗਿਣਤੀ 'ਚ ਲੋਕ ਵਿਦੇਸ਼ 'ਚ ਪੜ੍ਹਨ, ਸੈਰ-ਸਪਾਟਾ ਕਰਨ ਅਤੇ ਰੁਜ਼ਗਾਰ ਲਈ ਜਾ ਰਹੇ ਹਨ ਜਿਸ ਕਾਰਨ ਅੰਗਰੇਜ਼ੀ ਦਾ ਗਿਆਨ ਬਹੁਤ ਜ਼ਰੂਰੀ ਹੈ।

# ਪੰਜਾਬੀ ਅਤੇ ਸੰਸਕ੍ਰਿਤ-1

**ਬੂਟਾ ਸਿੰਘ ਪਾਸਲਾ**, 8968489599

**ਪੰਜਾਬੀ ਅਤੇ ਸੰਸਕ੍ਰਿਤ ਬੋਲਣ ਵਾਲਿਆਂ ਦੀਆਂ ਨਸਲਾਂ :-**

ਪੰਜਾਬੀ ਬੋਲੀ ਦਾ ਸਬੰਧ ਹੜੱਪਾ ਕਲਚਰ ਨਾਲ ਹੈ, ਜਿਹੜਾ ਕਿ ਸਿੰਧ ਘਾਟੀ ਦੀ ਸੱਭਿਅਤਾ ਨਾਲ ਸਬੰਧਤ ਹੈ। ਹੜੱਪਨ ਕਲਚਰ ਦੀਆਂ ਹੱਦਾਂ ਪਾਕਿਸਤਾਨ ਅਤੇ ਭਾਰਤ ਵਿੱਚ ਢੋਲਵੀਰਾ (ਗੁਜਰਾਤ) ਤੱਕ ਫੈਲੀਆਂ ਹੋਈਆਂ ਹਨ ਜਿਸ ਦਾ ਖੇਤਰਫਲ 1.5 ਮੀਲੀਅਨ ਕਿ.ਮੀ. ਹੈ। ਇੰਨੀ ਵਿਸ਼ਾਲ ਖੇਤਰ ਵਿੱਚ ਫੈਲੀ ਹੋਈ ਸੱਭਿਅਤਾ ਨੂੰ ਅੱਖਿਓਂ ਉਹਲੇ ਕਰਨਾਂ ਇਤਿਹਾਸ ਨਾਲ ਨਿਆਂ ਨਹੀ ਹੈ। ਹੜੱਪਨ ਲੋਕਾਂ ਨੇ ਸੰਸਾਰ ਵਿੱਚ ਸਭ ਤੋਂ ਪਹਿਲਾਂ ਇੱਕ ਲਿੱਪੀ ਦਾ ਵਿਕਾਸ ਕੀਤਾ। ਜਿਹੜੀ ਧੁਨੀਆਤਮਕ ਅਤੇ Ideogrphic ਹੈ ਅਤੇ ਹੜੱਪਾ ਲਿੱਪੀ ਅੱਜ ਤੱਕ ਸੰਸਾਰ ਵਿੱਚ ਪੜ੍ਹੀ ਨਹੀ ਗਈ। ਅਜਿਹਾ G.R.Hunter ਦਾ ਵਿਚਾਰ ਹੈ। ਉਸ ਨੇ ਕਿਤਾਬ ਹੜੱਪਾ ਅਤੇ ਮੋਹਨਜੋਦੜੋ ਲਿੱਪੀ (Harappa and Mohenjodaro script and it's Connection with Scripts) ਲਿਖੀ ਤੇ 1933 ਵਿੱਚ ਪੀ.ਐੱਚ.ਡੀ. ਕੀਤੀ। ਉਸ ਦਾ ਮੰਨਣਾ ਹੈ ਕਿ ਹੜੱਪਣ ਦੀ ਸੀਲ ਸੂਸਾ ਦੇ ਇਲਾਕੇ ਚੋਂ ਮਿਲੀ ਹੈ ਜੋ ਕਿ ਸੁਮੇਰੀਆ 2750 2.3. ਦੀ ਹੈ। ਇੱਕ ਹੋਰ ਸੀਲ ਜਮਦਾਤ ਨਾਸਰ ਤੋਂ ਮਿਲੀ ਹੈ, ਜਿਹੜੀ ਕਿ ਸੁਮੇਰੀਅਨ ਸੱਭਿਅਤਾ ਨਾਲ ਸਬੰਧਤ ਹੈ ਜੋ ਕਿ ਅੱਜ ਕੱਲ ਈਰਾਕ 'ਚ ਹੈ, ਜਿਸ ਦਾ ਸਮਾਂ 4000 2.3. ਹੈ। ਸੁਮੇਰੀਅਨ ਲਿੱਪੀ ਦੇ ਚਿੰਨ੍ਹਾਂ ਦਾ ਮਿਲਣਾ ਦੱਸਦਾ ਹੈ ਕਿ ਹੜੱਪਾ ਲਿੱਪੀ ਤੋਂ ਉਹਨਾਂ ਨੇ ਕੁੱਝ ਚਿੰਨ੍ਹ ਉਧਾਰ ਲਏ ਹਨ। ਇਸ ਤਰ੍ਹਾਂ ਸਿੱਟਾ ਨਿਕਲਦਾ ਹੈ ਕਿ ਸੰਸਾਰ ਨੂੰ ਪਹਿਲੀ ਲਿੱਪੀ ਦੇਣ ਵਾਲੇ ਲੋਕ ਹੜੱਪਨ ਲੋਕ ਹੀ ਹਨ। ਇਸ ਸੱਭਿਅਤਾ ਨੂੰ ਬਾਹਰੋਂ ਆਏ ਆਰੀਆ ਨਸਲ ਨੇ ਅਤੇ ਦ੍ਰਾਵਿੜ ਨਸਲ ਨੇ ਤਬਾਹ ਕੀਤਾ। ਇਸ ਦਾ ਸਬੂਤ ਹੈ ਕਿ ਬਲੋਚਸਤਾਨ 'ਚ ਮਿਲੀ ਬਰੂਹੀ ਬੋਲੀ ਅਤੇ ਇੱਕ ਪੱਟੀ ਜਿਹੜੀ ਕਿ Central Asia ਤੱਕ ਜਾਂਦੀ ਹੈ। ਇਸ ਨੂੰ ਤੁਸੀਂ ਬਰੂਹੀ ਭਾਸ਼ਾ ਕਿਤਾਬ ਵਿੱਚ ਦੇਖ ਸਕਦੇ ਹੋ। Grierson ਦੀ ਕਿਤਾਬ Liguistic Survey of India ਅਨੁਸਾਰ ਦ੍ਰਾਵਿੜੀਅਨ ਦੂਰ ਦੱਖਣ ਦੇ ਰਹਿਣ ਵਾਲੇ ਹਨ। ਇਹ ਇੱਥੇ ਦੇ ਹੀ ਵਸਨੀਕ ਹਨ। ਕਈ ਸੱਜਣਾਂ ਨੇ ਕਿਤਾਬਾਂ ਵਿੱਚ ਜ਼ਿਕਰ ਕੀਤਾ ਹੈ ਕਿ ਇਹ ਹੜੱਪਨ ਸੱਭਿਆਚਾਰ ਦੇ ਸਿਰਜਣਹਾਰੇ ਸਨ। ਜਦੋਂ ਅਸੀਂ ਦ੍ਰਾਵਿੜੀਅਨ ਅਤੇ ਹੜੱਪੇ ਦੀ ਪੰਜਾਬੀ ਨਾਲ ਤੁਲਨਾ ਕਰਦੇ ਹਾਂ ਅਤੇ ਇਹਨਾਂ ਵਿੱਚ ਭਾਸ਼ਾਈ ਤੌਰ 'ਤੇ ਕੁੱਝ ਵੀ ਸਾਂਝਾ ਨਹੀ ਹੈ। ਜਿਵੇਂ ਕਿ :-

ਤਾਮਿਲ ਵਿੱਚ ਪੋ ਧਾਤੂ ਤੋਂ ਬਣੇ ਰੂਪ :- ਪੋ - ਪੋਏ - ਪੋਇਮ।

ਪੰਜਾਬੀ ਵਿੱਚ ਇਹ ਰੂਪ ਇਸ ਤਰ੍ਹਾਂ ਹਨ :- ਗਿਆ/ਗਈ, ਜਾਂਦਾ/ਜਾਂਦੀ, ਜਾਵੇਗਾ/ਜਾਵੇਗੀ। ਪੋ ਦਾ ਅਰਥ ਜਾਹ (70) ਹੈ। An Essay on Indian Antiquities, Historic and Numismatic ਦੀ ਭੂਮਿਕਾ ਵਿੱਚ ਲਿਖਿਆ ਹੈ ਕਿ ਆਰੀਅਨਾਂ ਨੇ ਜਦੋਂ ਭਾਰਤ 'ਤੇ ਹਮਲਾ ਕੀਤਾ ਅਤੇ ਦਾਖਲ ਹੋਏ ਤਾਂ ਇਹਨਾਂ ਦੀ ਗਿਣਤੀ ਜੱਦੀ ਲੋਕਾਂ ਦੇ ਮੁਕਾਬਲੇ ਬਹੁਤ ਘੱਟ ਸੀ। ਇਨ੍ਹਾਂ ਆਰੀਆ ਲੋਕਾਂ ਦੀ ਬੋਲੀ ਵੈਦਿਕ ਤੋਂ ਸੰਸਕ੍ਰਿਤ ਅਖਵਾਈ। ਪਾਨਿਨੀ ਦੀ ਪੁਸਤਕ ਅਸ਼ਟਅਧਿਆਇ ਅਨੁਸਾਰ ਪਾਨਿਨੀ ਤੋਂ ਪਹਿਲਾਂ 60 ਗਰੈਮੇਰੀਅਨ ਹੋਏ ਸਨ। ਆਰੀਅਨ ਲੋਕਾਂ ਨੇ ਇੱਥੇ ਦੇ ਲੋਕਾਂ ਤੋਂ ਰਾਜ ਖੋ ਲਿਆ ਅਤੇ ਆਪਣੀਆ ਨੀਤੀਆ ਲਾਗੂ ਕੀਤੀਆਂ। ਜਿਹਨਾਂ ਦਾ ਮਾਧਿਅਮ ਸੰਸਕ੍ਰਿਤ ਨੂੰ ਬਣਾਇਆ ਅਤੇ ਸੰਸਕ੍ਰਿਤ ਵਿੱਚ ਉੱਚ ਪੱਧਰ ਦੀ ਸਾਹਿਤ ਰਚਨਾ ਵੀ ਕੀਤੀ। ਡਾ. ਸ਼ਰਨ ਦੀ ਕਿਤਾਬ "Punjab and Coins" ਅਨੁਸਾਰ ਸਭ ਤੋਂ ਪਿੱਛੋਂ ਆਰੀਆ ਨੇ ਦ੍ਰਾਵਿੜਾਂ 'ਤੇ ਜਿੱਤ ਹਾਸਿਲ ਕੀਤੀ। ਆਰੀਅਨਾਂ ਨੇ ਦ੍ਰਵਿੜਾਂ ਨੂੰ ਹਰਾਉਣ ਲਈ Mugoloid ਲੋਕਾਂ ਦਾ ਸਹਾਰਾ ਲਿਆ ਜੋ ਕਿ ਦ੍ਰਾਵਿੜਾਂ ਨਾਲੋਂ ਅੱਡ ਨਸਲ ਦੇ ਸਨ। ਜਿਵੇਂ ਉਹਨਾਂ ਨੂੰ ਵਾਨਰ ਆਦਿ ਨਾਂ ਦੇਣਾ ਤਾਂ ਕਿ ਆਰੀਆ ਨਾਲੋਂ ਮੁਗਲਾਂ ਦਾ ਫਰਕ ਅੱਡ ਨਜ਼ਰ ਆਵੇ।

ਸੰਸਕ੍ਰਿਤ ਅਤੇ ਪੰਜਾਬੀ ਦੇ ਰੂਪਾਂ ਵਿੱਚ ਭਿੰਨਤਾਂ ਜਾਂ ਫਰਕ ਹੈ :-

ਜਿਵੇਂ ਜਿਵੇ ਸੰਸਕ੍ਰਿਤ ਵਿੱਚ :- ਗਸ਼ਤਹ - ਗਸ਼ਤਿ - ਗਮਸ਼ੇਅਤਿ

ਪੰਜਾਬੀ ਵਿੱਚ ਇਸ ਦਾ ਉਲੱਥਾ ਇਸ ਪ੍ਰਕਾਰ ਹੈ : ਗਿਆ/ਗਈ, ਜਾਂਦਾ/ਜਾਂਦੀ, ਜਾਵੇਗਾ/ਜਾਵੇਗੀ।

ਸੋ ਦ੍ਰਾਵਿੜਅਨ ਅਤੇ ਸੰਸਕ੍ਰਿਤ ਵਿੱਚ Single Gender ਕ੍ਰਿਆ ਹੈ ਜਦ ਕਿ ਪੰਜਾਬੀ 'ਚ Double Gender ਕ੍ਰਿਆ ਹੈ।

ਨਸਲੀ ਤੌਰ ਤੇ ਪੰਜਾਬੀ, Viceroy Lord Curzon ਅਨੁਸਾਰ ਸਭ ਤੋਂ ਪਹਿਲਾਂ ਆਰੀਆ ਦੀ ਮੁੱਠਭੇੜ ਸ਼ੂਦਰ ਕਬੀਲੇ ਨਾਲ ਹੋਈ। ਆਰੀਆ ਨੇ ਸ਼ੂਦਰ ਕਬੀਲੇ ਨੂੰ ਹਰਾ ਦਿੱਤਾ ਅਤੇ ਬਾਕੀ ਦੇ ਰਹਿੰਦੇ ਹੋਰ ਕਬੀਲਿਆਂ ਨੂੰ ਵੀ ਹਰਾ ਦਿੱਤਾ। ਆਰੀਆ ਨੇ ਇਹਨਾਂ ਸਾਰਿਆਂ ਕਬੀਲਿਆਂ ਦਾ ਨਾਂ ਸ਼ੂਦਰ ਰੱਖਿਆ। ਜੇਤੂ ਹੋਣ ਕਾਰਣ ਇੱਥੇ ਦੇ ਵਾਸੀ ਉਹ ਇੱਕ ਆਰੀਆ ਦੀ ਪਰਜਾ ਬਣ ਗਈ। ਆਰੀਆ ਨੇ ਆਪਣੀ ਭਾਸ਼ਾ ਇੱਥੇ ਦੇ ਲੋਕਾਂ 'ਤੇ ਠੋਸ ਦਿੱਤੀ, ਜਿਵੇਂ ਵਿਦੇਸ਼ੀ ਸ਼ਾਸਕ ਕਰਿਆ ਕਰਦੇ ਸਨ। ਲੋਕਾਂ ਦਾ ਹਰ ਪੱਖੋਂ ਸ਼ੋਸ਼ਣ ਕੀਤਾ ਅਤੇ ਹਰ ਵੇਲੇ ਆਪਣੇ ਦਾਬੇ ਹੇਠਾਂ ਰੱਖਦੇ ਸਨ। ਕਾਨੂੰਨ ਵੀ ਉਹ ਬਣਾਉਂਦੇ ਜਿਹੜੇ ਸ਼ਾਸ਼ਕਾਂ ਦੇ ਹੱਕਾਂ 'ਚ ਅਤੇ ਪਰਜਾ ਦੇ ਉਲਟ ਹੁੰਦੇ ਸਨ। ਇਸ ਤਰਾਂ ਉਹ ਲੋਕਾਂ 'ਚ ਫੁੱਟ ਪੁਆ ਕੇ ਅਤੇ ਦਬਾਅ ਪਾ ਕੇ ਆਪਣੀ ਗੱਦੀ ਕਾਇਮ ਰੱਖਦੇ ਸਨ।

ਜਿੱਥੋਂ ਤੱਕ ਆਰੀਆ ਨਸਲ ਦਾ ਸਬੰਧ ਹੈ ਉਹ ਆਪਣੀ ਨਸਲ ਮੁਕਾ ਚੁੱਕੀ ਹੈ, ਜਿਸ ਦਾ ਸਬੂਤ ਹੈ ਕਿ ਸੰਸਕ੍ਰਿਤ Indian Sub-continent ਵਿਚ ਕਿਤੇ ਵੀ ਬੋਲੀ ਨਹੀਂ ਜਾਂਦੀ ਹੈ। ਬਹਾਨਾ ਇਹ ਬਣਾਇਆ ਜਾਂਦਾ ਹੈ ਕਿ Indian Sub-continent ਦੀਆਂ ਭਾਸ਼ਾਵਾਂ ਆਰੀਅਨ ਵਿੱਚੋਂ ਵਿਕਸਿਤ ਹੋਈਆਂ ਹਨ। ਸੰਸਕ੍ਰਿਤ ਦੇ ਸਮਾਨਅਰਥ (Synonymous) ਸ਼ਬਦਾਂ ਦੀ ਕਾਫੀ ਭਰਮਾਰ ਹੈ, ਜਿਹੜੇ ਕਿ ਦੇਸੀ ਬੋਲੀਆਂ ਦੇ ਸ਼ਬਦ ਹਨ। ਇਸ ਦਾ ਸਬੂਤ John Beam ਦੀ ਕਿਤਾਬ Aryian Laguage Comparitive Grammer ਵਿੱਚ ਮਿਲਦਾ ਹੈ ਅਤੇ Earnst Triumph ਨੇ ਆਪਣੀ ਸਿੰਧੀ ਗਰੈਮਰ ਵਿੱਚ ਆਪਣੇ ਵਿਚਾਰ ਰੱਖੇ ਹਨ, ਕਿ ਉੱਤਰੀ ਭਾਰਤੀ ਬੋਲੀਆਂ 'ਚ ਗੈਰ-ਆਰੀਆ ਸ਼ਬਦ ਹਨ ਜੋ ਕਿ ਦੇਸੀ ਕਹੇ ਜਾਂਦੇ ਹਨ।

ਰਿਗਵੇਦ ਦੀ ਸ਼ਬਦਾਵਲੀ ਵਿੱਚ ਅਨੇਕਾਂ ਦੇਸੀ ਸ਼ਬਦ ਵਰਤੇ ਹਨ, ਜਿਨ੍ਹਾਂ ਦਾ ਵੇਰਵਾ ਅਸੀ ਅਸ਼ਟਅਧਿਆਇ ਵਿੱਚ ਦੇਖ ਸਕਦੇ ਹਾਂ। ਆਰੀਆ ਪਿੱਛੋ ਹੋਰ ਵੀ ਨਸਲਾਂ ਦੇ ਸ਼ਾਸਕ ਇੱਥੇ ਆਏ ਹਨ ਜਿਵੇ ਹੇਬ੍ਰੂ ਬੋਲੀ ਦੇ ਸ਼ਬਦਾਂ ਦਾ ਭਾਰਤੀ ਬੋਲੀ ਵਿੱਚ ਆਉਣਾ। ਉਨ੍ਹਾਂ ਦੇ ਸ਼ਬਦਾਂ ਦਾ ਆਉਣਾ ਦੱਸਦਾ ਹੈ ਕਿ ਵਿਦੇਸ਼ੀਆਂ ਨੇ ਆਪਣਾ ਭਾਸ਼ਾਈ ਅਸਰ ਵੀ ਛੱਡਿਆ ਹੈ ਅਤੇ ਸੱਭਿਆਚਾਰਕ ਪ੍ਰਭਾਵ ਵੀ ਪਾਇਆ ਹੈ। ਉਹਨਾਂ ਦੇ ਧਰਮ ਦੇ ਅੰਸ਼ ਵੀ ਮਿਲਦੇ ਹਨ। ਉਨ੍ਹਾਂ ਦੀਆਂ ਲਿੱਪੀਆਂ ਵੀ ਆਈਆਂ ਹਨ ਜਿਵੇਂ ਗ੍ਰੀਕ ਦੀ ਲਿੱਪੀ, ਅਰਬੀ ਲਿੱਪੀ ਅਤੇ ਈਰਾਨੀ ਲਿੱਪੀ। ਇਹ ਸਾਰੀਆਂ ਲਿੱਪੀਆਂ ਮਾਨਕੇਆਲ ਨੇੜੇ ਟੈਕਸਲਾ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਜਨਰਲ ਵੈਂਤੂਰਾ ਨੂੰ ਖੋਜ ਦੌਰਾਨ ਮਿਲੀਆਂ ਹਨ।

ਭਾਰਤ ਵਿੱਚ ਜਦੋਂ ਸਮਰਾਟ ਅਸ਼ੋਕ ਦਾ ਰਾਜ ਆਇਆ ਤਾਂ ਉਸ ਨੇ ਰਾਜ ਦਾ ਧਰਮ ਬੁੱਧ ਐਲਾਨ ਕਰ ਦਿੱਤਾ ਅਤੇ ਸੰਸਕ੍ਰਿਤ ਦੀ ਥਾਂ ਪਾਲੀ ਬੋਲੀ ਰਾਜ ਬੋਲੀ ਬਣਾ ਦਿੱਤੀ, ਜਿਸ ਦਾ ਪ੍ਰਮਾਣ Archaeology ਦੀਆਂ ਖੋਜਾਂ ਤੋਂ ਪਤਾ ਚੱਲਦਾ ਹੈ। ਅਸ਼ੋਕ ਦੀ ਲਿੱਪੀ ਪੜ੍ਹਨ ਵਿੱਚ James Prinsep ਦਾ ਭਰਪੂਰ ਯੋਗਦਾਨ ਹੈ। ਉਹ ਸਾਰੀ ਦੀ ਲਿੱਪੀ ਪੜ੍ਹਨ ਵਿੱਚ ਕਾਮਯਾਬ ਹੋ ਗਿਆ। ਇਸ ਦਾ ਸਿੱਟਾ ਇਹ ਨਿਕਲਿਆ ਕਿ ਭਾਰਤ ਦੀਆਂ ਹੋਰ ਕਈ ਅਗਿਆਤ ਲਿੱਪੀਆਂ ਪੜ੍ਹਨ ਵਿੱਚ ਸਹਾਇਤਾ ਮਿਲੀ। ਇਤਿਹਾਸ ਵਿੱਚ ਕਈ ਤੱਥ ਸਹੀ ਰੂਪ ਵਿੱਚ ਸਾਹਮਣੇ ਆਏ। ਪੰਜਾਬ ਦੇ ਲੋਕਾਂ ਨੇ ਵੱਖਰੇ ਤੌਰ ਤੇ ਆਪਣੀ ਲਿੱਪੀ ਵਿਕਸਿਤ ਕੀਤੀ, ਜਿਸਨੂੰ ਟੱਕ ਦੇਸ਼ ਦੇ ਨਾਂ ਤੇ ਟਾਕਰੀ ਦਾ ਨਾਮ ਦਿੱਤਾ ਗਿਆ। ਟੈਕਸਲਾ ਵੀ ਇਹਨਾਂ ਲੋਕਾਂ ਦਾ ਹੀ ਵਸਾਇਆ ਹੋਇਆ ਸ਼ਹਿਰ ਹੈ। ਅੱਜ ਵੀ ਸਾਨੂੰ ਪੰਜਾਬ ਅਤੇ ਹਿਮਾਚਲ ਵਿੱਚ ਤੱਖੀ ਨਾਂ ਦੇ ਗੋਤ ਦੇ ਲੋਕ ਮਿਲਦੇ ਹਨ। ਤੱਖ ਸ਼ਬਦ ਪਾਲੀ ਭਾਸ਼ਾ ਦਾ ਸ਼ਬਦ ਹੈ, ਜਿਸ ਤੋਂ ਤੱਖੀ ਸ਼ਬਦ ਬਣਾਇਆ ਹੈ। ਅੰਗਰੇਜ਼ੀ ਬਸਤੀ ਪੰਜਾਬ ਦੇ ਰਾਜਿਆਂ ਨੇ ਟਾਕਰੀ ਲਿੱਪੀ ਨੂੰ ਰਾਜ ਲਿੱਪੀ ਦੇ ਤੌਰ 'ਤੇ ਵਰਤਿਆ। ਪੰਜਾਬ ਵਿੱਚ ਇੱਕ ਹੋਰ ਲਿੱਪੀ ਚੱਲਦੀ ਸੀ ਜਿਸ ਨੂੰ ਭੱਠਸ਼ੀ ਕਿਹਾ ਜਾਂਦਾ ਸੀ। ਇਸ ਦਾ ਜ਼ਿਕਰ Al-Bruni ਦੀ ਕਿਤਾਬ Qitab-Al-Hind ਵਿੱਚ ਅਰਧ ਨਾਕਰੀ (ਅਰਧ ਨਾਗਰੀ) ਦੇ ਰੂਪ ਵਿੱਚ ਮਿਲਦਾ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਇੱਕ ਹੋਰ ਰੂਪ ਮਿਲਦਾ ਹੈ ਜਿਸ ਨੂੰ ਲੰਡੇ ਕਿਹਾ ਜਾਂਦਾ ਸੀ। ਇਸ ਨੂੰ ਬਾਣੀਏ ਅਤੇ ਮਹਾਜਨ ਬਹੀ ਖਾਤਿਆਂ ਵਿੱਚ ਵਰਤਦੇ ਸਨ। ਇੱਕ ਲਿੱਪੀ ਗੁਰਮੁੱਖੀ ਹੈ ਜਿਸ ਨੂੰ ਅੱਜ ਪੰਜਾਬੀ ਦੀ ਮਿਆਰੀ (Standard) ਲਿੱਪੀ ਕਿਹਾ ਜਾਂਦਾ ਹੈ ਜਿਸ ਨੂੰ ਸਿੱਖ ਗੁਰੂਆਂ ਨੇ ਪੰਜਾਬ ਦੀ ਟਾਕਰੀ ਲਿੱਪੀ ਨੂੰ ਸੁਧਾਰ ਕੇ ਨਵਾਂ ਰੂਪ ਦਿੱਤਾ ਹੈ ਅਤੇ ਸੁਧਾਰ ਕੇ ਆਪਣੀਆਂ ਪੋਥੀਆਂ ਲਿਖਣ ਦਾ ਮਾਧਿਅਮ ਬਣਾਇਆ। ਗੁਰ ਸਿੱਖਾਂ ਦੇ ਅਪਣਾਉਣ ਕਰਕੇ ਇਸ ਦਾ ਨਾਂ ਗੁਰਮੁੱਖੀ ਪੈ ਗਿਆ। ਪੰਜਾਬ ਦੇ ਬਹੁਤ ਸਾਰੇ ਮੁਸਲਮਾਨ ਕਿੱਸੇਕਾਰਾਂ ਨੇ ਪੰਜਾਬੀ ਲਿਖਣ ਵਾਸਤੇ ਅਰਬੀ ਲਿੱਪੀ ਨੂੰ ਮਾਧਿਅਮ ਅਪਣਾਇਆ। ਉਹਨਾਂ ਅਨੇਕਾਂ ਕਿੱਸੇਕਾਰਾਂ ਦੀਆਂ ਰਚਨਾਵਾਂ ਵਿੱਚ ਕਈ ਗਲਤੀਆਂ ਦੇਖੀਆਂ ਜਾ ਸਕਦੀਆਂ ਹਨ ਕਿਉਂਕਿ ਅਰਬੀ ਲਿੱਪੀ ਵਿੱਚ ਪੰਜਾਬੀ ਦੀਆਂ ਸਿਰਫ 10 ਧੁਨੀਆਂ ਹੀ ਸਹੀ ਢੰਗ ਨਾਲ ਲਿਖੀਆਂ ਜਾ ਸਕਦੀਆਂ ਹਨ। ਅਰਬੀ ਲਿੱਪੀ ਮੰਨਣ ਵਾਲਿਆਂ ਦਾ ਕਹਿਣਾ ਹੈ ਕਿ ਇਹ ਸ਼ਾਹਮੁੱਖੀ ਲਿੱਪੀ ਹੈ। ਇਸ ਤਰ੍ਹਾਂ ਇਹ ਲੋਕਾਂ ਨੂੰ ਮਿਸ ਗਾਇਡ ਕਰ ਰਹੇ ਹਨ। ਸੰਸਕ੍ਰਿਤ ਵਿੱਚ ਪਾਨਿਨੀ ਨੇ 43 ਧੁਨੀਆਂ ਨੂੰ ਮੰਨਿਆ ਹੈ ਅਤੇ ਉਹਨਾਂ ਨੂੰ 14 ਸੂਤਰਾਂ ਵਿੱਚ ਬੰਨ੍ਹ ਦਿੱਤਾ ਤਾਂ ਕਿ ਸੰਸਕ੍ਰਿਤ ਵਿੱਚ ਕੋਈ ਮਿਲਾਵਟ ਨਾ ਕਰ ਸਕੇ। ਇਸੇ ਤਰ੍ਹਾਂ ਗੁਰੂ ਨਾਨਕ ਜੀ ਨੇ ਵੀ ਗੁਰਮੁੱਖੀ ਦੇ 35 ਅੱਖਰ ਬੰਨ੍ਹ ਦਿੱਤੇ ਅਤੇ ਇਸੇ 35 ਅੱਖਰਾਂ ਦੇ ਹਵਾਲੇ ਨਾਲ ਆਪਣੀ ਬਾਣੀ ਦੀ ਰਚਨਾ ਕੀਤੀ ਜਿਸ ਨੂੰ ਪੱਟੀ ਬਾਣੀ ਕਿਹਾ ਜਾਂਦਾ ਹੈ।




# ਪਾਠਕਾਂ ਦਾ ਨਜ਼ਰੀਆ

## ਪੰਥ ਵਿਚ ਫੁਟ ਨਾ ਪਾਓ

ਜਿਹੜੇ ਮੁੱਦਿਆਂ ਉਪਰ ਅੱਜ ਕੱਲ੍ਹ ਪੰਥ ਦਾ ਸਾਰਾ ਜੋਰ ਲੁਆਇਆ ਜਾ ਰਿਹਾ ਹੈ, ਜਿਹੜੇ ਮਸਲਿਆਂ ਨੂੰ ਛੇੜ ਕੇ ਅੱਜ ਦੀ ਸਿੱਖ ਜਵਾਨੀ ਨੂੰ ਇਕ-ਦੂਜੇ ਦੇ ਸਿਰ ਪਾੜਨ ਲਈ ਤਿਆਰ ਕੀਤਾ ਜਾ ਰਿਹਾ ਹੈ, ਜਿਹੜੇ ਨੁਕਤਿਆਂ ਕਰਕੇ ਸੰਗਤ ਵਿਚ ਤਕਰਾਰ, ਟਕਰਾਅ ਤੇ ਪਾਟੋਧਾੜ ਵਧਦੀ ਹੈ, ਕੀ ਵਾਕਿਆ ਹੀ ਉਹ ਐਨੇ ਅਹਿਮ ਨੇ ਕਿ ਜੇ ਹੁਣੇ ਹੀ ਨਾ ਵਿਚਾਰੇ ਗਏ, ਹੁਣੇ ਹੀ ਨਾ ਨਿਬੇੜੇ ਗਏ ਤਾਂ ਪਰਲੋ ਆ ਜਾਣੀ ਹੈ? ਜਿਹੜੇ ਨੁਕਤੇ ਸਾਡੀ ਹੋਂਦ-ਹਸਤੀ ਨਾਲ ਜੁੜੇ ਨੇ, ਜਿਹੜੇ ਮਸਲੇ ਦਿੱਲੀ/ਨਾਗਪੁਰ ਨੇ ਛੇੜ ਕੇ ਸਾਨੂੰ ਕੇਸਾਧਾਰੀ ਹਿੰਦੂ ਗਰਦਾਨਣਾ ਸ਼ੁਰੂ ਕੀਤਾ ਹੋਇਆ ਹੈ, ਜਿਹੜੇ ਮੁੱਦੇ ਸਾਨੂੰ ਕੌਮ ਲਈ ਜਿਉਣ/ਮਰਨ ਸਿਖਾਉਣ ਉਨ੍ਹਾਂ ਦੀ ਚਰਚਾ ਕੌਣ ਕਰੂ? ਜਦ ਸਾਡਾ ਸਭ ਕੁਝ ਦਾਅ ਉੱਤੇ ਲੱਗਿਆ ਹੋਇਆ ਹੈ, ਐਨ ਉਸ ਮੌਕੇ ਵਿਵਾਦਤ ਮੁੱਦੇ ਛੇੜਨੇ, ਸਿਰਫ ਉਹ ਮਸਲੇ ਛੇੜਨੇ ਜਿਨ੍ਹਾਂ ਸਹਾਰੇ ਪੰਥ ਵਿਚ ਕਾਟੋ-ਕਲੇਸ਼ ਹੋ ਸਕੇ, ਇਹ ਕੋਈ ਸਿਆਣਪ ਹੈ ਕਿ ਕਮਲਪੁਣਾ? ਸਿੱਖੀ ਅਤੇ ਸਿੱਖਾਂ ਦੇ ਦੁਸ਼ਮਣਾਂ ਲਈ ਮੈਦਾਨ ਖੁੱਲ੍ਹਾ ਛੱਡਣਾ ਤੇ ਕੌਮ ਦੀ ਸ਼ਕਤੀ ਨੂੰ ਆਪਸੀ ਟੱਕਰ ਵਿਚ ਉਲਝਾਉਣਾ ਕੋਈ ਚਾਲ ਹੈ ਕਿ ਅਣਜਾਣਤਾ? ਕੌਮ ਦੀ ਜਿਹੜੀ ਸ਼ਕਤੀ ਨੇ ਕੌਮ ਦੀ ਚੜ੍ਹਦੀ ਕਲਾ ਲਈ ਲੱਗਣਾ ਸੀ, ਜਿਹੜੀ ਸ਼ਕਤੀ ਨੇ ਖਾਲਿਸਤਾਨ ਦੀ ਸਿਰਜਣਾ ਕਰਨੀ ਸੀ, ਉਹ ਹੁਣ ਇਕ ਦੂਜੇ ਦੇ ਸਿਰ ਪਾੜਨ ਲਈ ਤਿਆਰ ਹੋ ਰਹੀ ਹੈ। ਅੱਧੇ ਕੁ ਓਧਰ ਹੋਜਾਂਗੇ, ਅੱਧੇ ਕੁ ਏਧਰ ਹੋਜਾਂਗੇ ਤੇ ਦੁਸ਼ਮਣ ਦਾ ਰਾਹ ਖੁੱਲ੍ਹਾ ਹੋ ਜਾਊ! ਜਿਹੜੇ ਮਸਲਿਆਂ ਬਾਰੇ ਪਹਿਲਾਂ ਹੀ ਨਿਬੇੜੇ ਹੋ ਚੁੱਕੇ ਨੇ, ਉਹ ਮੁੱਦੇ ਵਾਰ-ਵਾਰ ਛੇੜ ਕੇ ਕੀਹਦਾ ਲਾਭ ਹੋ ਜਾਊ?

-ਸਰਬਜੀਤ ਸਿੰਘ ਘੁਮਾਣ

## ਦੁੱਖ ਪਰਦੇਸੀਂ ਵਸਦਿਆਂ ਦੇ

ਜਦੋਂ ਮੈਂ ਬਾਹਰਲਿਆਂ ਦੇ ਫੇਸਬੁੱਕ 'ਤੇ ਦੇਖਦਾ ਹਾਂ ਤਾਂ ਇੰਝ ਲੱਗਦਾ ਹੈ ਕਿ ਇਨ੍ਹਾਂ ਦਾ ਵੱਸ ਚੱਲੇ ਤਾਂ ਇਹ ਉੱਡ ਕੇ ਆਪਣੇ ਉਸ ਸੁਰਗ ਵਿਚ ਆ ਜਾਣ ਜਿੱਥੇ ਇਨ੍ਹਾਂ ਦੇ ਦੋਸਤ-ਮਿੱਤਰ, ਰਿਸ਼ਤੇਦਾਰ ਹਨ ਪਰ ਕੀ ਕਰਨ। ਮੈਂ ਤੁਰਦਾ-ਤੁਰਦਾ ਵੇਖ ਰਿਹਾ ਸਾਂ ਉਨ੍ਹਾਂ ਮਾਂਵਾਂ ਦੇ ਧੀਆਂ-ਪੁੱਤਾਂ ਨੂੰ ਜਿਹੜੇ ਲਾਡਾਂ ਨਾਲ ਪਾਲੇ ਸਨ। ਉਹ ਅੱਜ ਦੁਕਾਨਾਂ ਦੇ ਸ਼ੋਅਪੀਸ ਬਣੇ ਹੋਏ ਸਨ ਜਿਹੜੀਆਂ ਦੁਕਾਨਾਂ ਦੇ ਮਾਲਕ ਆਪਣੇ ਮਹਿਲਾਂ ਦੇ ਏਸੀ ਦੀਆਂ ਠੰਢੀਆਂ ਹਵਾਵਾਂ ਲੈ ਰਹੇ ਹੁੰਦੇ ਹਨ। ਇਕ ਵਾਰ ਮੈਂ ਆਪਣੇ ਮਿੱਤਰ ਨਾਲ ਗੱਲ ਕਰ ਰਿਹਾ ਸਾਂ ਤਾਂ ਉਹ ਕਹਿੰਦਾ, "ਯਾਰ! ਇੱਥੇ ਵੀ ਉਹੀ ਸੋਚ ਹੈ ਜੋ ਪੰਜਾਬ 'ਚ ਹੈ। ਫ਼ਰਕ ਸਿਰਫ਼ ਇਹ ਹੈ ਕਿ ਇੱਥੇ ਦਿਹਾੜੀ ਡਾਲਰਾਂ ਵਿਚ ਮਿਲਦੀ ਹੈ ਅਤੇ ਦਿਹਾੜੀ ਦਾ ਮਤਲਬ ਅੱਠ ਘੰਟੇ ਕੰਮ ਹੁੰਦਾ ਹੈ। ਇਸ ਦੌਰਾਨ ਚਾਹ-ਰੋਟੀ ਲਈ ਕੋਈ ਸਮਾਂ ਨਹੀਂ ਦਿੱਤਾ ਜਾਂਦਾ।" ਮੈਂ ਕਿਹਾ, "ਤਾਂ ਤੂੰ ਕੀ ਕਰਦਾ ਏਂ?" ਉਹ ਕਹਿੰਦਾ ਕਿ ਮੈਂ ਹੁਣ ਨਵਾਂ ਕੰਮ ਲੱਭਿਆ ਹੈ ਕਿਉਂਕਿ ਪਿਛਲੇ ਦਿਨੀਂ ਮੈਂ ਕੁਝ ਬਿਮਾਰ ਹੋ ਗਿਆ ਸਾਂ ਅਤੇ ਮਾਲਕ ਨੇ ਨਵਾਂ ਬੰਦਾ ਰੱਖ ਲਿਆ। ਹੁਣ ਮੈਂ ਕਾਰਾਂ ਨੂੰ ਚਲਾਉਣ ਦਾ ਕੰਮ ਕਰਦਾ ਹਾਂ।" ਮੈਨੂੰ ਉਹ ਖਹਿਰਾ ਯਾਦ ਆ ਗਿਆ ਜੋ ਘਰ ਤੋਂ ਨਿਕਲਣ ਲੱਗੇ ਦਸ-ਬਾਰਾਂ ਵਾਰ ਤਾਂ ਪੱਗ ਨੂੰ ਠੀਕ ਕਰਦਾ ਹੀ ਹੁੰਦਾ ਸੀ। ਉਸ ਦੇ ਭੰਗੜੇ ਦੀ ਚਰਚਾ ਹੁੰਦੀ ਰਹਿੰਦੀ ਕਾਲਜ ਵਿਚ। ਅੱਜ ਸਾਡਾ ਉਹ ਵੀਰ ਸਵੇਰੇ ਚਾਰ ਵਜੇ ਉੱਠ ਕੇ ਕੰਮ 'ਤੇ ਚਲਿਆ ਜਾਂਦਾ ਹੈ। ਕਈ ਵਾਰੀ ਤਾਂ ਉਸ ਨੂੰ ਪਹਿਲਾਂ ਉੱਠ ਕੇ ਗੱਡੀ ਤੋਂ ਬਰਫ਼ ਸਾਫ਼ ਕਰਨੀ ਪੈਂਦੀ ਹੈ। ਮੈਂ ਉਸ ਨੂੰ ਜਦ ਕਿਹਾ ਕਿ ਤੈਨੂੰ ਉਹ ਵੇਲਾ ਯਾਦ ਹੈ ਤਾਂ ਉਹ ਹੱਸਦਾ ਹੋਇਆ ਕਹਿੰਦਾ, "ਯਾਦ ਤਾਂ ਸਭ ਨੇ, ਉਸ ਵੇਲੇ ਵਾਲੇ, ਕਈ ਦਿਹਾੜੀ ਕਰਦੇ, ਇਨ੍ਹਾਂ ਪੱਥਰਾਂ ਦੇ ਸ਼ਹਿਰਾਂ ਵਿਚ ਆਮ ਹੀ ਮਿਲ ਜਾਂਦੇ ਹਨ।" ਉੱਥੋਂ ਦੇ ਵਾਸੀਆਂ ਦੇ ਦੁੱਖ ਵੇਖ ਕੇ ਉੱਥੇ ਦੀ ਸਰਕਾਰ ਵੀ ਹਰ ਵੇਲੇ ਦੁੱਖ ਵਿਚ ਖੜ੍ਹ ਜਾਂਦੀ ਹੈ। ਪੰਜਾਬ ਦਾ ਇਹ ਦੁਖਾਂਤ, ਕਿਉਂ ਨਹੀਂ ਉਨ੍ਹਾਂ ਨੂੰ ਦਿਖਦਾ। ਸਾਡਾ ਦੇਸ਼ ਵੀ ਕਦੇ ਸੋਨੇ ਦੀ ਚਿੜੀ ਸੀ। ਪਤਾ ਨਹੀਂ ਇਸ ਨੂੰ ਕਿਸ ਦੀ ਨਜ਼ਰ ਖਾ ਗਈ।

ਜਦੋਂ ਮੈਂ ਬਾਹਰਲਿਆਂ ਦੇ ਫੇਸਬੁੱਕ 'ਤੇ ਦੇਖਦਾ ਹਾਂ ਤਾਂ ਇੰਝ ਹੀ ਲੱਗਦਾ ਹੈ। ਪਰ ਕੀ ਕਰਨ, ਉਨ੍ਹਾਂ ਦੇ ਮੋਢਿਆਂ 'ਤੇ ਭਾਰ ਮਣਾਂਮੂਹੀ ਹੁੰਦਾ ਹੈ। ਕਿਸੇ ਨੂੰ ਬਾਪੂ ਵੱਲੋਂ ਚੁੱਕੇ ਉਸ ਕਰਜ਼ੇ ਦੀ ਕਿਸ਼ਤ ਦਿਖਦੀ ਹੈ ਜੋ ਵਿਦੇਸ਼ 'ਚ ਪੜ੍ਹਾਈ ਲਈ ਲਿਆ ਹੁੰਦਾ ਹੈ। ਕਿਸੇ ਨੂੰ ਉਸ ਸ਼ਰੀਕ ਦਾ ਮੂੰਹ ਦਿਖਦਾ ਹੈ ਜੋ ਆਪਣੇ ਪੁੱਤ ਨੂੰ ਮੋਟਰਸਾਈਕਲ 'ਤੇ ਬਿਠਾ ਕੇ ਮੁੱਛਾਂ ਨੂੰ ਵੱਟ ਦਿੰਦਾ ਜਾਂਦਾ ਹੈ ਅਤੇ ਸਾਡੇ ਹਿੱਸੇ ਦੇ ਵਿਘੇ ਨੂੰ ਹੱਥ ਪਾਈ ਬੈਠਾ ਹੈ। ਉਨ੍ਹਾਂ ਦੇ ਦੁੱਖ ਇੰਝ ਲੱਗਦੇ ਹਨ ਜਿਵੇਂ ਮੇਰੇ ਕਾਲਜੇ ਵਿਚ ਹਨੇਰੀਆਂ ਲਿਆ ਰਹੇ ਹੋਣ ਪਰ ਕੀ ਕਰਾਂ, ਮੇਰਾ ਤਾਂ ਆਪਣਾ ਪਤਾ ਨਹੀਂ। ਮੈਂ ਤਾਂ ਹਾਲੇ ਕੱਚਾ ਹਾਂ। ਇਹ ਸਾਰਾ ਕੁਝ ਮੈਂ ਫੁਆਰਾ ਚੌਕ ਤੋਂ ਆਉਂਦਿਆਂ ਮਹਿਸੂਸ ਕਰ ਰਿਹਾ ਸਾਂ। ਜਦੋਂ ਮੇਰੀ ਨਿਗ੍ਹਾ ਉਨਾਂ ਸਾਡੇ ਬੱਚਿਆਂ 'ਤੇ ਪੈ ਗਈ ਜਿਨ੍ਹਾਂ ਦੀਆਂ ਫੋਟੋਆਂ ਉਨ੍ਹਾਂ ਖੰਭਿਆਂ 'ਤੇ ਲੱਗੀਆਂ ਸਨ ਜੋ ਕਦੇ ਸਾਡੇ ਉਸ ਹਾਸੇ ਦੇ ਗਵਾਹ ਸਨ ਜੋ ਸਾਡੇ ਚਿਹਰਿਆਂ ਤੋਂ ਗੁਆਚਦਾ ਜਾ ਰਿਹਾ ਹੈ। ਨਾਲ ਹੀ ਇਹ ਖੰਭੇ ਉਨ੍ਹਾਂ ਨਾਅਰਿਆਂ ਦੇ ਵੀ ਗਵਾਹ ਸਨ ਜਿਹੜੇ ਅਕਸਰ ਪੱਕਿਆਂ ਨੂੰ ਕੱਚੇ ਕਰਨ 'ਤੇ ਉੱਥੇ ਲੱਗਦੇ ਰਹਿੰਦੇ ਹਨ। ਇਨ੍ਹਾਂ ਖੰਭਿਆਂ 'ਤੇ ਆਪਣੇ ਪੁੱਤ ਦੀ ਫੋਟੋ ਨੂੰ ਮਨ ਹੀ ਮਨ ਦੇਖਦਾ ਅਤੇ ਸੋਚਦਾ ਕਿ ਮੇਰੇ ਪੁੱਤ ਦਾ ਵੀ ਕੀ ਇਹੀ ਹਾਲ ਹੋਵੇਗਾ? ਸਾਡੇ ਰਹਿਬਰ ਨੂੰ ਸੁਨੇਹਾ ਜ਼ਰੂਰ ਦੇਵੀਂ।

- ਪਰਮਵੀਰ ਸਿੰਘ

## ਕੀ ਕਾਰਪੋਰੇਟ ਸੈਕਟਰ ਨੂੰ ਦਿੱਤੀਆਂ ਰਿਆਇਤਾਂ ਭਾਰਤ ਵਿਚਲੀ ਮੰਦੀ ਨੂੰ ਰੋਕ ਸਕਣਗੀਆਂ?

ਪਿਛਲੇ ਇਕ ਸਾਲ ਤੋਂ ਚੱਲ ਰਹੀ ਆਰਥਿਕ ਸੁਸਤੀ ਜਿਹੜੀ ਆਰਥਿਕ ਮੰਦੀ ਵਿਚ ਬਦਲ ਰਹੀ ਹੈ, 'ਤੇ ਰੋਕ ਲਾਉਣ ਲਈ ਭਾਰਤ ਸਰਕਾਰ ਵਲੋਂ ਅਤੇ ਖ਼ਾਸ ਕਰਕੇ ਵਿੱਤ ਮੰਤਰੀ ਸ੍ਰੀਮਤੀ ਨਿਰਮਲਾ ਸੀਤਾਰਮਨ ਵਲੋਂ ਕਈ ਯਤਨ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿਚ 19 ਸਤੰਬਰ ਨੂੰ ਉਦਯੋਗਿਕ ਜਗਤ ਲਈ ਐਲਾਨੀਆਂ ਗਈਆਂ ਵੱਡੀਆਂ ਟੈਕਸ ਰਿਆਇਤਾਂ ਵੀ ਸ਼ਾਮਿਲ ਹਨ। ਇਸ ਅਨੁਸਾਰ ਕਾਰਪੋਰੇਟ ਦੀ ਆਮਦਨ 'ਤੇ ਪਹਿਲਾਂ ਲਾਇਆ ਗਿਆ 30 ਫ਼ੀਸਦੀ ਦੀ ਦਰ ਨਾਲ ਟੈਕਸ ਘਟਾ ਕੇ 22 ਫ਼ੀਸਦੀ ਕੀਤਾ ਜਾਵੇਗਾ ਅਤੇ ਇਸ ਵਿਚ ਸਰਚਾਰਜ ਅਤੇ ਸੈੱਸ ਮਿਲਾ ਕੇ ਕੁੱਲ ਟੈਕਸ 25.17 ਫ਼ੀਸਦੀ ਹੋ ਜਾਵੇਗਾ, ਜਦੋਂ ਕਿ ਇਸ ਤੋਂ ਪਹਿਲਾਂ ਇਸ ਟੈਕਸ ਦੀ ਦਰ ਕੁੱਲ ਮਿਲਾ ਕੇ 34.9 ਫ਼ੀਸਦੀ ਬਣ ਜਾਂਦੀ ਸੀ। ਇਸ ਦੇ ਨਾਲ ਹੀ ਪਹਿਲੀ ਅਕਤੂਬਰ, 2019 ਤੋਂ ਬਾਅਦ ਲੱਗਣ ਵਾਲੀਆਂ ਇਕਾਈਆਂ ਲਈ ਇਹ ਦਰ ਸਿਰਫ 15 ਫ਼ੀਸਦੀ ਹੋਵੇਗੀ ਅਤੇ ਇਸ ਵਿਚ ਵੀ ਸਰਚਾਰਜ ਅਤੇ ਸੈੱਸ ਮਿਲਾ ਕੇ ਕੁੱਲ ਦਰ ਸਿਰਫ 17.01 ਫ਼ੀਸਦੀ ਹੋਵੇਗੀ, ਜਦੋਂ ਕਿ ਪਹਿਲਾਂ ਇਹ 29.12 ਫ਼ੀਸਦੀ ਸੀ। ਇਸ ਪ੍ਰਕਾਰ ਉਦਯੋਗਿਕ ਕੰਪਨੀਆਂ ਲਈ ਇਹ ਬਹੁਤ ਵੱਡੀ ਰਾਹਤ ਹੈ, ਜਿਸ ਦਾ ਉਦੇਸ਼ ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਹੈ। ਇਸ ਦੇ ਨਾਲ ਹੀ ਵਿਦੇਸ਼ੀ ਨਿਵੇਸ਼ 'ਤੇ ਜਿਹੜਾ ਸਰਚਾਰਜ ਲਾਇਆ ਜਾਂਦਾ ਸੀ, ਉਸ ਨੂੰ ਹਟਾ ਦਿੱਤਾ ਗਿਆ ਹੈ, ਤਾਂ ਕਿ ਇਸ ਨਾਲ ਵਿਦੇਸ਼ੀ ਨਿਵੇਸ਼ ਵਿਚ ਵਾਧਾ ਹੋ ਸਕੇ ਅਤੇ ਇਸ ਨਾਲ ਰੁਜ਼ਗਾਰ ਵਿਚ ਵੀ ਵਾਧਾ ਹੋਵੇ।

ਸਵਾਲ ਪੈਦਾ ਹੁੰਦਾ ਹੈ ਕਿ ਅਮੀਰਾਂ ਨੂੰ ਹੋਰ ਰਿਆਇਤਾਂ ਨਾਲ ਕੀ ਲਾਭ ਹੋਵੇਗਾ ਅਤੇ ਇਨ੍ਹਾਂ ਟੈਕਸਾਂ 'ਤੇ ਦਿੱਤੀਆਂ ਜਾਣ ਵਾਲੀਆਂ ਰਿਆਇਤਾਂ ਅਤੇ ਖ਼ਾਸ ਕਰਕੇ ਉਦਯੋਗਿਕ ਕੰਪਨੀਆਂ ਨੂੰ ਦਿੱਤੀਆਂ ਆਮਦਨ ਟੈਕਸ ਦੀਆਂ ਰਿਆਇਤਾਂ ਨਾਲ ਆਰਥਿਕ ਮੰਦੀ 'ਤੇ ਕੀ ਪ੍ਰਭਾਵ ਪੈਣਗੇ, ਇਹ ਸੰਦੇਹ ਦਾ ਵਿਸ਼ਾ ਹੈ ਭਾਵੇਂ ਕਿ ਇਨ੍ਹਾਂ ਦਿੱਤੀਆਂ ਜਾਣ ਵਾਲੀਆਂ ਰਿਆਇਤਾਂ ਨਾਲ ਖ਼ਜ਼ਾਨੇ 'ਤੇ 1.45 ਲੱਖ ਕਰੋੜ ਦਾ ਬੋਝ ਵਧ ਜਾਏਗਾ।

ਪਿਛਲੀ ਤਿਮਾਹੀ ਵਿਚ ਵਿਕਾਸ ਦਰ ਸਿਰਫ 5 ਫ਼ੀਸਦੀ ਰਹੀ ਸੀ, ਜੋ ਪਿਛਲੇ 6 ਸਾਲਾਂ ਵਿਚ ਸਭ ਤੋਂ ਘੱਟ ਸੀ ਪਰ ਮੁੱਖ ਉਦਯੋਗਿਕ ਅਦਾਰਿਆਂ ਦੀ ਵਿਕਾਸ ਦਰ ਸਿਰਫ 0.6 ਫ਼ੀਸਦੀ ਰਹੀ ਸੀ, ਜੋ ਪਹਿਲਾਂ 12 ਫ਼ੀਸਦੀ ਹੁੰਦੀ ਸੀ ਅਤੇ ਖੇਤੀ ਦੀ ਵਿਕਾਸ ਦਰ ਸਿਰਫ 2 ਫ਼ੀਸਦੀ ਰਹੀ ਸੀ। ਵਿਕਾਸ ਦਰ ਵਿਚ ਇਹ ਕਮੀ ਉਸ ਵਕਤ ਆਉਂਦੀ ਹੈ ਜਦੋਂ ਨਵੀਆਂ ਵਸਤੂਆਂ ਇਸ ਕਰਕੇ ਨਹੀਂ ਬਣਦੀਆਂ ਕਿ ਪਹਿਲੀਆਂ ਹੀ ਨਹੀਂ ਵਿਕਦੀਆਂ। ਜਦੋਂ ਵਸਤੂਆਂ ਵਿਕਦੀਆਂ ਹੀ ਨਹੀਂ ਤਾਂ ਨਿਵੇਸ਼ ਨਹੀਂ ਹੁੰਦਾ। ਨਵਾਂ ਰੁਜ਼ਗਾਰ ਤਾਂ ਕੀ ਵਧਣਾ ਹੈ, ਪਹਿਲੇ ਵੀ ਬੇਰੁਜ਼ਗਾਰ ਹੋ ਜਾਂਦੇ ਹਨ। ਫਿਰ ਉਨ੍ਹਾਂ ਨੂੰ ਨਾ ਵਿਆਜ ਦਰ ਦੀ ਕਮੀ ਅਤੇ ਨਾ ਟੈਕਸਾਂ ਦੀਆਂ ਰਿਆਇਤਾਂ ਪ੍ਰੇਰਿਤ ਕਰਦੀਆਂ ਹਨ। ਮੁੱਖ ਗੱਲ ਹੈ ਵਸਤੂਆਂ ਦੀ ਵਿਕਰੀ ਲਗਾਤਾਰ ਹੋਣੀ ਜਿਹੜੀ ਆਮ ਵਿਅਕਤੀ ਦੀ ਖਰੀਦ ਸ਼ਕਤੀ 'ਤੇ ਨਿਰਭਰ ਕਰਦੀ ਹੈ। ਕੀ ਇਹ ਟੈਕਸ ਰਿਆਇਤਾਂ ਆਮ ਵਿਅਕਤੀ ਦੀ ਖਰੀਦ ਸ਼ਕਤੀ ਨੂੰ ਵਧਾਉਣਗੀਆਂ, ਹੋਰ ਮੰਗ ਪੈਦਾ ਕਰਨਗੀਆਂ, ਜਿਨ੍ਹਾਂ ਨਾਲ ਨਿਵੇਸ਼ ਪ੍ਰੇਰਿਤ ਹੋਵੇਗਾ। ਇਸ ਗੱਲ 'ਤੇ ਵਰਤਮਾਨ ਆਰਥਿਕ ਅਤੇ ਸਮਾਜਿਕ ਢਾਂਚੇ ਅਨੁਸਾਰ ਵਿਚਾਰ ਕਰਨ ਦੀ ਲੋੜ ਹੈ। ਦੁਨੀਆ ਦੇ ਆਰਥਿਕ ਇਤਿਹਾਸ ਵਿਚ 1927 ਵਿਚ ਦੁਨੀਆ ਭਰ ਵਿਚ ਆਈ ਆਰਥਿਕ ਮੰਦੀ ਦਾ ਵਰਨਣ ਕਰਨਾ ਜ਼ਰੂਰੀ ਹੈ, ਜਿਸ ਤੋਂ ਮੰਦੀ ਨੂੰ ਰੋਕਣ ਦੀ ਸੋਧ ਮਿਲੀ ਸੀ। ਉਸ ਵਕਤ ਇਹ ਮੰਦੀ (ਵਸਤੂਆਂ ਦੀ ਵਿਕਰੀ ਵਿਚ ਕਮੀ) ਇੰਗਲੈਂਡ ਵਿਚ ਆਈ ਸੀ, ਜਿਹੜਾ ਉਸ ਵਕਤ ਦੁਨੀਆ ਦਾ ਸਭ ਤੋਂ ਵਿਕਸਿਤ ਦੇਸ਼ ਸੀ। ਉਸ ਤੋਂ ਬਾਅਦ ਇਹ ਇਕ ਤੋਂ ਬਾਅਦ ਦੂਸਰੇ ਅਤੇ ਹਰ ਦੇਸ਼ ਵਿਚ ਆਉਂਦੀ ਗਈ। ਫਿਰ ਖੇਤੀ ਪ੍ਰਧਾਨ ਦੇਸ਼ਾਂ ਵਿਚ ਵੀ ਸ਼ੁਰੂ ਹੋ ਗਈ। ਉਦਯੋਗਿਕ ਅਤੇ ਖੇਤੀ ਵਸਤੂਆਂ ਦੀ ਵਿਕਰੀ ਘਟ ਗਈ ਕਿਉਂ ਜੋ ਲੋਕਾਂ ਦੀ ਖਰੀਦ ਸ਼ਕਤੀ ਘਟ ਗਈ ਸੀ। ਪਰ ਉਸ ਵਕਤ ਦੁਨੀਆ ਵਿਚ ਸਿਰਫ ਇਕ ਹੀ ਦੇਸ਼ ਸੋਵੀਅਤ ਯੂਨੀਅਨ ਸੀ, ਜਿਥੇ ਇਹ ਆਰਥਿਕ ਮੰਦੀ ਨਹੀਂ ਸੀ ਆਈ, ਕਿਉਂਕਿ ਉਥੇ ਕੀਮਤਾਂ ਅਤੇ ਰੁਜ਼ਗਾਰ ਸਰਕਾਰ ਦੇ ਕੰਟਰੋਲ ਵਿਚ ਸੀ। ਇਹ ਮਹਿਸੂਸ ਕੀਤਾ ਜਾਂਦਾ ਸੀ ਕਿ ਸ਼ਾਇਦ ਆਰਥਿਕ ਮੁਸ਼ਕਿਲਾਂ ਦਾ ਇਕ ਹੀ ਹੱਲ ਹੈ, 'ਆਰਥਿਕਤਾ 'ਤੇ ਸਰਕਾਰ ਦਾ ਕੰਟਰੋਲ।' ਪਰ ਪੂੰਜੀਵਾਦੀ ਪੱਛਮੀ ਦੇਸ਼ ਸਰਕਾਰ ਦੀ ਦਖ਼ਲਅੰਦਾਜ਼ੀ ਦੇ ਹੱਕ ਵਿਚ ਨਹੀਂ ਸਨ। ਉਸ ਵਕਤ ਦੇ ਮਸ਼ਹੂਰ ਅਰਥ-ਸ਼ਾਸਤਰੀ ਕੇਨਜ਼ ਨੇ ਇਸ ਮੰਦੀ ਦੇ ਕਾਰਨ ਦੀ ਖੋਜ ਕੀਤੀ ਸੀ, 'ਲੋਕਾਂ ਦੀ ਖਰੀਦ ਸ਼ਕਤੀ ਦਾ ਘਟਣਾ' ਅਤੇ ਇਸ ਦਾ ਹੱਲ ਸੀ ਲੋਕਾਂ ਦੀ ਖਰੀਦ ਸ਼ਕਤੀ ਵਿਚ ਵਾਧਾ ਕਰਨਾ। ਉਸ ਨੇ ਇਸ ਦੇ ਹੱਲ ਦਿੱਤੇ ਕਿ ਸਰਕਾਰ ਆਪ ਨਿਵੇਸ਼ ਕਰੇ, ਉਪਭੋਗ ਲਈ ਕਰਜ਼ਾ ਦਿੱਤਾ ਜਾਵੇ, ਵਸਤੂਆਂ ਅਤੇ ਸੇਵਾਵਾਂ ਕਿਸ਼ਤਾਂ 'ਤੇ ਦਿੱਤੀਆਂ ਜਾਣ ਆਦਿ ਅਤੇ ਠੀਕ ਹੀ ਇਨ੍ਹਾਂ ਉਪਾਵਾਂ ਨਾਲ ਆਰਥਿਕ ਰਫ਼ਤਾਰ ਵਿਚ ਤੇਜ਼ੀ ਆਈ ਅਤੇ ਆਰਥਿਕ ਮੰਦੀ ਖ਼ਤਮ ਹੋ ਗਈ। ਲਗਾਤਾਰ ਵਿਕਾਸ ਲਈ ਲਗਾਤਾਰ ਉਪਭੋਗ ਜ਼ਰੂਰੀ ਹੈ, ਜੋ ਖਰੀਦ ਸ਼ਕਤੀ 'ਤੇ ਨਿਰਭਰ ਕਰਦਾ ਹੈ।

ਜਿਹੜੇ ਉਪਾਅ ਵਿਕਸਿਤ ਦੇਸ਼ਾਂ ਦੇ ਅਨੁਕੂਲ ਹਨ, ਉਹ ਭਾਰਤ ਦੇ ਅਨੁਕੂਲ ਨਹੀਂ। ਕਿਉਂ ਜੋ ਭਾਰਤ ਦਾ ਸਮਾਜਿਕ ਆਰਥਿਕ ਢਾਂਚਾ ਵੱਖਰਾ ਹੈ। ਭਾਰਤ ਦੀ 72 ਫ਼ੀਸਦੀ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ। 60 ਫ਼ੀਸਦੀ ਵਸੋਂ ਖੇਤੀ 'ਤੇ ਨਿਰਭਰ ਕਰਦੀ ਹੈ ਪਰ ਇਸ 60 ਫ਼ੀਸਦੀ ਵਸੋਂ ਦੇ ਹਿੱਸੇ ਦੇਸ਼ ਦੀ ਕੁੱਲ ਆਮਦਨ ਦਾ ਸਿਰਫ 14 ਫ਼ੀਸਦੀ ਹਿੱਸਾ ਹੀ ਆਉਂਦਾ ਹੈ। ਪਿੰਡਾਂ ਵਿਚ ਰੁਜ਼ਗਾਰ ਦੀ ਕਮੀ ਹੈ।

'ਭਾਰਤ ਦੀ ਆਰਥਿਕ ਸੁਸਤੀ ਦਾ ਸਭ ਤੋਂ ਵੱਡਾ ਕਾਰਨ ਇਥੋਂ ਦੀ ਆਮਦਨੀ ਵਿਚ ਨਾਬਰਾਬਰੀ ਹੈ ਜਿਹੜੀ ਲਗਾਤਾਰ ਹੋਣ ਵਾਲੇ ਵਿਕਾਸ ਵਿਚ ਰੁਕਾਵਟ ਬਣੀ ਹੋਈ ਹੈ। ਇਕ ਤਰਫ ਉਹ ਲੋਕ ਜਿਨ੍ਹਾਂ ਕੋਲ ਏਨਾ ਪੈਸਾ ਹੈ ਕਿ ਉਨ੍ਹਾਂ ਨੇ ਪੈਸਾ ਜਮ੍ਹਾਂ ਕਰਕੇ ਅੰਦਰ ਰੱਖਿਆ ਹੋਇਆ ਹੈ ਪਰ ਉਨ੍ਹਾਂ ਦੀ ਗਿਣਤੀ ਬਹੁਤ ਘਟ ਹੈ। ਦੂਸਰੀ ਤਰਫ਼ ਵੱਡੀ ਗਿਣਤੀ ਵਿਚ ਉਹ ਲੋਕ ਹਨ ਜਿਹੜੇ ਆਪਣੀਆਂ ਲੋੜਾਂ ਵੀ ਪੂਰੀਆਂ ਨਹੀਂ ਕਰ ਸਕਦੇ। ਕਾਰਪੋਰੇਟ ਸੈਕਟਰ ਨੂੰ ਦਿੱਤੀਆਂ ਗਈਆਂ ਟੈਕਸ ਰਿਆਇਤਾਂ ਕਰਕੇ ਵਿਦੇਸ਼ੀ ਨਿਵੇਸ਼ ਤਾਂ ਪ੍ਰਭਾਵਿਤ ਹੋ ਸਕਦਾ ਹੈ, ਘਰੇਲੂ ਨਵਾਂ ਨਿਵੇਸ਼ ਵਧਣ ਵਿਚ ਲੰਮਾ ਸਮਾਂ ਲੱਗੇਗਾ। ਪਹਿਲੀਆਂ ਕੰਪਨੀਆਂ ਨੂੰ ਮਿਲਣ ਵਾਲੀਆਂ ਰਿਆਇਤਾਂ ਨਾਲ ਜਿਥੇ ਨਿਵੇਸ਼ ਵਿਚ ਵਾਧਾ ਨਹੀਂ ਹੋਣਾ, ਉਥੇ ਰੁਜ਼ਗਾਰ ਵਿਚ ਵੀ ਵਾਧਾ ਨਹੀਂ ਹੋਣਾ। ਅੱਜਕਲ੍ਹ ਯੋਜਨਾ ਕਮਿਸ਼ਨ ਦੀ ਜਗ੍ਹਾ ਨੀਤੀ ਆਯੋਗ ਨੇ ਲੈ ਲਈ ਹੈ। ਨੀਤੀ ਆਯੋਗ ਨੂੰ ਆਮਦਨ ਬਰਾਬਰੀ ਲਈ ਉਨ੍ਹਾਂ ਨੀਤੀਆਂ ਨੂੰ ਲਾਗੂ ਕਰਨਾ ਚਾਹੀਦਾ ਹੈ, ਜਿਨ੍ਹਾਂ ਨਾਲ ਆਮ ਵਿਅਕਤੀ ਦੀ ਖਰੀਦ ਸ਼ਕਤੀ ਵਧੇ। ਕਾਲਜ ਪੜ੍ਹਦਿਆਂ ਪ੍ਰੋਫੈਸਰ ਸਾਹਿਬ ਦੇ ਸ਼ਬਦ ਯਾਦ ਆਉਂਦੇ ਹਨ, ਬਣਾਉਣ ਨੂੰ ਤਾਂ ਜਹਾਜ਼ ਬਣਾਏ ਜਾ ਸਕਦੇ ਹਨ ਪਰ ਵਿਕਣੇ ਕਿੱਥੇ ਹਨ? ਪੂਰਤੀ ਨੂੰ ਉਤਸ਼ਾਹਿਤ ਕਰਨਾ ਘੋੜੇ ਨੂੰ ਰੇੜੇ ਅੱਗੇ ਜੋੜਨਾ ਨਹੀਂ, ਸਗੋਂ ਰੇੜੇ ਨੂੰ ਘੋੜੇ ਅੱਗੇ ਜੋੜਨ ਵਾਲੀ ਗੱਲ ਹੈ। ਕੁੱਲ ਮੰਗ ਵਿਚ ਵਾਧਾ ਹੀ ਨਵੀਆਂ ਵਸਤੂਆਂ ਅਤੇ ਸੇਵਾਵਾਂ ਬਣਾਉਣ ਲਈ ਨਿਵੇਸ਼ ਨੂੰ ਪ੍ਰੇਰਿਤ ਕਰ ਸਕਦਾ ਹੈ, ਪਹਿਲਾਂ ਚੱਲ ਰਹੀਆਂ ਕੰਪਨੀਆਂ ਨੂੰ ਟੈਕਸ ਰਿਆਇਤਾਂ ਦੇਣ ਨਾਲ ਨਹੀਂ।

- ਸ.ਸ.ਛੀਨਾ

## ਸਿੱਖਿਆ 'ਚ ਬਿਹਾਰ ਤੋਂ ਵੀ ਪੱਛੜਿਆ ਪੰਜਾਬ

ਇਹ ਚਿੰਤਾ ਵਾਲੀ ਗੱਲ ਹੈ ਕਿ ਪੰਜਾਬ ਸਕੂਲੀ ਸਿੱਖਿਆ ਦੀ ਗੁਣਵੱਤਾ ਦੇ ਮਾਮਲੇ 'ਚ ਝਾਰਖੰਡ ਤੇ ਬਿਹਾਰ ਤੋਂ ਵੀ ਪੱਛੜ ਗਿਆ ਹੈ। 'ਨੀਤੀ ਆਯੋਗ' ਦੇ ਸਕੂਲ ਐਜੂਕੇਸ਼ਨ ਕੁਆਲਿਟੀ ਇੰਡੈਕਸ 'ਚ ਸ਼ਾਮਿਲ 20 ਸੂਬਿਆਂ 'ਚੋਂ ਪੰਜਾਬ ਨੂੰ 18ਵਾਂ ਸਥਾਨ ਮਿਲਿਆ ਹੈ। ਪੰਜਾਬ ਤੋਂ ਬਾਅਦ ਜੰਮੂ-ਕਸ਼ਮੀਰ ਅਤੇ ਉੱਤਰ ਪ੍ਰਦੇਸ਼ ਹੀ ਹਨ। ਹਾਲਾਂਕਿ ਸੂਬੇ ਵਿਚ ਪਿਛਲੇ ਸਾਲਾਂ ਦੇ ਮੁਕਾਬਲੇ ਸਰਕਾਰੀ ਸਕੂਲਾਂ ਦੀ ਹਾਲਤ ਬਿਹਤਰ ਹੋਣ ਦੇ ਦਾਅਵੇ ਕੀਤੇ ਜਾ ਰਹੇ ਸਨ ਪਰ ਅਸਲ ਤਸਵੀਰ ਤਾਂ ਕੁਝ ਹੋਰ ਹੀ ਬਿਆਨ ਕਰ ਰਹੀ ਹੈ। ਸਰਕਾਰੀ ਸਕੂਲਾਂ ਦੀ ਹਾਲਤ ਇਹ ਹੈ ਕਿ ਜਿੱਥੇ ਸਕੂਲ ਹਨ ਉੱਥੇ ਬੱਚੇ ਨਹੀਂ, ਜਿੱਥੇ ਬੱਚੇ ਹਨ ਉੱਥੇ ਅਧਿਆਪਕ ਨਹੀਂ। ਜ਼ਿਆਦਾਤਰ ਸਕੂਲਾਂ ਦੀਆਂ ਇਮਾਰਤਾਂ ਖੰਡਰ ਹਨ। ਸੈਂਕੜੇ ਸਰਕਾਰੀ ਸਕੂਲ ਅਜਿਹੇ ਹਨ ਜਿੱਥੇ ਅਧਿਆਪਕਾਂ ਤੇ ਮੁੱਖ ਅਧਿਆਪਕਾਂ ਦੀਆਂ ਅਸਾਮੀਆਂ ਕਈ-ਕਈ ਸਾਲਾਂ ਤੋਂ ਖ਼ਾਲੀ ਹਨ। ਸਕੂਲਾਂ ਵਿਚ ਮੁੱਢਲੀਆਂ ਸਹੂਲਤਾਂ ਤਕ ਨਹੀਂ ਹਨ। ਪੰਜ ਹਜ਼ਾਰ ਤੋਂ ਵੱਧ ਅਧਿਆਪਕ ਸਿਰਫ਼ ਸੱਤ ਹਜ਼ਾਰ ਰੁਪਏ ਮਹੀਨਾ ਤਨਖ਼ਾਹ 'ਤੇ ਨੌਕਰੀ ਕਰ ਰਹੇ ਹਨ ਅਤੇ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਖ਼ਿਲਾਫ਼ ਮੁਜ਼ਾਹਰੇ ਕਰ ਰਹੇ ਹਨ। ਦੂਜੀ ਵੱਡੀ ਸਮੱਸਿਆ ਇਹ ਹੈ ਕਿ ਅਧਿਆਪਕਾਂ ਦੀਆਂ ਗੈਰ-ਵਿਦਿਅਕ ਕਾਰਜਾਂ ਵਿਚ ਡਿਊਟੀਆਂ ਲਾਈਆਂ ਜਾਂਦੀਆਂ ਹਨ। ਇਸ ਨਾਲ ਬੱਚਿਆਂ ਦੀ ਪੜ੍ਹਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ। ਸਕੂਲਾਂ ਵਿਚ ਵਿਸ਼ਾ ਅਧਿਆਪਕਾਂ ਦੀ ਵੱਡੀ ਘਾਟ ਹੈ। ਸਰਹੱਦੀ ਪਿੰਡਾਂ ਦੇ ਸਕੂਲਾਂ ਦੀ ਹਾਲਤ ਤਾਂ ਬਹੁਤ ਹੀ ਖ਼ਰਾਬ ਹੈ। ਵੱਖ-ਵੱਖ ਰਿਪੋਰਟਾਂ ਮੁਤਾਬਕ ਸਰਹੱਦੀ ਇਲਾਕੇ ਵਿਚ 50 ਸਕੂਲ ਅਜਿਹੇ ਹਨ ਜਿੱਥੇ ਇਕ ਵੀ ਅਧਿਆਪਕ ਨਹੀਂ ਹੈ। 150 ਪ੍ਰਾਇਮਰੀ ਅਤੇ ਮਿਡਲ ਸਕੂਲਾਂ ਨੂੰ ਸਿਰਫ਼ ਇਕ-ਇਕ ਅਧਿਆਪਕ ਚਲਾ ਰਿਹਾ ਹੈ। ਪੂਰੇ ਰਾਜ ਵਿਚ ਇਕ ਅਧਿਆਪਕਾਂ ਵਾਲੇ ਸਕੂਲਾਂ ਦੀ ਗਿਣਤੀ ਇਕ ਹਜ਼ਾਰ ਦੇ ਲਗਪਗ ਹੈ। ਸਕੂਲਾਂ ਦੀ ਮਾੜੀ ਹਾਲਤ ਕਾਰਨ ਸਰਹੱਦੀ ਇਲਾਕੇ 'ਚ ਬਦਲ ਕੇ ਆਉਣ ਵਾਲੇ ਅਧਿਆਪਕ ਆਉਂਦੇ ਹੀ ਤਬਾਦਲੇ ਦੇ ਜੁਗਾੜ ਲੱਭਣ ਲਗ ਜਾਂਦੇ ਹਨ। ਅਜਿਹੀ ਹਾਲਤ ਵਿਚ ਬੱਚੇ ਕੀ ਪੜ੍ਹਾਈ ਕਰਨਗੇ? ਪਟਿਆਲੇ ਅਤੇ ਮਾਨਸੇ ਦੇ ਕਈ ਪਿੰਡਾਂ ਦੇ ਬੱਚਿਆਂ ਨੂੰ ਤਾਂ ਮਜਬੂਰੀਵੱਸ ਹਰਿਆਣਾ ਦੇ ਸਰਕਾਰੀ ਸਕੂਲਾਂ 'ਚ ਸਿੱਖਿਆ ਲੈਣ ਜਾਣਾ ਪੈ ਰਿਹਾ ਹੈ। ਜੇਕਰ ਸਰਕਾਰੀ ਸਕੂਲਾਂ ਵਿਚ ਪੜ੍ਹਾਈ ਨਹੀਂ ਹੈ ਤਾਂ ਦੂਜੇ ਪਾਸੇ ਬਹੁਤੇ ਨਿੱਜੀ ਸਕੂਲਾਂ ਦੀ ਪੜ੍ਹਾਈ ਦਾ ਮਿਆਰ ਵੀ ਜ਼ਿਆਦਾ ਵਧੀਆ ਨਹੀਂ ਹੈ। ਛੋਟੇ ਪਬਲਿਕ ਸਕੂਲਾਂ ਵਿਚ ਵੀ 10ਵੀਂ-12ਵੀਂ ਪਾਸ ਨੌਜਵਾਨ ਮੁੰਡੇ-ਕੁੜੀਆਂ ਹੀ ਪੜ੍ਹਾਉਂਦੇ ਹਨ। ਜਿਹੜੇ ਪ੍ਰਾਈਵੇਟ ਸਕੂਲਾਂ ਦਾ ਮਿਆਰ ਚੰਗਾ ਹੈ, ਉੱਥੋਂ ਦੀਆਂ ਫ਼ੀਸਾਂ ਆਮ ਆਦਮੀ ਦੇ ਵੱਸ ਵਿਚ ਨਹੀਂ ਹਨ। ਤਸਵੀਰ ਦਾ ਦੂਸਰਾ ਪਹਿਲੂ ਇਹ ਵੀ ਹੈ ਕਿ ਉਲਟ ਹਾਲਾਤ ਵਿਚ ਵੀ ਕੁਝ ਅਧਿਆਪਕ ਚੰਗਾ ਕੰਮ ਕਰ ਰਹੇ ਹਨ। ਨਾਭਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਅਧਿਆਪਕ ਹਰਿੰਦਰ ਸਿੰਘ ਗਰੇਵਾਲ ਨੇ ਸੋਸ਼ਲ ਮੀਡੀਆ ਰਾਹੀਂ ਇਕ ਵੱਡੀ ਰਕਮ ਇਕੱਠੀ ਕਰ ਕੇ ਖ਼ਸਤਾਹਾਲ ਸਕੂਲ ਦੀ ਨੁਹਾਰ ਬਦਲ ਦਿੱਤੀ। ਇਸ ਵਾਸਤੇ ਗਰੇਵਾਲ ਨੂੰ ਰਾਸ਼ਟਰੀ ਪੁਰਸਕਾਰ ਵੀ ਮਿਲਿਆ ਹੈ ਪਰ ਇਹੋ ਜਿਹੇ ਅਧਿਆਪਕ ਜਾਂ ਸਕੂਲ ਬਹੁਤ ਘੱਟ ਹਨ। ਅਧਿਆਪਕਾਂ ਵਿਚ ਅਜਿਹੇ ਜਜ਼ਬੇ ਦੀ ਲੋੜ ਹੈ। ਹਾਲਾਂਕਿ ਪਿਛਲੇ ਦੋ ਸਾਲ ਵਿਚ ਕੈਪਟਨ ਸਰਕਾਰ ਨੇ ਸਿੱਖਿਆ ਖੇਤਰ ਵਿਚ ਕੁਝ ਸੁਧਾਰ ਦੇ ਦਾਅਵੇ ਜ਼ਰੂਰ ਕੀਤੇ ਹਨ ਪਰ ਅਜੇ ਵੀ ਸਕੂਲਾਂ ਦੀ ਕਾਇਆਕਲਪ ਕਰਨ ਲਈ ਵੱਡੇ ਬਜਟ ਦੀ ਲੋੜ ਹੈ। ਇਸ ਸਾਲ ਸਰਕਾਰੀ ਸਕੂਲਾਂ 'ਚ ਦਾਖ਼ਲੇ ਜ਼ਰੂਰ ਵਧੇ ਹਨ ਪਰ ਸਹੀ ਮਾਅਨਿਆਂ ਵਿਚ ਸਰਕਾਰੀ ਸਕੂਲਾਂ ਦੇ ਹਾਲਾਤ ਸੁਧਾਰਨ ਲਈ ਵੱਡੇ ਨੀਤੀਗਤ ਫ਼ੈਸਲੇ ਲੈਣ ਦੀ ਲੋੜ ਹੈ।

-ਸਾਹਿਬ ਸਿੰਘ

## ਖ਼ੁਦਕੁਸ਼ੀਆਂ ਤੇ ਪੰਜਾਬ

ਇਹ ਗੱਲ ਸੁਣ ਕੇ ਸ਼ਾਮ ਸਿੰਹੁ ਨੇ ਕਿਹਾ 'ਆਹ ਵਧਦੀਆਂ ਖ਼ੁਦਕੁਸ਼ੀਆਂ ਨੇ ਤਾਂ ਪੰਜਾਬ ਖ਼ਾਲੀ ਕਰ ਕੇ ਰੱਖ 'ਤਾ ਹੁਣ। ਕਈ ਦਿਨ ਹੋ ਗਏ, ਬਰਨਾਲੇ ਜ਼ਿਲ੍ਹੇ ਦੇ ਇਕ ਪਿੰਡ ਦੀ ਖ਼ਬਰ ਸੁਣੀ ਸੀ ਕਿ ਇੱਕੋ ਪਰਿਵਾਰ ਦੇ ਹੁਣ ਤਕ 5 ਬੰਦੇ ਕਰਜ਼ੇ ਨੇ ਨਿਗਲ ਲਏ।' 'ਹੋਰ ਬਈ ਕੀ ਹਾਲ-ਚਾਲ ਐ ਸਾਰਿਆਂ ਦਾ' ਕਹਿ ਕੇ ਬਾਬਾ ਮੇਹਰੂ ਸੱਥ 'ਚ ਬੈਠ ਗਿਆ। ਇਨੇ ਨੂੰ ਗੇਲੇ ਨੇ ਕਿਹਾ 'ਬਾਬਾ ਜੀ, ਹਾਲ ਤਾਂ ਬਸ ਠੀਕ-ਠਾਕ ਹੀ ਹੈ।' ਬਾਬੇ ਮੇਹਰੂ ਨੇ ਹੈਰਾਨੀ ਭਰੇ ਲਹਿਜ਼ੇ 'ਚ ਬੋਲਦਿਆਂ ਕਿਹਾ 'ਕੀ ਗੱਲ ਭਾਈ ਗੇਲਿਆ, ਅੱਜ ਕਿਉਂ ਢਿੱਲਾ ਜਿਹਾ ਮੂੰਹ ਬਣਾਈ ਬੈਠਾ ਏਂ?' ਗੇਲੇ ਨੇ ਕਿਹਾ 'ਬਾਬਾ ਜੀ, ਪੰਜਾਬ 'ਚ ਹੁੰਦੀਆਂ ਕਿਸਾਨ ਖ਼ੁਦਕੁਸ਼ੀਆਂ ਨੂੰ ਦੇਖ ਕੇ ਮਨ ਭਰਿਆ ਰਹਿੰਦਾ ਹੈ। ਹਰ ਰੋਜ਼ ਕੋਈ ਨਾ ਕੋਈ ਕਿਸਾਨ ਆਪਣੇ ਘਰਦਿਆਂ ਨੂੰ ਵਿਲਕਦੇ-ਕਲਪਦੇ ਛੱਡ ਕੇ ਕਰਜ਼ੇ ਤੋਂ ਤੰਗ ਹੋ ਕੇ ਮਰ ਰਿਹਾ ਹੈ। ਇਹ ਸਭ ਕੁਝ ਦੇਖ ਕੇ ਮਨ ਉਦਾਸ ਹੈ।' ਇਹ ਗੱਲ ਸੁਣ ਕੇ ਸ਼ਾਮ ਸਿੰਹੁ ਨੇ ਕਿਹਾ 'ਆਹ ਵਧਦੀਆਂ ਖ਼ੁਦਕੁਸ਼ੀਆਂ ਨੇ ਤਾਂ ਪੰਜਾਬ ਖ਼ਾਲੀ ਕਰ ਕੇ ਰੱਖ 'ਤਾ ਹੁਣ। ਕਈ ਦਿਨ ਹੋ ਗਏ, ਬਰਨਾਲੇ ਜ਼ਿਲ੍ਹੇ ਦੇ ਇਕ ਪਿੰਡ ਦੀ ਖ਼ਬਰ ਸੁਣੀ ਸੀ ਕਿ ਇੱਕੋ ਪਰਿਵਾਰ ਦੇ ਹੁਣ ਤਕ 5 ਬੰਦੇ ਕਰਜ਼ੇ ਕਾਰਨ ਖ਼ੁਦਕੁਸ਼ੀ ਕਰ ਗਏ। ਉਨ੍ਹਾਂ ਦੇ ਘਰ ਹੁਣ ਸਿਰਫ਼ ਔਰਤਾਂ ਹੀ ਰਹਿ ਗਈਆਂ।' ਇੰਨੇ ਨੂੰ ਫ਼ੌਜੀ ਮਿੰਦੇ ਨੇ ਗੱਲ ਛੇੜਦਿਆਂ ਕਿਹਾ, 'ਗੇਲਿਆ, ਜਿਵੇਂ ਤੂੰ ਉਦਾਸ ਹੋਇਆ ਬੈਠਾ ਏਂ ਅਤੇ ਜਿਵੇਂ ਅੱਜ ਆਪਾਂ ਸਾਰੇ ਖ਼ੁਦਕੁਸ਼ੀਆਂ 'ਤੇ ਚਿੰਤਾ ਜ਼ਾਹਰ ਰਹੇ ਹਾਂ, ਜੇਕਰ ਐਵੇਂ ਸਾਡੀਆਂ ਸਰਕਾਰਾਂ ਵੀ ਇਸ ਮਸਲੇ ਨੂੰ ਲੈ ਕੇ ਚਿੰਤਾ ਕਰ ਲੈਣ ਤਾਂ ਇਹ ਮਸਲਾ ਜਲਦੀ ਹੱਲ ਹੋ ਸਕਦਾ ਹੈ। ਵੈਸੇ ਉਹ ਚਾਹੁੰਦੀਆਂ ਨਹੀਂ ਕਿ ਇਹ ਖ਼ੁਦਕੁਸ਼ੀਆਂ ਦਾ ਸਿਲਸਿਲਾ ਰੁਕੇ। ਉਹ ਤਾਂ ਸਗੋਂ ਅਜਿਹੇ ਮਸਲਿਆਂ 'ਤੇ ਰਾਜਨੀਤੀ ਕਰ ਕੇ ਵੋਟਾਂ ਹਾਸਲ ਕਰਨ ਦੀ ਜੁਗਤ ਬਣਾਉਂਦੀਆਂ ਰਹਿੰਦੀਆਂ ਨੇ।' ਐਨੇ ਨੂੰ ਬਾਬੇ ਮੇਹਰੂ ਨੇ ਸਵਾਲ ਕੀਤਾ ਕਿ ਇਹ ਕੰਮ ਠੱਲ ਕਿਵੇਂ ਆਊ, ਜੀਹਦੇ ਨਾਲ ਕਿਸਾਨ ਮਰਨ ਤੋਂ ਬਚ ਸਕਣ? ਇਹ ਸੁਣ ਕੇ ਫ਼ੌਜੀ ਮਿੰਦਾ ਬੋਲਿਆ 'ਬਾਬਾ ਜੀ, ਹੱਲ ਕੋਈ ਵੱਡੀ ਗੱਲ ਨਹੀਂ। ਜੇ ਕੁਝ ਕਰਨਾ ਹੋਵੇ ਤਾਂ ਸਭ ਕੁਝ ਹੋ ਸਕਦਾ ਹੈ।' ਸਵਾਮੀਨਾਥਨ ਵੱਲੋਂ ਸੁਝਾਇਆ ਫਾਰਮੂਲਾ ਲਾਗੂ ਕੀਤਾ ਜਾਵੇ, ਜੀਹਦੇ 'ਚ ਇਹ ਲਿਖਿਆ ਹੈ ਕਿ ਜਿੰਨਾ ਕਿਸਾਨ ਨੂੰ ਆਪਣੀ ਫ਼ਸਲ ਪਾਲਣ 'ਤੇ ਖ਼ਰਚਾ ਕਰਨਾ ਪੈਂਦਾ ਹੈ, ਉਸ ਤੋਂ ਘੱਟੋ-ਘੱਟ ਡੇਢ ਗੁਣਾ ਵੱਧ ਮੁੱਲ ਮਿਲਣਾ ਚਾਹੀਦਾ ਹੈ। ਜੇ ਇਵੇਂ ਹੋਣ ਲੱਗ ਜਾਵੇ ਤਾਂ ਆਪੇ ਮਸਲੇ ਹੱਲ ਹੋਣ ਲੱਗਣਗੇ।' ਗੇਲੇ ਨੇ ਵੀ ਹਾਮੀ ਭਰਦਿਆਂ ਕਿਹਾ, 'ਸਰਕਾਰਾਂ ਨੂੰ ਲਾਰੇ ਨੂੰ ਨਹੀਂ ਲਾਉਣੇ ਚਾਹੀਦੇ। ਜੇਕਰ ਕਰਜ਼ਾ ਮਾਫ਼ ਨਹੀਂ ਕਰਨਾ ਹੁੰਦਾ ਤਾਂ ਵੋਟਾਂ ਤੋਂ ਪਹਿਲਾਂ ਕਹਿਣਾ ਵੀ ਨਹੀਂ ਚਾਹੀਦਾ ਕਿਉਂਕਿ ਲੋਕ ਕਰਜ਼ੇ ਮਾਫ਼ ਹੋਣ ਦੇ ਚੱਕਰ 'ਚ ਆਪਣੀਆਂ ਕਿਸ਼ਤਾਂ ਵੀ ਵਾਪਸ ਕਰਨੋਂ ਹਟ ਜਾਂਦੇ ਹਨ।' ਸ਼ਾਮ ਸਿੰਹੁ ਨੇ ਹਲੀਮੀ ਭਰੇ ਲਹਿਜ਼ੇ 'ਚ ਕਿਹਾ 'ਬਾਕੀ ਰੱਬ ਮਿਹਰ ਕਰੇ। ਕੋਈ ਬੰਦਾ ਐਵੇਂ ਕਰਜ਼ੇ ਕਾਰਨ ਨਾ ਮਰੇ।' ਇਸ ਗੰਭੀਰ ਵਿਚਾਰ-ਚਰਚਾ ਨੂੰ ਸਮੇਟਦੇ ਹੋਏ ਸਭ ਆਪੋ-ਆਪਣੇ ਘਰਾਂ ਵੱਲ ਤੁਰ ਗਏ।

- ਸੁਖਰਾਜ ਚਹਿਲ

# ਮੋਦੀ ਸਰਕਾਰ ਵਲੋਂ ਬੰਦੀ ਸਿੱਖਾਂ ਦੀ ਰਿਹਾਈ ਦਾ ਫੈਸਲਾ

**ਰਜਿੰਦਰ ਸਿੰਘ**

ਕੁਝ ਦਿਨ ਪਹਿਲਾਂ ਮੋਦੀ ਸਰਕਾਰ ਵਲੋਂ ਵਿਦੇਸ਼ਾਂ ਵਿਚ ਵਸਦੇ ਉਨ੍ਹਾਂ ਸਿੱਖਾਂ ਦੇ ਨਾਂਅ ਕਾਲੀ ਸੂਚੀ ਵਿਚੋਂ ਹਟਾ ਦਿੱਤੇ ਗਏ ਸਨ, ਜੋ ਪਿਛਲੇ ਲੰਮੇ ਸਮੇਂ ਤੋਂ ਆਪਣੇ ਵਤਨ ਭਾਰਤ ਨਹੀਂ ਸਨ ਆ ਸਕਦੇ। ਉਨ੍ਹਾਂ ਉੱਪਰ ਭਾਰਤ ਵਿਚ ਵੀ ਕਈ ਤਰ੍ਹਾਂ ਦੇ ਮੁਕੱਦਮੇ ਵੀ ਦਰਜ ਸਨ। ਪੰਥਕ ਜਥੇਬੰਦੀਆਂ ਵਲੋਂ ਵੀ ਆਮ ਕਰਕੇ ਇਹ ਮੰਗ ਉਠਾਈ ਜਾਂਦੀ ਸੀ ਕਿ ਪ੍ਰਵਾਸੀ ਸਿੱਖਾਂ ਨੂੰ ਕਾਲੀਆਂ ਸੂਚੀਆਂ ਖਤਮ ਕੀਤੀਆਂ ਜਾਣ। ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਇਹ ਸਟੈਂਡ ਲੈਣ ਨਾਲ ਸਿੱਖ ਸੰਗਤ ਵਿਚ ਸਹੀ ਸੁਨੇਹਾ ਗਿਆ ਹੈ, ਪਰ ਧਿਆਨ ਦੇਣ ਦੀ ਲੋੜ ਹੈ ਕਿ ਸਿੱਖਾਂ ਦੀ ਕਾਲੀ ਸੂਚੀ ਨਾ ਬਣੇ ਤੇ ਨਾ ਹੀ ਵਿਦੇਸ਼ਾਂ ਵਿਚ ਭਾਰਤੀ ਮੰਤਰਾਲਾ ਸਿੱਖਾਂ ਦੇ ਕਾਰਜ ਵਿਚ ਦਖਲਅੰਦਾਜ਼ੀ ਕਰੇ। ਬੀਤੇ ਸਮੇਂ ਦੌਰਾਨ ਇਸ ਬਾਰੇ ਭਾਰਤ ਸਰਕਾਰ ਨੂੰ ਬਦਨਾਮੀ ਵੀ ਝੱਲਣੀ ਪਈ ਤੇ ਭਾਰਤ ਦੇ ਪ੍ਰਤੀਨਿਧ ਗੁਰਦੁਆਰੇ ਵੀ ਨਹੀਂ ਜਾ ਸਕੇ।

ਪੰਜਾਬ ਸੰਤਾਪ ਦੌਰਾਨ ਪੰਜਾਬ ਦਾ ਬਹੁਤ ਖ਼ੂਨ ਡੁੱਲ੍ਹਿਆ ਹੈ। ਆਰਥਿਕ ਤੌਰ 'ਤੇ ਵੱਡਾ ਨੁਕਸਾਨ ਹੋਇਆ ਹੈ। ਜੇਕਰ ਭਾਜਪਾ ਸਰਕਾਰ ਸਿੱਖ ਪੰਥ, ਪੰਜਾਬੀਆਂ ਤੇ ਪੰਜਾਬ ਦੀ ਆਰਥਿਕਤਾ ਬਾਰੇ ਸਹੀ ਸੋਚ ਰੱਖਦੀ ਹੈ ਤਾਂ ਪੰਜਾਬ ਦੇ ਜ਼ਖ਼ਮਾਂ ਉੱਪਰ ਮਲ੍ਹਮ ਲਗਾਉਣ ਵਾਲੀ ਕਾਰਵਾਈ ਹੋਵੇਗੀ। ਅਰਥਾਤ ਇਸ ਦਾ ਪ੍ਰਭਾਵ ਚੰਗਾ ਮੰਨਿਆ ਜਾਏਗਾ। ਇੱਥੇ ਜ਼ਿਕਰਯੋਗ ਹੈ ਕਿ ਭਾਰਤ ਦੀਆਂ ਜੇਲ੍ਹਾਂ ਵਿਚ ਕੁਝ ਅਜਿਹੇ ਸਿੱਖ ਬੰਦੀਵਾਨ ਦਹਾਕਿਆਂ ਤੋਂ ਸਜ਼ਾ ਭੋਗ ਰਹੇ ਹਨ, ਜਿਨ੍ਹਾਂ 'ਤੇ ਟਾਡਾ ਅਧੀਨ ਕੇਸ ਦਰਜ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਲੰਮੀਆਂ ਸਜ਼ਾਵਾਂ ਹੋਈਆਂ ਹਨ। ਲੰਮਾ ਸਮਾਂ ਬੀਤ ਜਾਣ ਦੇ ਬਾਅਦ ਵੀ ਉਨ੍ਹਾਂ ਨੂੰ ਰਿਹਾਅ



ਨਹੀਂ ਸੀ ਕੀਤਾ ਗਿਆ। ਕਈ ਸਿੱਖ ਬੰਦੀਵਾਨ 28 ਸਾਲ ਅਤੇ ਕਈ 20 ਸਾਲ ਤੋਂ ਜੇਲ੍ਹਾਂ ਵਿਚ ਬੰਦ ਹਨ, ਜੋ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਇਨ੍ਹਾਂ ਵਿਚੋਂ ਕੁਝ ਪੰਜਾਬ ਦੀਆਂ ਜੇਲ੍ਹਾਂ ਵਿਚ ਅਤੇ ਕੁਝ ਕਰਨਾਟਕ ਅਤੇ ਉੱਤਰ ਪ੍ਰਦੇਸ਼ ਦੀਆਂ ਜੇਲ੍ਹਾਂ ਵਿਚ ਬੰਦ ਹਨ। ਪਿਛਲੇ ਸਮੇਂ ਦੌਰਾਨ ਅਕਾਲੀ ਸਰਕਾਰਾਂ ਇਨ੍ਹਾਂ ਦੀ ਰਿਹਾਈ ਲਈ ਕੇਂਦਰ ਸਰਕਾਰ ਕੋਲ ਲਿਖਤੀ ਮੰਗ ਉਠਾਉਂਦੀ ਰਹੀਆਂ ਹਨ। ਹਰਿਆਣਾ ਦੇ ਸ: ਗੁਰਬਖਸ਼ ਸਿੰਘ ਤੇ ਲੁਧਿਆਣੇ ਦੇ ਸੂਰਤ ਸਿੰਘ ਇਸ ਸੰਬੰਧੀ ਮਰਨ ਵਰਤ ਰੱਖੇ ਸਨ ਤਾਂ ਜੋ ਕੈਦੀ ਰਿਹਾਅ ਹੋ ਸਕਣ। ਪਿਛਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਹ ਮਾਮਲਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਕੋਲ ਸਿੱਖ ਬੰਦੀਵਾਨਾਂ ਦਾ ਮਸਲਾ ਉਠਾਇਆ ਸੀ। ਭਾਈ ਬਲਵੰਤ ਸਿੰਘ ਰਾਜੋਆਣਾ, ਜਿਸ ਨੂੰ ਸਾਬਕਾ ਮੁੱਖ ਮੰਤਰੀ ਸ: ਬੇਅੰਤ ਸਿੰਘ ਦੇ ਕਤਲ ਸਬੰਧੀ ਮੌਤ ਦੀ ਸਜ਼ਾ ਸੁਣਾਈ ਗਈ ਸੀ, ਲੰਮੇ ਸਮੇਂ ਤੋਂ ਪਟਿਆਲਾ ਜੇਲ੍ਹ ਵਿਚ ਬੰਦ ਹਨ। ਹੁਣ ਕੇਂਦਰ ਸਰਕਾਰ ਵਲੋਂ ਟਾਡਾ ਅਧੀਨ 9 ਵਿਚੋਂ 8 ਕੈਦੀਆਂ ਨੂੰ ਰਿਹਾਅ ਕਰਨ ਅਤੇ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲਣ ਨੇ ਇਕ ਵਾਰ ਪੰਜਾਬ ਵਿਚ ਮਿਲਵਰਤਨ ਵਾਲਾ ਰੋਲ ਅਦਾ ਕੀਤਾ ਹੈ। ਜੇਕਰ ਭਾਜਪਾ ਸਰਕਾਰ ਦੀ ਇੱਛਾ ਸਾਕਾਰਾਤਮਕ ਹੋਈ ਤਾਂ ਇਸ ਦੇ ਨਤੀਜੇ ਵੀ ਚੰਗੇ ਨਿਕਲਣਗੇ। ਲੋੜ ਇਸ ਗੱਲ ਦੀ ਵੀ ਹੈ ਕਿ ਜੋ ਪੰਜਾਬ ਦੀਆਂ ਮੰਗਾਂ ਹਨ, ਉਨ੍ਹਾਂ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾਵੇ ਤੇ ਪੰਜਾਬ ਨੂੰ ਆਰਥਿਕ ਤੌਰ 'ਤੇ ਉੱਪਰ ਚੁੱਕਿਆ ਜਾਵੇ।

ਸਿੱਖਾਂ ਵਿਚ ਇਸ ਸੰਬੰਧੀ ਵਿਸ਼ਵਾਸ ਪੈਦਾ ਕਰਨਾ ਬਹੁਤ ਜ਼ਰੂਰੀ ਹੈ, ਕਿਉਂਕਿ ਇੰਦਰਾ ਤੇ ਰਾਜੀਵ ਸਰਕਾਰ ਨੇ ਪੰਜਾਬ ਨਾਲ ਅਨਿਆਂ ਤੇ ਧੋਖਾ ਕੀਤਾ ਹੈ। ਰਾਜੀਵ-ਲੌਂਗੋਵਾਲ ਸਮਝੌਤੇ ਦਾ ਜੋ ਹਸ਼ਰ ਹੋਇਆ ਉਹ ਸਭ ਜਾਣਦੇ ਹਨ। ਇਹ ਸਮਝੌਤਾ ਅਸਲ ਵਿਚ ਅਕਾਲੀ ਦਲ ਤੇ ਪੰਥ ਵਿਚ ਫੁੱਟ ਪਾਉਣ ਲਈ ਸੀ। ਨਾ ਸਮਝੌਤੇ ਦੀਆਂ ਮਦਾਂ ਲਾਗੂ ਕੀਤੀਆਂ ਗਈਆਂ ਤੇ ਨਾ ਹੀ ਬੰਦੀਵਾਨ ਸਿੱਖ ਕੈਦੀ ਰਿਹਾਅ ਕੀਤੇ ਗਏ। ਇਹੀ ਕਾਰਨ ਹੈ ਕਿ ਸਿੱਖ ਪੰਥ ਦਾ ਕਾਂਗਰਸ ਵਿਚ ਬਹੁਤਾ ਵਿਸ਼ਵਾਸ ਨਹੀਂ ਬਣ ਸਕਿਆ। ਕੈਪਟਨ ਅਮਰਿੰਦਰ ਸਿੰਘ ਕਾਰਨ ਭਾਵੇਂ ਸਿੱਖ ਕਾਂਗਰਸ ਵਲ ਝੁਕੇ ਸਨ, ਪਰ ਹੁਣ ਕੈਪਟਨ ਦੀ ਨੀਤੀ ਪੰਜਾਬ ਪੱਖੀ ਨਹੀਂ ਜਾਪਦੀ। ਪੰਜਾਬੀ ਭਾਸ਼ਾ ਪੱਖੋਂ ਤੇ ਪੰਜਾਬ ਵਿਰੋਧੀ ਵਿਚਾਰ ਉਸ ਦੇ ਅਕਸ ਨੂੰ ਖਤਮ ਕਰ ਰਹੇ ਹਨ। ਪ੍ਰਭਾਵ ਇਹ ਜਾ ਰਿਹਾ ਹੈ ਕਿ ਉਹ ਮਜ਼ਬੂਤੀ ਨਾਲ ਕੇਂਦਰ ਸਰਕਾਰ ਕੋਲ ਮੰਗਾਂ ਨਹੀਂ ਉਠਾ ਸਕਦੇ ਤੇ ਨਾ ਹੀ ਉਚਿਤ ਸਟੈਂਡ ਲੈ ਰਹੇ ਹਨ।

ਇਸ ਸਮੇਂ ਬਾਦਲ ਦਲ ਦੀ ਹਾਲਤ ਸਿਆਸੀ ਤੌਰ 'ਤੇ ਬਹੁਤ ਮਾੜੀ ਹੈ। ਭਾਜਪਾ ਵੀ ਉਸ ਨੂੰ ਅੱਖਾਂ ਦਿਖਾ ਰਹੀ ਹੈ। ਇਸ ਪਿੱਛੇ ਕਾਰਨ ਇਹ ਹੈ ਕਿ ਬਾਦਲ ਦਲ ਤੋਂ ਪੰਥਕ ਪ੍ਰਭਾਵ ਖਿਸਕ ਚੁੱਕਾ ਹੈ। ਇਸ ਪਿੱਛੇ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਪੰਥਕ ਚੇਤਨਾ ਨੂੰ ਅਕਾਲੀ ਦਲ ਵਿਚੋਂ ਗਾਇਬ ਕਰਨਾ ਹੈ। ਜੇਕਰ ਅਕਾਲੀ ਦਲ ਸਿਧਾਂਤਕ ਤੌਰ 'ਤੇ ਆਪਣਾ ਆਧਾਰ ਕਾਇਮ ਰੱਖਦਾ ਤੇ ਪੰਜਾਬ ਪੱਖੀ ਉਚਿਤ ਸਟੈਂਡ ਲੈਂਦਾ ਤਾਂ ਇਹ ਦਸ਼ਾ ਨਹੀਂ ਸੀ ਹੋਣੀ। ਭਾਜਪਾ ਉਸ 'ਤੇ ਭਾਰੂ ਵੀ ਇਸ ਲਈ ਹੋ ਰਹੀ ਹੈ ਕਿ ਉਹ ਆਪਣੇ ਸਿੱਖ ਕੇਡਰ ਨੂੰ ਗੁਆ ਚੁੱਕਾ ਹੈ। ਭਾਜਪਾ ਦਾ ਸਿੱਖ ਕੌਮ ਦੇ ਨੇੜੇ ਆਉਣਾ ਇਹੀ ਦਰਸਾਉਂਦਾ ਹੈ ਕਿ ਅਕਾਲੀ ਦਲ ਦੀ ਥਾਂ ਭਾਜਪਾ ਨੂੰ ਸਮਰਪਿਤ ਸਿੱਖ ਪਾਰਟੀ ਉਭਰੇ। ਇਸ ਵੇਲੇ ਮੋਦੀ ਸਰਕਾਰ ਦਾ ਮੁੱਖ ਮਕਸਦ ਇਹੀ ਹੈ ਕਿ ਪੰਜਾਬ ਵਿਚ ਵੀ ਕਾਂਗਰਸ ਦੀ ਥਾਂ, ਭਾਜਪਾ ਦਾ ਰਾਜ ਆ ਜਾਏ ਤੇ ਅਕਾਲੀ ਸੱਤਾ ਤੋਂ ਬਾਹਰ ਰਹਿਣ ਦੀ ਆਦਤ ਪਾ ਲੈਣ। ਇਸ ਵਿਚ ਭਾਜਪਾ ਕਿੰਨੀ ਕਾਮਯਾਬ ਹੁੰਦੀ ਹੈ, ਆਉਣ ਵਾਲਾ ਸਮਾਂ ਦੱਸੇਗਾ। ਪਰ ਸਿਆਣੇ ਸਿੱਖ ਇਹੀ ਸੋਚਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਆਪਣਾ ਪੰਥ ਵਿਚ ਪ੍ਰਭਾਵ ਮਜ਼ਬੂਤ ਕਰਨਾ ਚਾਹੀਦਾ ਹੈ। ਪੰਥ ਦੀ ਆਪਣੀ ਹੀ ਰਾਜਨੀਤਕ ਪਾਰਟੀ ਹੋਣੀ ਚਾਹੀਦੀ ਹੈ, ਭਾਜਪਾ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।

## ਸੱਟੇਬਾਜ਼ ਸਾਧ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ

**ਸੰਗਤ ਮੰਡੀ/ਏਟੀ ਨਿਊਜ਼ :**

ਬਠਿੰਡਾ ਡੱਬਵਾਲੀ ਰਾਸ਼ਟਰੀ ਮਾਰਗ 'ਤੇ ਸਥਿਤ ਪਿੰਡ ਕੁੱਟੀ ਕਿਸ਼ਨਪੁਰਾ ਵਿਖੇ ਡੇਰੇ ਵਿਚ ਰਹਿੰਦੇ ਇਕ ਸਾਧ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ। ਸਾਧ ਦੀ ਹੱਤਿਆ ਸਬੰਧੀ ਉਸ ਵਕਤ ਪਤਾ ਲੱਗਾ ਜਦੋਂ ਪਿੰਡ ਚੱਕ ਰੁਲਦੂ ਸਿੰਘ ਵਾਲਾ ਦਾ ਵਸਨੀਕ ਇਕ ਸ਼ਰਧਾਲੂ ਡੇਰੇ ਵਿਚ ਬਣੀ ਖ਼ਵਾਜਾ ਪੀਰ ਦੀ ਜਗ੍ਹਾ 'ਤੇ ਮੱਥਾ ਟੇਕਣ ਆਇਆ। ਜਦੋਂ ਉਸ ਨੇ ਡੇਰੇ ਵਿਚ ਬਣੇ ਕਮਰੇ ਅੰਦਰ ਵੇਖਿਆ ਦਾ ਸਾਧ ਦੀ ਖ਼ੂਨ ਨਾਲ ਲੱਥ ਪੱਥ ਹੋਈ ਲਾਸ਼ ਪਈ ਸੀ। ਸੂਤਰਾਂ ਅਨੁਸਾਰ ਉਕਤ ਸਾਧ ਸੱਟੇ ਦੇਣ ਦਾ ਕੰਮ ਕਰਦਾ ਸੀ। ਡੇਰਾ ਬਠਿੰਡਾ-ਡੱਬਵਾਲੀ ਰਾਸ਼ਟਰੀ ਮਾਰਗ 'ਤੇ ਸਥਿਤ ਹੋਣ ਕਾਰਨ ਇਥੇ ਦੂਰੋਂ-ਦੂਰੋਂ ਸੱਟੇ ਲੈਣ ਆਉਂਦੇ ਸਨ। ਸਾਧ ਦੀ ਰਹਿਣੀ ਬਹਿਣੀ ਠਾਠ ਵਾਲੀ ਸੀ ਤੇ ਉਸ ਕੋਲ ਇਕ ਕਾਰ ਵੀ ਸੀ। ਜੱਸੀ ਬਾਗ ਵਾਲੀ ਪੁਲਿਸ ਚੌਕੀ ਦੇ ਇੰਚਾਰਜ ਬਲਵਿੰਦਰ ਸਿੰਘ ਦੇ ਦੱਸਣ ਮੁਤਾਬਿਕ ਮ੍ਰਿਤਕ ਸਾਧ ਦੀ ਪਹਿਚਾਣ ਸੂਰਜ ਸ਼ਾਹ ਵਾਸੀ ਸ਼ੇਰਪੁਰ ਤਾਇਬਾ ਜ਼ਿਲ੍ਹਾ ਮੋਗਾ ਵਜੋਂ ਹੋਈ। ਸਾਧ ਦੀ ਉਮਰ 50 ਸਾਲ ਦੇ ਕਰੀਬ ਸੀ ਤੇ ਪਿਛਲੇ ਅੱਠ-ਦਸ ਸਾਲਾਂ ਤੋਂ ਉਕਤ ਡੇਰੇ ਵਿਚ ਸੇਵਾ ਕਰਦਾ ਸੀ। ਪੁਲਿਸ ਦੇ ਹੱਥ ਸਾਧ ਦੇ ਡੇਰੇ ਵਿਚੋਂ ਇਹੋ ਜਿਹੀ ਕੋਈ ਚੀਜ਼ ਨਹੀਂ ਲੱਗੀ, ਜਿਸ ਨਾਲ ਸਾਧ ਦੇ ਹਤਿਆਰਿਆਂ ਦੀ ਪਹਿਚਾਣ ਹੋ ਸਕੇ। ਫਿਲਹਾਲ ਪੁਲਿਸ ਨੇ ਜਗਮੀਤ ਸਿੰਘ ਵਾਸੀ ਚੱਕ ਰੁਲਦੂ ਸਿੰਘ ਵਾਲਾ ਦੇ ਬਿਆਨਾਂ 'ਤੇ ਅਣਪਛਾਤੇ ਹਤਿਆਰੇ ਖ਼ਿਲਾਫ਼ ਧਾਰਾ ਮੁਕੱਦਮਾ ਦਰਜ ਕਰ ਲਿਆ ਹੈ।

## ਸਰਕਾਰੀ ਸਖਤੀ ਕਾਰਨ ਪੰਜਾਬ 'ਚ ਨਸ਼ਿਆਂ ਦਾ ਭਾਅ ਦੁੱਗਣਾ ਹੋਇਆ

**ਚੰਡੀਗੜ੍ਹ/ਏਟੀ ਨਿਊਜ਼ :**

ਪੰਜਾਬ ਦੀ ਕੈਪਟਨ ਸਰਕਾਰ ਦੀ ਸਖਤੀ ਨਾਲ ਨਸ਼ਿਆਂ ਨੂੰ ਠੱਲ੍ਹ ਨਹੀਂ ਪਈ, ਪਰ ਨਸ਼ਾ ਕਰਨ ਵਾਲਿਆਂ ਦੀ ਜੇਬ ਜ਼ਰੂਰ ਹੌਲੀ ਹੋਣ ਲੱਗੀ ਹੈ। ਪੁਲਿਸ ਦੀ ਸਖਤੀ ਕਰਕੇ ਨਸ਼ਿਆਂ ਦੇ ਭਾਅ ਵਧ ਗਏ ਹਨ। ਇਸ ਲਈ ਨਸ਼ੇੜੀ ਕਾਫੀ ਔਖੇ ਹਨ। ਉਂਝ ਨਸ਼ਿਆਂ ਦੀ ਤਸਕਰੀ ਸ਼ਰੇਆਮ ਜਾਰੀ ਹੈ ਪਰ ਪੁਲਿਸ ਦੀ ਸਖਤੀ ਦਾ ਹਵਾਲਾ ਦੇ ਕੇ ਵੱਧ ਭਾਅ ਵਸੂਲਿਆ ਜਾ ਰਿਹਾ ਹੈ।

ਹਾਸਲ ਜਾਣਕਾਰੀ ਮੁਤਾਬਕ ਪੰਜਾਬ 'ਚ ਨਸ਼ੇ ਦੀਆਂ ਗੋਲੀਆਂ ਦਾ ਇੱਕ ਪੱਤਾ ਜੋ ਪਹਿਲਾਂ ਕਿਸੇ ਵੀ ਮੈਡੀਕਲ ਸਟੋਰ ਤੋਂ ਆਸਾਨੀ ਨਾਲ 20 ਜਾਂ 30 ਰੁਪਏ ਵਿੱਚ ਮਿਲ ਜਾਂਦਾ ਸੀ, ਹੁਣ ਉਸ ਦੀ ਕੀਮਤ 100 ਰੁਪਏ ਤੱਕ ਪਹੁੰਚ ਗਈ ਹੈ। ਦਿਹਾੜੀ ਮਜ਼ਦੂਰੀ ਕਰਨ ਵਾਲੇ ਜ਼ਿਆਦਾਤਰ ਵਿਅਕਤੀ ਇਨ੍ਹਾਂ ਗੋਲੀਆਂ ਦਾ ਇਸਤੇਮਾਲ ਕਰਦੇ ਹਨ। ਹੁਣ ਇਹ ਗੋਲੀਆਂ ਕੁਝ ਚੋਣਵੇਂ ਦੁਕਾਨਦਾਰਾਂ ਕੋਲੋਂ ਹੀ ਮਿਲਦੀਆਂ ਹਨ ਜਿਨ੍ਹਾਂ ਦੀ ਸਿਹਤ ਵਿਭਾਗ ਤੇ ਪੁਲਿਸ ਮਹਿਕਮੇ ਤੱਕ ਪਹੁੰਚ ਹੈ। ਇਸੇ ਤਰ੍ਹਾਂ ਡੇਢ ਸੌ ਰੁਪਏ ਵਿੱਚ ਮਿਲਣ ਵਾਲੀ ਚਿੱਟੇ ਦੀ ਪੁੜੀ ਦੀ ਕੀਮਤ ਹੁਣ ਤਿੰਨ ਸੌ ਰੁਪਏ ਤੱਕ ਪਹੁੰਚ ਗਈ ਹੈ। ਮੋਟੀ ਕਮਾਈ ਦੇ ਲਾਲਚ ਵਿਚ ਹੁਣ ਕੁਝ ਔਰਤਾਂ ਵੀ ਇਸ ਧੰਦੇ ਵਿੱਚ ਸ਼ਾਮਲ ਹੋ ਗਈਆਂ ਹਨ। ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਨਸ਼ੇ ਨੂੰ ਖ਼ਤਮ ਕਰਨ ਲਈ ਸਪੈਸ਼ਲ ਟਾਸਕ ਫੋਰਸ ਦਾ ਗਠਨ ਕੀਤਾ ਹੈ। ਇਸ ਤਹਿਤ ਹੁਣ ਤੱਕ 27 ਹਜ਼ਾਰ ਮੁਕੱਦਮੇ ਦਰਜ ਕਰਕੇ ਨਸ਼ਾ ਤਸਕਰੀ ਨਾਲ ਜੁੜੇ ਹੋਏ 33 ਹਜ਼ਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਸਰਕਾਰ ਦੇ ਦਾਅਵੇ ਬੇਸ਼ੱਕ ਕੁਝ ਵੀ ਹੋਣ ਪਰ ਪੰਜਾਬ ਵਿੱਚ ਨਸ਼ਿਆਂ ਦੀ ਤਸਕਰੀ ਨਹੀਂ ਰੁਕੀ।

# ਪੰਜਾਬ ਵਿਚ ਅਵਾਰਾ ਪਸ਼ੂਆਂ ਦਾ ਕਹਿਰ

**ਬਲਰਾਜ ਸਿੰਘ ਸਿੱਧੂ**

ਅਖਬਾਰਾਂ ਵਿੱਚ ਰੋਜ਼ਾਨਾ ਦੋ ਚਾਰ ਲੋਕਾਂ ਦੇ ਅਵਾਰਾਂ ਪਸ਼ੂਆਂ ਕਾਰਨ ਮਾਰੇ ਜਾਣ ਦੀਆਂ ਖਬਰਾਂ ਛਪ ਰਹੀਆਂ ਹਨ। ਪੰਜਾਬ ਦੀਆਂ ਸੜਕਾਂ ਉੱਤੇ ਘੁੰਮਣ ਵਾਲੇ ਅਵਾਰਾ ਪਸ਼ੂਆਂ ਵਿੱਚ 90% ਗਿਣਤੀ ਕੁੱਤਿਆਂ, ਫੰਡਰ ਗਾਵਾਂ ਅਤੇ ਸਾਹਨਾਂ ਦੀ ਹੈ। ਪਹਿਲਾਂ ਸ਼ਹਿਰਾਂ-ਪਿੰਡਾਂ ਵਿੱਚ ਸੈਰ ਕਰਨ ਜਾਂ ਖੇਤਾਂ ਵੱਲ ਜਾਣ ਲੱਗੇ ਲੋਕ ਛੋਟਾ ਮੋਟਾ ਡੰਡਾ ਜਾਂ ਛੜੀ ਲੈ ਕੇ ਜਾਂਦੇ ਸੀ ਕਿ ਜੇ ਕੁੱਤਾ ਪੈ ਗਿਆ ਤਾਂ ਡਰਾ ਕੇ ਭਜਾ ਦਿਆਂਗੇ। ਪਰ ਹੁਣ ਅਵਾਰਾ ਸਾਹਨਾਂ ਉੱਤੇ ਕਿਸੇ ਡੰਡੇ ਦਾ ਕੀ, ਡਾਂਗ ਦਾ ਵੀ ਅਸਰ ਨਹੀਂ ਹੁੰਦਾ। ਉਹ ਜਿਸ ਨੂੰ ਚਾਹੁਣ ਸਿੰਗਾਂ ਉੱਤੇ ਚੁੱਕ ਲੈਂਦੇ ਹਨ। ਸੋਸ਼ਲ ਮੀਡੀਆ ਉੱਤੇ ਇਹਨਾਂ ਵੱਲੋਂ ਕਤਲ ਕੀਤੇ ਅਨੇਕਾਂ ਲੋਕਾਂ ਦੀਆਂ ਵੀਡੀਓ ਵਾਇਰਲ ਹੋਈਆਂ ਹਨ। ਪਿੱਛੇ ਜਿਹੇ ਸੁਨਾਮ ਵਿੱਚ ਇੱਕ ਹੋਮ ਗਾਰਡ ਦੇ ਜਵਾਨ ਨੂੰ ਸਾਹਨ ਨੇ ਪਟਕਾ ਦਿੱਤਾ ਸੀ ਜਿਸ ਕਾਰਨ ਉਸ ਦੀ ਮੌਤ ਹੋ ਗਈ। ਜੇ ਇਨਸਾਨ ਨੂੰ ਕੁੱਤਾ ਜਾਂ ਸੱਪ ਵੱਢ ਲਵੇ ਤਾਂ ਉਸ ਨੂੰ ਮਿੰਟਾਂ ਵਿੱਚ ਮਾਰ ਮੁਕਾ ਦਿੱਤਾ ਜਾਂਦਾ ਹੈ। ਪਰ ਸਿਤਮ ਇਹ ਹੈ ਕਿ ਧਾਰਮਿਕ ਪ੍ਰਤੀਕਿਰਿਆ ਤੋਂ ਡਰਦੇ ਮਾਰੇ ਕੋਈ ਖ਼ੂਨੀ ਸਾਹਨ ਨੂੰ ਮਾਰਨ ਬਾਰੇ ਕੀ, ਕੁੱਟਣ ਬਾਰੇ ਵੀ ਨਹੀਂ ਸੋਚ ਸਕਦਾ। ਇਹਨਾਂ ਜਾਨਵਰਾਂ ਦੀ ਰਾਖੀ ਲਈ ਬਹੁਤ ਸਾਰੇ ਦਲ ਬਣੇ ਹੋਏ ਹਨ ਜੋ ਗਾਵਾਂ ਸਾਹਨਾਂ ਨੂੰ ਬਚਾਉਣ ਦੇ ਨਾਮ ਉੱਤੇ ਕਿਸੇ ਉੱਪਰ ਵੀ ਹਮਲਾ ਕਰ ਕੇ ਕਤਲ ਤੱਕ ਕਰ ਦਿੰਦੇ ਹਨ। ਇਹਨਾਂ ਤੋਂ ਡਰਦੇ ਮਾਰੇ ਤਾਂ ਹੁਣ ਮਿਊਂਸਪਲ ਕਮੇਟੀਆਂ ਦੇ ਕਰਮਚਾਰੀ ਵੀ ਗਾਵਾਂ ਨੂੰ ਗਊਸ਼ਾਲਾ ਜਮ੍ਹਾਂ ਕਰਾਉਣ ਲਈ ਗੱਡੀਆਂ ਵਿੱਚ ਲੱਦਣ ਤੋਂ ਡਰਦੇ ਹਨ ਕਿ ਕਿਤੇ ਗਊ ਰੱਖਿਅਕ ਦਲ ਬੁੱਚੜ ਸਮਝ ਕੇ ਹਮਲਾ ਨਾ ਕਰ ਦੇਣ। ਇਸ ਕਾਰਨ ਹੀ ਪੰਜਾਬ ਵਿੱਚ ਦੁਧਾਰੂ ਪਸ਼ੂਆਂ ਦਾ ਵਪਾਰ ਤਬਾਹ ਹੋਣ ਕੰਢੇ ਹੈ, ਵਪਾਰੀ ਪੰਜਾਬ ਵੱਲ ਮੂੰਹ ਨਹੀਂ ਕਰਦੇ।

ਸ਼ਹਿਰਾਂ ਵਿੱਚ ਅਵਾਰਾ ਜਾਨਵਰਾਂ ਦੇ ਝੁੰਡਾਂ ਦੇ ਝੁੰਡ ਫਿਰਦੇ ਹਨ। ਇਹ ਗਰਮੀਆਂ ਵਿੱਚ ਗੱਡੀਆਂ ਲੰਘਣ ਨਾਲ ਵਗਣ ਵਾਲੀ ਹਵਾ ਕਾਰਨ ਰਾਤ ਨੂੰ ਸੜਕਾਂ ਉੱਤੇ ਬੈਠ ਜਾਂਦੇ ਹਨ। ਸਭ ਤੋਂ ਖਤਰਨਾਕ ਕਾਲੀਆਂ ਗਾਵਾਂ ਹਨ, ਜੋ ਹਨੇਰੇ ਵਿੱਚ ਨਾ ਦਿਸਣ ਕਾਰਨ ਅਨੇਕਾਂ ਹਾਦਸਿਆਂ ਦਾ ਕਾਰਨ ਬਣ ਰਹੀਆਂ ਹਨ। ਹੁਣ ਤੱਕ ਸੈਂਕੜੇ ਲੋਕ ਇਹਨਾਂ ਹਾਦਸਿਆਂ ਦਾ ਸ਼ਿਕਾਰ ਹੋ ਚੁੱਕੇ ਹਨ। ਸਭ ਤੋਂ ਤਰਸਯੋਗ ਹਾਲਤ ਦੋ ਪਹੀਆ ਵਾਹਨਾਂ ਵਾਲਿਆਂ ਦੀ ਹੈ। ਜਾਂ ਤਾਂ ਉਹਨਾਂ ਦੇ ਟਾਇਰਾਂ ਵਿੱਚ ਕੁੱਤਾ ਆ ਫਸਦਾ ਹੈ ਜਾਂ ਗਾਂ ਅੱਗੇ ਆ ਜਾਂਦੀ ਹੈ, ਦੋਵਾਂ ਹਾਲਤਾਂ ਵਿੱਚ ਮੌਤ ਨਿਸ਼ਚਤ ਹੈ। ਸਾਹਨਾਂ ਦੀ ਸਭ ਤੋਂ ਬੁਰੀ ਆਦਤ ਹੈ ਕਿ ਇਹ ਇੱਕ ਦੂਸਰੇ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕਰਦੇ। ਜਦੋਂ ਵੀ ਆਹਮਣਾ ਸਾਹਮਣਾ ਹੁੰਦਾ ਹੈ, ਆਪਸ ਵਿੱਚ ਭਿੜ ਪੈਂਦੇ ਹਨ। ਉਸ ਵੇਲੇ ਜੋ ਵੀ ਵਿਅਕਤੀ, ਬੱਚਾ, ਵਹੀਕਲ ਅਤੇ ਰੇਹੜੀ ਵਿੱਚ ਆ ਜਾਵੇ, ਦਰੜੀ ਜਾਂਦੀ ਹੈ। ਇਸੇ ਕਾਰਨ ਗਊਸ਼ਾਲਾ ਵਾਲੇ ਸਾਹਨਾਂ ਨੂੰ ਨਹੀਂ ਰੱਖਦੇ। ਵੈਸੇ ਵੀ ਬਹੁਤੀਆਂ ਗਊਸ਼ਾਲਾ ਡੇਅਰੀ ਫਾਰਮਾਂ ਵਿੱਚ ਤਬਦੀਲ ਹੋ ਗਈਆਂ ਹਨ। ਉਹ ਵੀ ਦੁਧਾਰੂ ਗਾਂਵਾਂ ਰੱਖਣ ਨੂੰ ਤਰਜ਼ੀਹ ਦਿੰਦੇ ਹਨ ਤੇ ਫੰਡਰ ਗਾਵਾਂ ਨੂੰ ਡੰਡੇ ਮਾਰ ਕੇ ਭਜਾ ਦਿੰਦੇ ਹਨ। ਦੁੱਧ ਵਾਲੀਆਂ ਗਊਆਂ ਨੂੰ ਹੋਰ ਪੱਠੇ ਪੈਂਦੇ ਹਨ ਤੇ ਫੰਡਰਾਂ ਨੂੰ ਹੋਰ। ਇਸੇ ਕਾਰਨ ਅਨੇਕਾਂ ਗਊਸ਼ਾਲਾਂ ਵਿੱਚ ਥੋਕ ਦੇ ਭਾਅ ਗਾਵਾਂ ਮਰਨ ਦੀ ਖਬਰ ਆਉਂਦੀ ਰਹਿੰਦੀ ਹੈ। ਵੈਸੇ ਭਾਰਤ ਵਿੱਚ ਗਾਵਾਂ ਦੀ ਰਾਖੀ ਲਈ ਹਜ਼ਾਰਾਂ ਕਥਿਤ ਜਥੇਬੰਦੀਆਂ ਕੰਮ ਕਰ ਰਹੀਆਂ ਹਨ। ਪਰ ਉਹ ਸਿਰਫ ਉਦੋਂ ਸਰਗਰਮ ਹੁੰਦੀਆਂ ਹਨ ਜਦੋਂ ਗਾਵਾਂ ਨੂੰ ਵਪਾਰੀਆਂ ਜਾਂ ਬੁੱਚੜਾਂ ਦੁਆਰਾ ਟਰੱਕਾਂ ਵਿੱਚ ਲੱਦ ਲਿਆ ਜਾਂਦਾ ਹੈ। ਭਾਰਤ ਦੇ ਕਈ ਸੂਬਿਆਂ ਵਿੱਚ ਅਜਿਹੀਆਂ ਅਨੇਕਾਂ ਜਥੇਬੰਦੀਆਂ ਦੁਆਰਾ ਵਪਾਰੀਆਂ ਤੋਂ ਪੈਸੇ ਵਸੂਲਣ ਦੇ ਮਾਮਲੇ ਸਾਹਮਣੇ ਆਏ ਹਨ। ਪਰ ਜਦੋਂ ਉਹੋ ਗਾਂਵਾਂ ਗੰਦ ਮੰਦ ਵਿੱਚ ਮੂੰਹ ਮਾਰਦੀਆਂ ਹਨ, ਰੇਹੜੀਆਂ ਤੋਂ ਸਬਜ਼ੀ-ਫਲ ਖਾਣ ਕਾਰਨ ਲੋਕਾਂ ਤੋਂ ਡੰਡੇ ਖਾਂਦੀਆਂ ਹਨ, ਪਲਾਸਟਿਕ ਖਾ ਕੇ ਮੌਤ ਦੇ ਮੂੰਹ ਜਾ ਪੈਂਦੀਆਂ ਹਨ ਤਾਂ ਇਹ ਜਥੇਬੰਦੀਆਂ ਘੂਕ ਸੁੱਤੀਆਂ ਰਹਿੰਦੀਆਂ ਹਨ। ਉਹ ਕਦੇ ਵੀ ਅਵਾਰਾ ਗਾਵਾਂ ਲਈ ਪੱਠਿਆਂ, ਸ਼ੈਲਟਰ ਜਾਂ ਦਵਾਈ ਆਦਿ ਦਾ ਪ੍ਰਬੰਧ ਨਹੀਂ ਕਰਦੇ। ਅਜਿਹੀਆਂ ਅਨੇਕਾਂ ਗਾਵਾਂ ਸੜਕਾਂ ਉੱਤੇ ਜ਼ਖਮੀ ਅਤੇ ਬੁਰੀ ਹਾਲਤ ਵਿੱਚ ਘੁੰਮ ਰਹੀਆਂ ਹਨ।

ਪਿੰਡਾਂ ਵਿੱਚ ਤਾਂ ਹਾਲਤ ਤਾਂ ਹੋਰ ਵੀ ਖਰਾਬ ਹਨ। ਰਾਤ ਨੂੰ ਅਵਾਰਾ ਪਸ਼ੂਆਂ ਦੇ ਝੁੰਡ ਖੇਤਾਂ ਉੱਤੇ ਹਮਲਾ ਕਰ ਦਿੰਦੇ ਹਨ। ਹਰੇ ਭਰੇ ਖੇਤ ਸਵੇਰ ਨੂੰ ਗੜੇਮਾਰੀ ਦਾ ਨਜ਼ਾਰਾ ਪੇਸ਼ ਕਰਦੇ ਹਨ। ਪਿੱਛੇ ਜਿਹੇ ਇਸੇ ਕਾਰਨ ਅੰਮ੍ਰਿਤਸਰ ਨਜ਼ਦੀਕ ਦੋ ਜਥੇਬੰਦੀਆਂ ਵਿੱਚ ਖ਼ੂਨੀ ਝੜਪ ਹੋਈ ਸੀ। ਲੋਕਾਂ ਨੂੰ ਲੱਖਾਂ ਰੁਪਏ ਖਰਚ ਕੇ ਖੇਤਾਂ ਦੇ ਦੁਆਲੇ ਕੰਢਿਆਲੀ ਤਾਰ ਲਗਾਉਣੀ ਤੇ ਰਾਖੇ ਰੱਖਣੇ ਪੈ ਰਹੇ ਹਨ। ਇਸ ਕਾਰਨ ਪਿੰਡਾਂ ਵਿੱਚ ਝਗੜੇ ਹੋ ਰਹੇ ਹਨ। ਇੱਕ ਪਿੰਡ ਵਾਲੇ ਆਪਣੇ ਅਵਾਰਾ ਪਸ਼ੂ ਦੂਸਰੇ ਪਿੰਡ ਵਿੱਚ ਉਤਾਰ ਆਉਂਦੇ ਹਨ ਤੇ ਦੂਸਰੇ ਪਿੰਡ ਵਾਲੇ ਇਸ ਪਿੰਡ ਵਿੱਚ। ਰਾਖੇ ਵੀ ਪਸ਼ੂ ਹੱਕ ਕੇ ਦੂਸਰੇ ਦੇ ਖੇਤਾਂ ਵੱਲ ਕਰ ਦਿੰਦੇ ਹਨ। ਵੈਸੇ ਵੇਖਿਆ ਜਾਵੇ ਤਾਂ ਇਹ ਅਵਾਰਾ ਪਸ਼ੂ ਛੱਡਣ ਦਾ ਜ਼ਿੰਮੇਵਾਰ ਵੀ ਪੇਂਡੂ ਖੇਤਰ ਹੀ ਹੈ ਕਿਉਂਕਿ ਜਿਆਦਾਤਰ ਡੇਅਰੀਆਂ ਪਿੰਡਾਂ ਵਿੱਚ ਹਨ। ਜਿੰਨਾ ਚਿਰ ਗਾਂਵਾਂ ਦੁੱਧ ਦਿੰਦੀਆਂ ਹਨ, ਚੋਈ ਜਾਂਦੇ ਹਨ ਤੇ ਜਦੋਂ ਦੁੱਧੋਂ ਭੱਜ ਗਈਆਂ, ਡੰਡਾ ਮਾਰ ਕੇ ਘਰੋਂ ਬਾਹਰ ਕੱਢ ਦਿੰਦੇ ਹਨ। ਵਲੈਤੀ ਗਾਵਾਂ ਦੀ ਸਭ ਤੋਂ ਵੱਡੀ ਮੁਸ਼ਕਿਲ ਇਹ ਹੈ ਕਿ ਉਹ ਪੰਜਾਬ ਦੀ ਗਰਮੀ ਮੁਤਾਬਕ ਨਹੀਂ ਢਲ ਸਕੀਆਂ ਤੇ ਨਾ ਹੀ ਲੋਕ ਇਹਨਾਂ ਨੂੰ ਦੁੱਧ ਦੀ ਮਿਕਦਾਰ ਦੇ ਹਿਸਾਬ ਖ਼ੁਰਾਕ ਪਾਉਂਦੇ ਹਨ। ਇਸ ਲਈ 3-4 ਸੂਏ ਦੇਣ ਤੋਂ ਬਾਅਦ ਇਹ ਫੰਡਰ ਹੋ ਜਾਂਦੀਆਂ ਹਨ। ਇਸ ਮੁੱਦੇ ਉੱਤੇ ਸਭ ਤੋਂ ਵੱਧ ਰੌਲਾ ਕਿਸਾਨ ਜਥੇਬੰਦੀਆਂ ਪਾਉਂਦੀਆਂ ਹਨ ਪਰ ਕਿਸਾਨਾਂ ਨੂੰ ਪਸ਼ੂ ਅਵਾਰਾ ਛੱਡਣ ਤੋਂ ਰੋਕਣ ਲਈ ਪ੍ਰੇਰਿਤ ਨਹੀਂ ਕਰਦੀਆਂ। ਇਹ ਰਿਵਾਜ਼ ਆਮ ਹੀ ਹੈ ਕਿ ਗਾਂ ਸੂਣ ਉੱਤੇ ਵੱਛੀ ਰੱਖ ਲਈ ਜਾਂਦੀ ਹੈ ਤੇ ਵੱਛੇ ਨੂੰ ਆਵਾਰਾ ਛੱਡ ਦਿੱਤਾ ਜਾਂਦਾ ਹੈ। ਉਹੀ ਬਾਅਦ ਵਿੱਚ ਸਾਹਨ ਬਣ ਕੇ ਲੋਕਾਂ ਨੂੰ ਢੁੱਡਾਂ ਮਾਰਦਾ ਫਿਰਦਾ ਹੈ। ਦੁਧਾਰੂ ਪਸ਼ੂ ਨੂੰ ਫੰਡਰ ਹੋਣ ਉੱਤੇ ਅਵਾਰਾ ਛੱਡਣ ਵਾਲੇ ਵਿਅਕਤੀ ਨੂੰ ਭਾਰੀ ਜੁਰਮਾਨੇ ਅਤੇ ਸਜ਼ਾ ਦੀ ਵਿਵਸਥਾ ਹੋਣੀ ਚਾਹੀਦੀ ਹੈ।

ਇਸ ਮੁਸੀਬਤ ਦਾ ਹੱਲ ਕੱਢਣ ਲਈ ਸਰਕਾਰ ਅਤੇ ਮਿਊਂਸਪਲ ਕਮੇਟੀਆਂ ਵੀ ਬਹੁਤੀਆਂ ਗੰਭੀਰ ਨਹੀਂ ਹਨ। ਸਰਕਾਰ ਤੋਂ ਇਲਾਵਾ ਅਨੇਕਾਂ ਸ਼ਹਿਰਾਂ ਵੱਲੋਂ ਹਰ ਸਾਲ ਕਰੋੜਾਂ ਰੁਪਏ

ਬਾਕੀ ਸਫ਼ਾ 28 'ਤੇ



ਜਨਮ ਦਿਵਸ 'ਤੇ ਵਿਸ਼ੇਸ਼

# ਸਿੱਖ ਰਾਜ ਦਾ ਸੁਪਨਾ ਸਾਕਾਰ ਕਰਨ ਵਾਲਾ ਬਾਬਾ ਬੰਦਾ ਸਿੰਘ ਬਹਾਦਰ

**ਡਾ. ਹਰਚੰਦ ਸਿੰਘ**

ਗੁਰੂ ਗੋਬਿੰਦ ਸਿੰਘ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੱਖ ਇਤਿਹਾਸ ਵਿੱਚ ਇਕ ਨਿਧੜਕ ਯੋਧੇ ਅਤੇ ਸਿਦਕੀ ਸੈਨਿਕ ਕਮਾਂਡਰ ਵਜੋਂ ਮਾਨਤਾ ਹਾਸਲ ਹੈ। ਉਹ, ਪੰਜਾਬ ਦੇ ਇਤਿਹਾਸਕ ਰੰਗ-ਮੰਚ 'ਤੇ ਅਚਾਨਕ ਇਕ ਨਾਇਕ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਇਆ। ਉਸ ਦੀ ਸੁਚੱਜੀ ਅਗਵਾਈ ਹੇਠ ਸਿੱਖਾਂ ਨੇ ਮੁਗਲਾਂ ਨੂੰ ਪਹਿਲੀ ਵੇਰ ਸਿੱਖ ਸ਼ਕਤੀ ਦਾ ਅਹਿਸਾਸ ਕਰਵਾਇਆ ਅਤੇ ਗ਼ਜ਼ਨਵੀ, ਤੈਮੂਰ ਅਤੇ ਬਾਬਰ ਦੇ ਖ਼ਾਨਦਾਨਾਂ ਵਿੱਚੋਂ ਅਖਵਾਉਣ ਵਾਲਿਆਂ ਦੀ ਆਨ ਤੇ ਸ਼ਾਨ ਨੂੰ ਮਿੱਟੀ ਵਿੱਚ ਮਿਲਾ ਕੇ ਰੱਖ ਦਿੱਤਾ। ਬੇਸ਼ੱਕ "ਕਹਾਣੀ ਦਾ ਪਲਾਟ ਗੁਰੂ ਗੋਬਿੰਦ ਸਿੰਘ ਨੇ ਬਣਾਇਆ, ਅਦਾਕਾਰ ਵੀ ਗੁਰੂ ਗੋਬਿੰਦ ਸਿੰਘ ਨੇ ਆਪ ਸਿਆਣਪ ਨਾਲ ਤਿਆਰ ਕੀਤੇ, ਪਰ ਇਹ ਬੰਦਾ (ਬਹਾਦਰ) ਹੀ ਸੀ, ਜਿਸ ਨੇ ਅਦਾਕਾਰਾਂ ਨੂੰ ਲੋਕਾਂ ਸਾਹਮਣੇ ਲਿਆਂਦਾ ਅਤੇ ਚੰਗੀ ਤਰ੍ਹਾਂ ਖਿਡਾਇਆ। ਗੁਰੂ ਗੋਬਿੰਦ ਸਿੰਘ ਨੇ ਬੀਜ ਬੀਜਿਆ ਤੇ ਫਸਲ ਬੰਦੇ ਨੇ ਕੱਟੀ।" ਡਾ. ਗੋਕਲ ਚੰਦ ਨਾਰੰਗ। ਗੱਲ ਕੀ, ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗਲਾਂ ਦੇ ਅਜਿੱਤ ਹੋਣ ਦੇ ਘੁਮੰਡ ਨੂੰ ਤੋੜ ਕੇ ਰੱਖ ਦਿੱਤਾ ਅਤੇ ਜ਼ੁਲਮੋ-ਜਬਰ ਨਾਲ ਨੱਕੋ-ਨੱਕ ਭਰੀ ਸਲਤਨਤ ਨੂੰ ਢਹਿ-ਢੇਰੀ ਕਰਨ ਦੀ ਸ਼ੁਰੂਆਤ ਕੀਤੀ।

ਅਠਾਰ੍ਹਵੀਂ ਸਦੀ ਵਿੱਚ ਮੁਗਲਾਂ ਦੇ ਅੱਤਿਆਚਾਰਾਂ ਵਿਰੁੱਧ ਤਲਵਾਰ ਉਠਾਉਣ ਵਾਲੇ ਇਸ ਲਾਸਾਨੀ ਯੋਧੇ ਦਾ ਜਨਮ 16 ਅਕਤੂਬਰ 1670 ਈਸਵੀ ਨੂੰ ਜੰਮੂ-ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਰਾਜੌਰੀ ਵਿਖੇ ਹੋਇਆ। ਬੰਦਾ ਬਹਾਦਰ ਦਾ ਬਚਪਨ ਦਾ ਨਾਂ ਲਛਮਣ ਦਾਸ ਸੀ। ਉਸ ਦਾ ਪਿਤਾ ਰਾਮਦੇਵ (ਰਾਜਪੂਤ) ਇਕ ਸਾਧਾਰਨ ਕਿਸਾਨ ਸੀ। ਬੰਦਾ ਬਹਾਦਰ ਦਾ ਬਚਪਨ ਬਹੁਤ ਕਰਕੇ ਅਨਜਾਣਿਆ ਹੀ ਹੈ। ਹਾਂ! ਉਹ ਛੋਟੀ ਉਮਰੇ ਹੀ ਇਕ ਚੰਗਾ ਘੋੜ ਸਵਾਰ, ਪੱਕਾ ਨਿਸ਼ਾਨੇਬਾਜ਼ ਤੇ ਚੰਗਾ ਸ਼ਿਕਾਰੀ ਬਣ ਗਿਆ ਸੀ। ਲਛਮਣ ਦਾਸ 15 ਕੁ ਵਰ੍ਹਿਆਂ ਦੀ ਉਮਰ ਵਿੱਚ ਹੀ ਘਰ-ਬਾਰ ਤਿਆਗ ਕੇ ਬੈਰਾਗੀ ਬਣ ਗਿਆ ਸੀ ਅਤੇ ਉਸ ਦੇ ਗੁਰੂ ਨੇ ਉਸ ਦਾ ਨਾਂ ਬਦਲ ਕੇ ਮਾਧੋ ਦਾਸ ਰੱਖ ਦਿੱਤਾ। ਵੱਖ-ਵੱਖ ਥਾਵਾਂ ਦੀ ਯਾਤਰਾ ਕਰਨ ਉਪਰੰਤ ਮਾਧੋ ਦਾਸ ਨੇ ਨਾਂਦੇੜ ਦੇ ਨੇੜੇ, ਗੋਦਾਵਰੀ ਦਰਿਆ ਦੇ ਕੰਢੇ, ਇਕ ਸ਼ਾਂਤ ਤੇ ਸੁੰਦਰ ਸਥਾਨ 'ਤੇ ਆਪਣਾ ਟਿਕਾਣਾ ਬਣਾ ਲਿਆ। ਇਸ ਸਥਾਨ 'ਤੇ ਹੀ 3 ਸਤੰਬਰ 1708 ਨੂੰ ਗੁਰੂ ਗੋਬਿੰਦ ਸਿੰਘ ਦੀ ਮਾਧੋ ਦਾਸ ਨਾਲ ਪਹਿਲੀ ਮੁਲਾਕਾਤ ਹੋਈ। ਇਤਿਹਾਸ ਦੇ ਅਤਿ-ਨਾਜ਼ੁਕ ਦੌਰ ਵਿੱਚ ਸਿੱਖਾਂ ਦੀ ਰਹਿਨੁਮਾਈ ਕਰਨ ਲਈ ਗੁਰੂ ਸਾਹਿਬ ਨੇ ਬੜੇ ਨਾਟਕੀ ਢੰਗ ਨਾਲ ਮਾਧੋ ਦਾਸ ਦੀ ਚੋਣ ਕੀਤੀ। ਮੁਗਲਾਂ ਨਾਲ ਸਿੱਧੀ ਟੱਕਰ ਲੈਣ ਲਈ ਚੁਣੇ ਗਏ ਇਸ ਲਾਸਾਨੀ ਯੋਧੇ ਨੂੰ ਗੁਰੂ ਸਾਹਿਬ ਨੇ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਦਾ ਨਾਂ ਅਤੇ 'ਬਹਾਦੁਰ' ਦਾ ਖ਼ਿਤਾਬ ਬਖ਼ਸ਼ਿਆ ਅਤੇ ਕੁਝ ਅਰਸੇ ਬਾਅਦ ਉਸ ਨੂੰ ਖਾਲਸੇ ਦਾ ਜਥੇਦਾਰ ਥਾਪ ਕੇ ਪੰਜਾਬ ਵੱਲ ਭੇਜਿਆ। ਸਲਾਹਕਾਰਾਂ ਵਜੋਂ ਪੰਜ ਪਿਆਰੇ ਅਤੇ 20 ਹੋਰ ਸਿੰਘ ਨਾਲ ਭੇਜੇ। ਪੰਜ ਤੀਰ ਅਤੇ ਇਕ ਨਗਾਰਾ ਬਖ਼ਸ਼ਿਆ। (ਬੰਦਾ ਬਹਾਦਰ ਅਕਤੂਬਰ 1708 ਦੇ ਆਸ-ਪਾਸ ਪੰਜਾਬ ਲਈ ਰਵਾਨਾ ਹੋਇਆ)।

ਨਾਂਦੇੜ ਤੋਂ ਦਿੱਲੀ ਪਹੁੰਚਣ ਤਕ ਬੰਦਾ ਬਹਾਦਰ ਨਾਲ ਕੇਵਲ ਗਿਣਤੀ ਦੇ ਸਿੰਘ ਸਨ। ਰੋਹਤਕ-ਸੋਨੀਪਤ ਦੇ ਇਲਾਕੇ ਵਿੱਚ ਦਾਖ਼ਲ ਹੋਣ ਉਪਰੰਤ ਖਾਲਸਾ ਵਹੀਰ ਸਹੇਰੀ-ਖੰਡਾ ਨਾਂ ਦੇ ਦੋ ਜੁੜਵੇਂ ਪਿੰਡਾਂ ਦੀ ਜੂਹ ਵਿੱਚ ਰੁਕੀ, ਤਾਂ ਕਿ ਅਗਲੀ ਰਣਨੀਤੀ ਤੈਅ ਕੀਤੀ ਜਾ ਸਕੇ। ਇੱਥੋਂ ਹੀ ਬੰਦਾ ਬਹਾਦਰ ਨੇ ਪੰਜਾਬ ਦੇ ਸਿੱਖਾਂ ਦੇ ਨਾਂ ਪੱਤਰ ਲਿਖੇ ਅਤੇ ਗੁਰੂ ਸਾਹਿਬ ਵੱਲੋਂ ਜਾਰੀ ਕੀਤੇ ਹੁਕਮਨਾਮੇ ਭੇਜੇ। ਸੰਦੇਸ਼ ਮਿਲਦਿਆਂ ਹੀ, ਸਿੱਖਾਂ ਨੇ ਰਵਾਇਤੀ ਹਥਿਆਰਾਂ ਨਾਲ ਲੈੱਸ ਹੋ ਕੇ ਸਹੇਰੀ ਖੰਡਾ ਵਿਖੇ ਪਹੁੰਚਣਾ ਸ਼ੁਰੂ ਕਰ ਦਿੱਤਾ। ਕੁਝ ਲੁਟੇਰੇ ਤੇ ਚੋਰ-ਡਾਕੂ ਵੀ ਨਾਲ ਆ ਰਲੇ।

ਸਿੱਖ ਸੰਗਤਾਂ ਦੇ ਉੱਚ ਮਨੋਬਲ ਤੋਂ ਉਤਸ਼ਾਹਿਤ ਹੋ ਕੇ ਬੰਦਾ ਬਹਾਦਰ ਨੇ ਨੇੜੇ ਹੀ ਸੋਨੀਪਤ 'ਤੇ ਹਮਲਾ ਕਰਕੇ ਆਪਣੀਆਂ ਸੈਨਿਕ ਮੁਹਿੰਮਾਂ ਦੀ ਸ਼ੁਰੂਆਤ ਕੀਤੀ ਅਤੇ ਮੁਗਲ ਰਾਜਧਾਨੀ ਦੇ ਨੱਕ ਹੇਠ ਪਹਿਲੀ ਜਿੱਤ ਪ੍ਰਾਪਤ ਕੀਤੀ। ਲਗਦੇ ਹੱਥ ਹੀ, ਕੈਥਲ ਨੇੜਿਓਂ ਸ਼ਾਹੀ ਖ਼ਜ਼ਾਨਾ ਲੁੱਟ ਲਿਆ ਅਤੇ ਕੈਥਲ 'ਤੇ ਵੀ ਕਬਜ਼ਾ ਕਰ ਲਿਆ। ਬੰਦਾ ਬਹਾਦਰ ਦਾ ਜੋਸ਼, ਹੌਸਲਾ ਤੇ ਗਤੀ ਬੇਮਿਸਾਲ ਸੀ। ਉਸ ਨੇ ਥੋੜ੍ਹੇ ਅਰਸੇ ਵਿੱਚ ਹੀ ਸਮਾਣਾ, ਘੁੜਾਮ, ਠਸਕਾ, ਸ਼ਾਹਬਾਦ, ਮੁਸਤਫਾਬਾਦ, ਕਪੂਰੀ, ਸਢੌਰਾ ਤੇ ਛੱਤ-ਬਨੂੜ ਵਰਗੇ ਮੁਗਲਾਂ ਦੇ ਗੜ੍ਹਾਂ ਨੂੰ ਆਪਣੇ ਅਧੀਨ ਕਰ ਲਿਆ। ਸੂਬਾ ਸਰਹਿੰਦ (ਵਜ਼ੀਰ ਖ਼ਾਂ) ਨੂੰ ਤਾਂ ਉਹ ਲੋਹੇ ਦਾ ਸੁਹਾਗਾ ਬਣ ਕੇ ਟੱਕਰਿਆ ਅਤੇ ਉਸ ਨੂੰ ਭੋਇੰ 'ਚ ਰਲਾ ਕੇ ਰੱਖ ਦਿੱਤਾ। ਸਰਹਿੰਦ ਦੀ ਜਿੱਤ (12 ਮਈ 1710) ਨੇ ਸਿੱਖਾਂ ਲਈ ਜਿੱਤ ਦੇ ਦਰਵਾਜ਼ੇ ਖੋਲ੍ਹ ਦਿੱਤੇ। ਇਸੇ ਚੜ੍ਹਤ ਦੌਰਾਨ ਬੰਦਾ ਬਹਾਦਰ ਨੇ ਸੁਤੰਤਰ ਸਿੱਖ ਰਾਜ ਦੀ ਘੋਸ਼ਣਾ ਕਰ ਦਿੱਤੀ ਅਤੇ ਲੋਹਗੜ੍ਹ (ਮੁਖਲਿਸਗੜ੍ਹ) ਨੂੰ ਆਪਣੀ ਰਾਜਧਾਨੀ ਬਣਾਇਆ। ਇੱਥੋਂ ਹੀ ਗੁਰੂ ਨਾਨਕ-ਗੁਰੂ ਗੋਬਿੰਦ ਦੇ ਨਾਂ 'ਤੇ ਸਿੱਕਾ ਜਾਰੀ ਕੀਤਾ।

ਜਿੱਤਾਂ ਦਾ ਸਿਲਸਿਲਾ ਨਿਰੰਤਰ ਜਾਰੀ ਰਿਹਾ। ਘੁਡਾਣੀ, ਮਾਲੇਰਕੋਟਲਾ, ਰਾਇਕੋਟ ਆਦਿ 'ਤੇ ਹਮਲੇ ਕੀਤੇ (ਪਰ ਮਾਲੇਰਕੋਟਲਾ ਸ਼ਹਿਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ)। ਜਮੁਨਾ ਪਾਰ ਦੇ ਇਲਾਕਿਆਂ, ਜਿਨ੍ਹਾਂ ਵਿੱਚ ਸਹਾਰਨਪੁਰ, ਜਲਾਲਾਬਾਦ ਤੇ ਨਨੌਤਾ ਮੁੱਖ ਤੌਰ 'ਤੇ ਸ਼ਾਮਲ ਹਨ, 'ਤੇ ਜਿੱਤਾਂ ਪ੍ਰਾਪਤ ਕੀਤੀਆਂ। ਇਸ ਦੇ ਨਾਲ ਹੀ ਮਾਝੇ ਅਤੇ ਦੁਆਬੇ ਵਿੱਚ ਸਿੱਖ ਉੱਠ ਖੜ੍ਹੇ ਹੋਏ। ਅਕਤੂਬਰ 1710 ਨੂੰ ਰਾਹੋਂ ਵਿਖੇ ਹੋਏ ਘਮਸਾਨ ਦੇ ਯੁੱਧ ਵਿੱਚ ਬੰਦਾ ਬਹਾਦਰ ਦੀ ਜਿੱਤ ਹੋਈ। ਫਲਸਰੂਪ, ਛੇਤੀ ਹੀ ਜਲੰਧਰ, ਦੁਆਬੇ ਦੇ ਸਾਰੇ ਇਲਾਕਿਆਂ, ਜਿਨ੍ਹਾਂ ਵਿੱਚ ਜਲੰਧਰ ਤੇ ਹੁਸ਼ਿਆਰਪੁਰ ਵੀ ਸ਼ਾਮਲ ਸਨ, ਉੱਤੇ ਖ਼ਾਲਸੇ ਦਾ ਅਧਿਕਾਰ ਹੋ ਗਿਆ। ਇਸ ਤੋਂ ਬਾਅਦ ਬੰਦਾ ਬਹਾਦਰ ਦੀ ਜਿੱਤ ਹੋਈ। ਫਲਸਰੂਪ, ਛੇਤੀ ਹੀ ਜਲੰਧਰ ਦੁਆਬੇ ਦੇ ਸਾਰੇ ਇਲਾਕਿਆਂ, ਜਿਨ੍ਹਾਂ ਵਿੱਚ ਜਲੰਧਰ ਤੇ ਹੁਸ਼ਿਆਰਪੁਰ ਵੀ ਸ਼ਾਮਲ ਸਨ, ਉੱਤੇ ਖ਼ਾਲਸੇ ਦਾ ਅਧਿਕਾਰ ਹੋ ਗਿਆ। ਇਸ ਤੋਂ ਬਾਅਦ ਬੰਦਾ ਬਹਾਦਰ ਨੇ ਅੰਮ੍ਰਿਤਸਰ, ਬਟਾਲਾ, ਕਲਾਨੌਰ ਤੇ ਪਠਾਨਕੋਟ ਜਾ ਮੱਲੇ। ਛੇਤੀ ਹੀ ਸਿੱਖ ਲਾਹੌਰ ਦੀਆਂ ਕੰਧਾਂ ਤਕ ਪਹੁੰਚ ਗਏ। ਹੁਣ ਲਾਹੌਰ ਤੋਂ ਲੈ ਕੇ ਦਿੱਲੀ ਤਕ ਬੰਦਾ ਬਹਾਦਰ ਦਾ ਬੋਲਬਾਲਾ ਸੀ।

ਬੰਦਾ ਬਹਾਦਰ ਨਿਰਾ ਜੰਗਜੂ ਹੀ ਨਹੀਂ ਸੀ, ਉਹ ਲੋਕਾਂ ਦਾ ਸੇਵਕ ਅਤੇ ਪਰਜਾ ਦਾ ਪਾਲਕ ਵੀ ਸੀ। ਉਸ ਨੇ ਜ਼ਿਮੀਂਦਾਰਾ ਪ੍ਰਬੰਧ ਵਿੱਚ ਸੁਧਾਰ ਕੀਤਾ ਅਤੇ ਬੇਜ਼ਮੀਨੇ ਕਾਸ਼ਤਕਾਰਾਂ ਨੂੰ ਜ਼ਮੀਨਾਂ ਵਾਲੇ ਬਣਾਇਆ।

ਵਕਤ ਦੀ ਨਜ਼ਾਕਤ ਨੂੰ ਵੇਖਦਿਆਂ, ਹਿੰਦੁਸਤਾਨ ਦਾ ਬਾਦਸ਼ਾਹ, ਬਹਾਦਰ ਸ਼ਾਹ ਖੁਦ ਵੱਡੀ ਫੌਜ ਲੈ ਕੇ ਪੰਜਾਬ ਵਿੱਚ ਦਾਖ਼ਲ ਹੋਇਆ। ਮੌਕੇ ਅਨੁਸਾਰ ਸਿੱਖਾਂ ਨੂੰ ਪਿੱਛੇ ਹਟਣਾ ਪਿਆ। ਬੰਦਾ ਬਹਾਦਰ ਲੋਹਗੜ੍ਹ ਦਾ ਕਿਲ੍ਹਾ ਛੱਡ ਕੇ ਪਹਾੜਾਂ ਵੱਲ ਨਿਕਲ ਗਿਆ। ਇਸੇ ਦੌਰਾਨ ਚੰਬੇ ਦੇ ਰਾਜੇ ਦੀ ਧੀ ਨਾਲ ਵਿਆਹ ਕਰਵਾ ਲਿਆ।

ਮੁਗਲ ਸਮਰਾਟ ਬਹਾਦਰ ਸ਼ਾਹ ਦੀ 18 ਫਰਵਰੀ 1712 ਨੂੰ ਲਾਹੌਰ ਵਿਖੇ ਮੌਤ ਹੋ ਗਈ। ਮੌਕੇ ਦਾ ਲਾਭ ਉਠਾਉਂਦਿਆਂ, ਬੰਦਾ ਬਹਾਦਰ ਨੇ ਮੁੜ ਆਪਣੀ ਸ਼ਕਤੀ ਨੂੰ ਸੰਗਠਤ ਕੀਤਾ ਅਤੇ ਕਈ ਇਲਾਕਿਆਂ 'ਤੇ ਕਾਬਜ਼ ਹੋ ਗਿਆ। ਦੂਜੀ ਸ਼ਾਦੀ ਵਜ਼ੀਰਾਬਾਦ ਦੇ ਖੱਤਰੀ ਸ਼ਿਵ ਰਾਮ ਦੀ ਧੀ ਨਾਲ ਹੋਈ, ਜਿਸ ਦੀ ਕੁੱਖੋਂ ਰਣਜੀਤ ਸਿੰਘ ਨਾਮੀ ਪੁੱਤਰ ਦਾ ਜਨਮ ਹੋਇਆ।

ਗ੍ਰਿਫਤਾਰੀ: ਬੰਦਾ ਬਹਾਦਰ ਨੇ ਮਾਰਚ 1715 ਵਿੱਚ ਕਲਾਨੌਰ ਤੇ ਬਟਾਲੇ 'ਤੇ ਕਬਜ਼ਾ ਕਰ ਲਿਆ। ਅੰਤ, ਉਹ ਆਪਣੇ ਸੈਨਿਕਾਂ ਸਮੇਤ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿੱਚ ਮੁਗਲ ਫੌਜ ਦੇ ਘੇਰੇ ਵਿੱਚ ਆ ਗਿਆ। ਇਹ ਘੇਰਾ ਕਈ ਮਹੀਨਿਆਂ ਤਕ ਜਾਰੀ ਰਿਹਾ। ਰਸਦ ਮੁੱਕ ਗਈ। ਸਿੱਖ ਫਾਕੇ ਕੱਟਣ ਲੱਗੇ। ਦੂਜਾ, ਇਸ ਨਾਜ਼ੁਕ ਸਮੇਂ 'ਤੇ ਬਾਬਾ ਬਿਨੋਦ ਸਿੰਘ ਅਤੇ ਉਸ ਦੇ ਸਾਥੀ ਪਹਿਲੋਂ ਹੀ ਗੜ੍ਹੀ ਨੂੰ ਛੱਡ ਕੇ ਚਲੇ ਗਏ ਸਨ।

ਅੰਤ, 7 ਦਸੰਬਰ 1715 ਨੂੰ ਸ਼ਾਹੀ ਫੌਜਾਂ ਨੇ ਗੜ੍ਹੀ 'ਤੇ ਕਬਜ਼ਾ ਕਰ ਲਿਆ। ਸ਼ਾਹੀ ਫੌਜਾਂ ਦੀ ਜਿੱਤ 'ਤੇ ਟਿੱਪਣੀ ਕਰਦਿਆਂ ਹਾਜ਼ੀ ਕਾਮਵਰ ਖ਼ਾਂ ਆਪਣੀ ਪੁਸਤਕ 'ਤਜ਼ਕਿਰਾਤੂ-ਸਲਾਤੀਨ ਚੁਗਤਈਆਂ' ਵਿੱਚ ਲਿਖਦਾ ਹੈ ਕਿ "ਇਹ ਕਿਸੇ ਦੀ ਅਕਲਮੰਦੀ ਜਾਂ ਬਹਾਦਰੀ ਦਾ ਨਤੀਜਾ ਨਹੀਂ ਸੀ, ਬਲਕਿ ਰੱਬ ਦੀ ਮਿਹਰਬਾਨੀ ਸੀ। ਕਾਫ਼ਰ ਸਿੱਖ (ਬੰਦਾ ਬਹਾਦਰ) ਅਤੇ ਉਸ ਦੇ ਸਾਥੀ ਭੁੱਖ ਨੇ ਅਧੀਨ ਹੋਣ ਲਈ ਮਜਬੂਰ ਕਰ ਦਿੱਤੇ ਸਨ।"



ਬਾਬਾ ਬੰਦਾ ਸਿੰਘ ਬਹਾਦਰ ਅਤੇ ਲਗਪਗ 800 ਸਿੱਖਾਂ ਨੂੰ ਕੈਦੀ ਬਣਾ ਕੇ ਪਹਿਲਾਂ ਲਾਹੌਰ ਲਿਆਂਦਾ ਗਿਆ, ਫਿਰ ਅਤਿ-ਖੁਆਰੀ ਦੀ ਹਾਲਤ ਵਿੱਚ ਜਲੂਸ ਦੀ ਸ਼ਕਲ ਵਿੱਚ, ਦਿੱਲੀ ਲਿਜਾਇਆ ਗਿਆ। ਬੰਦਾ ਬਹਾਦਰ ਨੂੰ ਸੰਗਲਾਂ ਨਾਲ ਜਕੜ ਕੇ ਇਕ ਲੋਹੇ ਦੇ ਪਿੰਜਰੇ 'ਚ ਕੈਦ ਕਰ ਕੇ ਹਾਥੀ 'ਤੇ ਬਿਠਾਇਆ ਹੋਇਆ ਸੀ। ਇਹ ਜਲੂਸ 27 ਫਰਵਰੀ 1716 ਨੂੰ ਦਿੱਲੀ ਵਿੱਚ ਦਾਖ਼ਲ ਹੋਇਆ। ਬੰਦਾ ਬਹਾਦਰ ਅਤੇ ਉਸ ਦੇ ਮੁੱਖ ਸਾਥੀਆਂ ਨੂੰ ਤ੍ਰਿਪੋਲੀਏ ਵਿਖੇ ਕੈਦ ਲਈ ਇਬਰਾਹੀਮ-ਉਦ-ਦੀਨ ਮੀਰ ਆਤਿਸ਼ ਦੇ ਹਵਾਲੇ ਕਰ ਦਿੱਤਾ ਗਿਆ। ਬਾਕੀਆਂ ਨੂੰ ਸਰਬਰਾਹ ਖ਼ਾਨ ਦੇ ਹਵਾਲੇ ਕੀਤਾ ਗਿਆ। ਬੰਦਾ ਬਹਾਦਰ ਦੀ ਪਹਿਲੀ ਪਤਨੀ ਅਤੇ ਉਸ ਦੇ ਚਾਰ ਵਰ੍ਹਿਆਂ ਦੇ ਪੁੱਤਰ ਅਜੈ ਸਿੰਘ ਨੂੰ ਵੱਖਰੇ ਤੌਰ 'ਤੇ ਕੈਦ ਵਿੱਚ ਰੱਖਿਆ ਗਿਆ।

ਕਤਲੇਆਮ: 5 ਮਾਰਚ 1716 ਨੂੰ ਸਿੱਖ ਕੈਦੀਆਂ ਦਾ ਕਤਲੇਆਮ ਸ਼ੁਰੂ ਹੋਇਆ। ਹਰ ਰੋਜ਼ 100 ਸਿੱਖ ਕਤਲ ਕੀਤੇ ਜਾਂਦੇ ਸਨ। ਸੱਤ ਦਿਨਾਂ ਤਕ ਕਤਲੇਆਮ ਜਾਰੀ ਰਿਹਾ। ਇਨ੍ਹਾਂ ਕਤਲਾਂ ਤੋਂ ਬਾਅਦ ਤਿੰਨ ਮਹੀਨਿਆਂ ਤਕ ਚੁੱਪ ਵਰਤੀ ਰਹੀ। ਲਾਸਾਨੀ ਸ਼ਹਾਦਤ: 9 ਜੂਨ 1716 ਨੂੰ ਬੰਦਾ ਬਹਾਦਰ ਅਤੇ ਉਸ ਦੇ ਸਾਥੀਆਂ ਨੂੰ ਇਕ ਜਲੂਸ ਦੀ ਸ਼ਕਲ ਵਿੱਚ ਕੁਤਬ-ਮੀਨਾਰ ਦੇ ਨੇੜੇ ਖੁਆਜਾ ਕੁਤਬਦੀਨ ਬਖਤਿਆਰ ਕਾਕੀ ਦੇ ਰੋਜ਼ੇ ਪਾਸ ਪਹੁੰਚਾਇਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦੀ ਜਾਮ ਪਿਲਾਉਣ ਤੋਂ ਪਹਿਲਾਂ ਉਸ ਦੇ ਪੁੱਤਰ ਅਜੈ ਸਿੰਘ ਨੂੰ ਕਤਲ ਕਰਕੇ ਉਸ ਦਾ ਧੜਕਦਾ ਹੋਇਆ ਦਿਲ ਬਾਬਾ ਜੀ ਦੇ ਮੂੰਹ ਵਿੱਚ ਤੁੰਨਿਆ ਗਿਆ। ਫਿਰ ਅਸਹਿ ਤੇ ਅਕਹਿ ਤਸੀਹੇ ਦੇਣ ਤੋਂ ਇਲਾਵਾ ਭਖਦੇ ਹੋਏ ਲਾਲ ਗਰਮ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ। ਛੁਰੇ ਦੀ ਨੋਕ ਨਾਲ ਅੱਖਾਂ ਕੱਢੀਆਂ ਗਈਆਂ, ਹੱਥ-ਪੈਰ ਕੱਟ ਦਿੱਤੇ ਗਏ ਅਤੇ ਅੰਤ ਸਿਰ ਕਲਮ ਕਰ ਦਿੱਤਾ ਗਿਆ। "ਬੋਟੀ ਬੋਟੀ ਹੋ ਗਿਆ, ਸਿੱਖੀ ਨਹੀਂ ਸੂਰਮੇ ਹਾਰੀ।"

# ਗੁਰੂ ਗ੍ਰੰਥ ਸਾਹਿਬ ਵਿੱਚ 'ਅਲਾਹੁਣੀਆਂ'

**- ਡਾ. ਜਸਬੀਰ ਸਿੰਘ ਸਰਨਾ**

'ਅਲਾਹੁਣੀ' ਇੱਕ ਸੋਗਮਈ ਸ੍ਰੇਸ਼ਟ ਕਾਵਿ-ਰੂਪ ਹੈ ਜਿਸ ਦੇ ਕੋਸ਼ੀ ਅਰਥ ਸ਼ਲਾਘਾ (ਉਸਤਤਿ) ਜਾਂ ਉਹ ਕਵਿਤਾ ਜਿਸ ਵਿੱਚ ਕਿਸੇ ਦੇ ਗੁਣ ਗਾਏ ਜਾਣ। ਖਾਸਕਰ ਮੋਏ ਪ੍ਰਾਣੀ ਦੇ ਗੁਣ ਕਰਮ ਕਹਿ ਕੇ ਜੋ ਗੀਤ ਗਾਇਆ ਜਾਂਦਾ ਹੈ ਉਸ ਦਾ ਨਾਂ 'ਅਲਾਹੁਣੀ' ਹੈ। ਇੰਜ ਇਹ ਉਹ ਕਾਵਿ ਰੂਪ ਹੈ ਜਿਸ ਵਿੱਚ ਉਸਤਤਿ/ਸ਼ਲਾਘਾ/ਵੈਣ ਰਾਹੀਂ ਕਿਸੇ ਦੀ ਸਿਫ਼ਤ-ਸਲਾਹ ਨੂੰ ਰੂਪਾਂਤਰਿਤ ਕਰਕੇ ਅਕਾਲ-ਚਲਾਣਾ ਕਰ ਗਏ 'ਪ੍ਰਾਣੀ' ਨਮਿੱਤ ਜੋ ਕਾਵਿ-ਬੰਦ ਉਚਾਰਿਆ ਜਾਵੇ ਉਸ ਨੂੰ 'ਅਲਾਹੁਣੀ' ਆਖਦੇ ਹਨ। ਪ੍ਰਾਣੀ ਦੇ ਵਿਰਲਾਪ ਲਈ ਆਸ-ਪਾਸ ਦੀਆਂ ਤੀਵੀਆਂ ਇੱਕ ਥਾਂ ਇਕੱਠੀਆਂ ਹੋ ਕੇ ਮਰਾਸਣ/ਨਾਇਣ 'ਅਲਾਹੁਣੀ' ਦੀ ਤੁਕ ਨੂੰ ਉੱਚੀ-ਸੁਰ ਵਿੱਚ ਉਚਾਰਦੀ ਹੈ ਅਤੇ ਬਾਕੀ ਸਾਰੀਆਂ ਤੀਵੀਆਂ ਰੋਂਦੀਆਂ/ਪਿੱਟਦੀਆਂ ਵਿਰਲਾਪ ਕਰਦੀਆਂ ਹਨ। ਅੱਡ-ਅੱਡ ਅਲਾਹੁਣੀਆਂ ਵਿੱਚ ਉਮਰ ਅਤੇ ਰਿਸ਼ਤੇ ਨੂੰ ਭਾਵਨਾਤਮਕ ਆਕਾਰ ਵਿੱਚ ਸਿਰਜਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ 'ਅਲਾਹੁਣੀਆਂ' ਸਿਰਲੇਖ ਹੇਠ ਨੌਂ ਸ਼ਬਦ ਅੰਕਿਤ ਹਨ ਜਿਨ੍ਹਾਂ ਵਿੱਚ ਪੰਜ ਗੁਰੂ ਨਾਨਕ ਅਤੇ ਚਾਰ ਸ਼ਬਦ ਗੁਰੂ ਅਮਰਦਾਸ ਜੀ ਦੇ ਹਨ।

ਡਾ. ਰਤਨ ਸਿੰਘ ਜੱਗੀ ਅਨੁਸਾਰ ਇਹ ਪੰਜਾਬੀ ਦਾ ਇੱਕ ਸੋਗੀ ਜਾਂ ਮਾਤਮੀ ਲੋਕਗੀਤ ਹੈ ਜੋ ਕੇਵਲ ਮਰਨ ਦੇ ਅਵਸਰ ਉੱਤੇ ਹੀ ਰੁਦਨਮਈ ਢੰਗ ਨਾਲ ਗਾਇਆ ਜਾਂਦਾ ਹੈ। ਇਸ ਨੂੰ ਕਿਸੇ ਹੋਰ ਅਵਸਰ ਉੱਤੇ ਨਹੀਂ ਗਾਇਆ ਜਾ ਸਕਦਾ, ਸਗੋਂ ਇਸ ਨੂੰ ਇਕੱਲਿਆਂ ਜਾਂ ਮਿੱਤਰਾਂ ਵਿੱਚ ਬੈਠ ਕੇ ਗੁਣਗੁਣਾਉਣਾ ਵੀ ਬਦਸ਼ਗਨੀ ਦਾ ਚਿੰਨ੍ਹ ਸਮਝਿਆ ਜਾਂਦਾ ਹੈ।

ਕਈ ਵਿਦਵਾਨਾਂ ਨੇ 'ਅਲਾਹੁਣੀਆਂ' ਦਾ ਵਰਗੀਕਰਨ ਵੀ ਕੀਤਾ ਹੈ। ਕਈ ਇਸ ਨੂੰ 'ਨਾਟਕੀ ਵੰਨਗੀ' ਅਤੇ ਕਈ 'ਸਿਆਪਾ' ਵੱਲ ਸੰਕੇਤ ਕਰਦੇ ਹਨ। ਪ੍ਰੋ. ਸਾਹਿਬ ਸਿੰਘ ਅਨੁਸਾਰ ਕਿਸੇ ਦੇ ਮਰਨ ਦੇ ਗਾਏ ਜਾਣ ਵਾਲੇ ਗੀਤ, ਜਦੋਂ ਕੋਈ ਪ੍ਰਾਣੀ ਮਰਦਾ ਹੈ ਤਾਂ ਭਾਈਚਾਰੇ ਦੀਆਂ ਜਨਾਨੀਆਂ ਮਿਲ ਕੇ ਰੋਂਦੀਆਂ ਹਨ। ਮਰਾਸਣ ਉਸ ਮਰੇ ਪ੍ਰਾਣੀ ਦੀ ਸਿਫ਼ਤ ਵਿੱਚ ਕਵਿਤਾ ਜਿਹੀ ਵਾਂਗ ਕੋਈ ਤੁਕ ਸੁਰ ਵਿੱਚ ਪੜ੍ਹਦੀ ਹੈ, ਉਸ ਦੇ ਪਿੱਛੇ ਉਹੀ ਤੁਕ ਸਾਰੀਆਂ ਜਨਾਨੀਆਂ ਰਲ ਕੇ ਸੁਰ ਵਿੱਚ ਪੜ੍ਹਦੀਆਂ ਹਨ ਤੇ ਨਾਲ-ਨਾਲ ਥੋੜ੍ਹਾ-ਥੋੜ੍ਹਾ ਪਿਟਦੀਆਂ ਹਨ। ਉਹ ਪਿੱਟਣਾ ਵੀ ਤਾਲ ਸਿਰ ਹੁੰਦਾ ਹੈ। ਮਰਾਸਣ ਦੇ ਗੀਤ ਨੂੰ ਅਲਾਹੁਣੀਆਂ ਕਿਹਾ ਜਾਂਦਾ ਹੈ। ਸਤਿਗੁਰੂ ਨੇ ਇਸ ਰੋਣ-ਪਿੱਟਣ ਵੱਲੋਂ ਵਰਜ ਕੇ ਪਰਮਾਤਮਾ ਦੀ ਰਜ਼ਾ ਵਿੱਚ ਤੁਰਨ ਤੇ ਉਸ ਦੀ ਸਿਫ਼ਤ-ਸਲਾਹ ਕਰਨ ਦਾ ਉਪਦੇਸ਼ ਦਿੱਤਾ। ਗੁਰੂ ਨਾਨਕ ਜੀ ਦੀ ਇਹ ਲਘੂ ਰਚਨਾ ਅੰਕ 578 'ਤੇ ਅੰਕਿਤ ਹੈ। ਹਰ ਅਲਾਹੁਣੀ ਦੀਆਂ ਚਾਰ-ਚਾਰ ਪਉੜੀਆਂ ਹਨ ਅਤੇ ਉਹ ਪਉੜੀ ਛੇ ਤੁਕੀ ਹੈ ਪਰ ਤੀਜੀ ਅਲਾਹੁਣੀ ਵਿੱਚ ਕੇਵਲ ਚਾਰ ਤੁਕਾਂ ਦਰਜ ਹਨ ਅਤੇ ਇਸ ਦੇ ਅੱਠ ਪਦੇ ਹਨ, ਇਨ੍ਹਾਂ ਵਿੱਚ ਤੁਕਾਂਤ ਦੋ ਤੁਕਾਂ ਦਾ ਹੈ। ਛੇ-ਛੇ ਤੁਕਾਂ ਦੀ ਸਮਾਪਤੀ ਬਾਅਦ ੧, ੨, ੩, ੪ ਅੰਕਾਂ ਦਾ ਸੰਕੇਤ ਦਿੱਤਾ ਗਿਆ ਹੈ। ਗੁਰੂ ਸਾਹਿਬ ਨੇ ਰੂਹਾਨੀ ਪੈਗਾਮ ਦੇ ਸੰਚਾਰ ਲਈ ਇਨ੍ਹਾਂ ਅਲਾਹੁਣੀਆਂ ਨੂੰ ਪਰਿਵਰਤਿਤ ਕਰ ਦਿੱਤਾ ਹੈ। ਇਸ ਬਾਣੀ ਵਿੱਚ ਸੱਚੀ ਤੇ ਸ੍ਰੇਸ਼ਟ ਮੌਤ ਤੇ ਖੌਫ਼ਨਾਕ ਤੇ ਘਟੀਆ ਮੌਤ ਦਾ ਟਾਕਰਾ ਕਰਕੇ ਉਚੇਰਾ ਜੀਵਨ ਜੀ ਕੇ ਉਚੇਰੀ ਮੌਤ ਮਰਨ ਦੀ ਪ੍ਰੇਰਨਾ ਦਿੱਤੀ ਹੈ।

ਗੁਰੂ ਅਮਰਦਾਸ ਦੀਆਂ ਅਲਾਹੁਣੀਆਂ ਚਾਰ ਪਦਿਆਂ ਦੀਆਂ ਹਨ। ਹਰੇਕ ਪਦੇ ਦੀਆਂ ਛੇ ਤੁਕਾਂ ਹਨ ਅਤੇ ਬਾਅਦ ਵਿੱਚ ੧, ੨, ੩, ੪ ਦਾ ਅੰਕ ਹੈ। ਇਨ੍ਹਾਂ ਅਲਾਹੁਣੀਆਂ ਵਿੱਚ 'ਰਹਾਉ' ਦੀ ਪੰਕਤੀ ਆਉਂਦੀ ਹੈ। ਗੁਰੂ ਸਾਹਿਬ ਮੌਤ ਦੇ ਸੋਗੀ ਵਾਤਾਵਰਣ ਲਈ ਜਿੱਥੇ ਭਾਸ਼ਾ ਦੀ ਸ਼ਬਦਾਤਮਕ ਵਿਧੀ ਨੂੰ ਵਿਭਿੰਨ ਸ਼ਬਦਾਂ ਜਿਵੇਂ : ਰੋਵਣ, ਮਰਨ, ਰੋਈਐ, ਵਿਛੋੜਾ, ਮਿਰਤਕੜਾ, ਪਛੁਤਾਏ ਆਦਿ ਦੇ ਅੰਤਰਗਤ ਪ੍ਰਯੁਕਤ ਕਰ ਰਹੇ ਹਨ, ਉੱਥੇ ਇਨ੍ਹਾਂ ਵਿਚਲੀ ਲੈਅ ਤੇ ਹੇਕ ਸੁਭਾਵਕ ਹੀ ਸੰਗੀਤ ਵਿਲੱਖਣਤਾ ਨੂੰ ਉਜਾਗਰ ਕਰਦੀ ਹੈ। ਬਾਣੀ ਵਿਚਲਾ ਸ਼ਬਦ ਅਨੁਪ੍ਰਾਸ ਅਤੇ ਸ਼ਬਦ-ਸੰਵਾਦ ਵੀ ਅਲਾਹੁਣੀਆਂ ਦੇ ਗਾਇਨ ਦੀ ਮੂਲ ਭਾਵਨਾ ਤੇ ਸਰੂਪ ਨੂੰ ਕਾਇਮ ਰੱਖਣ ਵਿੱਚ ਸਹਾਈ ਹੁੰਦਾ ਹੈ। ਗੁਰੂ ਸਾਹਿਬ ਮਨਸੁੱਖ ਤੇ ਗੁਰਮੁੱਖ ਵਿਚਕਾਰ ਇੱਕ ਅੰਤਰ ਸਥਾਪਤ ਕਰਦੇ ਹਨ। ਸੱਚੀ ਮੌਤ ਮਰਨ ਦਾ ਜਿੱਥੇ ਉਪਦੇਸ਼ਾਤਮਕ ਸੰਕੇਤ ਕੀਤਾ ਹੈ, ਉੱਥੇ ਆਪਣੇ ਵਿਚਾਰਾਂ ਨੂੰ ਸੁਸ਼ਕਤ ਤਰੀਕੇ ਨਾਲ ਵਿਅਕਤ ਕੀਤਾ ਹੈ। ਗੁਰੂ ਸਾਹਿਬ ਨੇ ਮੌਤ ਦੇ ਸੰਕਲਪ ਨੂੰ ਸੰਖੇਪਤ ਭਾਵਪੂਰਤ ਸ਼ਬਦਾਂ ਰਾਹੀਂ ਪ੍ਰਸਤੁਤ ਕਰਕੇ ਇਲਾਹੀ ਗੀਤ ਦਾ ਰੁਤਬਾ ਦੇ ਦਿੱਤਾ ਹੈ।

ਗੁਰੂ ਸਾਹਿਬਾਨ ਨੇ ਅਲਾਹੁਣੀਆਂ ਰਾਹੀਂ ਜਿੱਥੇ ਮੌਤ ਨੂੰ ਅਟੱਲ ਸੱਚਾਈ ਦਾ ਧੁਰਾ ਮੰਨਿਆ ਹੈ, ਉੱਥੇ ਜਗਿਆਸੂ ਨੂੰ ਜ਼ਿੰਦਗੀ ਵਿੱਚ ਚੰਗੇ ਕਰਮ ਕਰਨ ਦੀ ਤਾਕੀਦ ਕੀਤੀ ਹੈ। ਮੌਤ, ਜੋ ਬਾਜ ਵਾਂਗ ਸਾਧਕ 'ਤੇ ਝਪਟਦੀ ਹੈ, ਨੂੰ ਪ੍ਰਤੱਖ ਦ੍ਰਿਸ਼ਟਮਾਨ ਜਾਣ ਕੇ ਪਰਮਸਤਿ ਨੂੰ ਸਿਮਰਨਾ, ਸਿਖਿਆਦਾਇਕ ਪ੍ਰੇਰਨਾ ਦਿੱਤੀ ਹੈ ਅਤੇ ਸੰਸਾਰ ਨੂੰ ਫ਼ਾਨੀ ਸਮਝ ਕੇ, ਅਕਾਲ ਪੁਰਖ ਦੇ ਹੁਕਮ ਤੇ ਰਜ਼ਾ ਵਿੱਚ ਰਹਿ ਕੇ, ਭਾਣਾ ਮੰਨਣਾ ਅਤੇ ਆਤਮਿਕ ਸ਼ਾਂਤੀ ਦਾ ਸਿਖ਼ਰ ਪ੍ਰਸਤੁਤ ਕੀਤਾ ਹੈ।

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ।।
ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ।। (ਅੰਕ 578)।

ਗੁਰੂ ਨਾਨਕ ਨੇ ਪ੍ਰਾਣੀ ਨੂੰ ਵਿਆਪਕ ਸੱਚ ਨੂੰ ਪ੍ਰਵਾਨ ਕਰਕੇ ਇਹ ਸੰਕੇਤ ਦਿੱਤਾ ਹੈ ਕਿ ਇਹ ਸਾਰੇ ਸਮਾਜਿਕ ਰਿਸ਼ਤੇ ਨਾਲ ਨਿਭਣ ਵਾਲੇ ਨਹੀਂ। ਇਸੇ ਲਈ ਪ੍ਰਾਣੀ ਲਈ ਵਿਰਲਾਪ ਅਤੇ ਅਫ਼ਸੋਸ ਕਰਨਾ ਉੱਚਿਤ ਨਹੀਂ। ਸਾਰੇ ਮਾਇਆ ਦੇ ਮੋਹ ਕਾਰਨ ਵਿਰਲਾਪ ਕਰਦੇ ਹਨ ਪਰ ਸੱਚਾ ਰੋਣਾ ਤਾਂ ਅਕਾਲ ਪੁਰਖ ਦੇ ਵਿਯੋਗ ਵਿੱਚ ਰੋਣਾ ਹੈ, ਜੋ ਸਦੀਵੀ ਸੱਚ ਹੈ। ਇਹ ਅਲਾਹੁਣੀਆਂ ਗੂੜ੍ਹ ਚਿੰਤਨ ਦੀ ਪ੍ਰਗੀਤਕ ਸੁਰ ਵਿੱਚ ਦਾਰਸ਼ਨਿਕ ਦ੍ਰਿਸ਼ਟੀਕੋਣ ਰਾਹੀਂ ਸੰਰਚਨਾ ਨੂੰ ਪ੍ਰਸਤੁਤ ਕਰਦੀ ਹੈ। ਇੱਕ ਗੱਲ ਬੜੀ ਸਾਫ਼ ਹੈ ਕਿ ਸਾਰੇ ਸੰਸਾਰੀ ਤੇ ਰੂਹਾਨੀ ਸੁੱਖਾਂ ਦਾ ਮੂਲ ਅਕਾਲਪੁਰਖ ਦਾ ਸਿਮਰਨ ਹੈ। ਇਹ ਅਲਾਹੁਣੀਆਂ ਕਿਸ ਪ੍ਰਥਾਇ ਅਤੇ ਕਦੋਂ ਉਚਾਰਨ ਕੀਤੀਆਂ ਗਈਆਂ ਬਾਰੇ ਵਿਦਵਾਨ ਇੱਕ ਰਾਇ ਨਹੀਂ। 'ਪੁਰਾਤਨ ਜਨਮ ਸਾਖੀ' ਅਨੁਸਾਰ ਗੁਰੂ ਨਾਨਕ ਨੇ ਜਦੋਂ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਕੇ ਬ੍ਰਹਮ-ਲੀਨ ਹੋਣ ਤੋਂ ਕੁਝ ਸਮਾਂ ਪਹਿਲਾਂ ਇਹ ਬਾਣੀ ਉਚਾਰਨ ਕੀਤੀ ਜਦਕਿ ਸੋਢੀ ਮਿਹਰਵਾਨ ਵਾਲੀ ਜਨਮ-ਸਾਖੀ ਵਿੱਚ ਕਿਸੇ ਸ਼ਰਧਾਲੂ ਸਿੱਖ ਦੇ ਗੁਜ਼ਰ ਜਾਣ ਤੋਂ ਬਾਅਦ ਉਸ ਦੇ ਭਰਾ ਨੇ ਬਾਬਾ ਜੀ ਨੂੰ ਖ਼ਬਰ ਦਿੱਤੀ ਤਾਂ ਗੁਰੂ ਸਾਹਿਬ ਆਪ (ਗੁਰੂ) ਅੰਗਦ ਅਤੇ ਭਾਈ ਮਰਦਾਨਾ ਨੂੰ ਨਾਲ ਲੈ ਕੇ ਉਸ ਦੇ ਘਰ ਗਏ। 'ਪੁਰਾਤਨ ਜਨਮ ਸਾਖੀ' ਵਿੱਚ ਜ਼ਿਕਰ ਆਉਂਦਾ ਹੈ, "ਤਦਹੁ ਗੁਰੂ ਬਾਬਾ ਸਰੀਹ ਤਲੈ ਜਾਇ ਬੈਠਾ। ਸਰੀਹੁ ਸੁਕਾ ਖੜ੍ਹਾ ਥਾ ਸੋ ਹਰਿਆ ਹੋਆ, ਪਾਤ ਫੁਲ ਪਏ। ਤਬ ਗੁਰੂ ਅੰਗਦ ਪੈਰੀ ਪਇਆ। ਤਬ ਮਾਤਾ ਜੀ ਬੈਰਾਗੁ ਲਗੀ ਕਰਣਿ। ਤਿਤੁ ਮਹਿਲਿ ਸ਼ਬਦੁ ਹੋਇਆ ਭਾਈ ਬੰਧੁ ਪਰਵਾਰ ਸਭ ਲਗੈ ਰੋਵਣਿ। ਤਦਹੂੰ ਰਾਗ ਵਡਹੰਸੁ ਵਿੱਚ ਸ਼ਬਦ ਹੋਇਆ : ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿੰਨ ਜਗੁ ਧੰਧੈ ਲਾਇਆ। ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਜਾਇ ਪਿਆਰੋ।।" ਗੁਰੂ ਸਾਹਿਬ ਨੇ ਪ੍ਰਾਣੀ ਦੇ ਗੁਰਪੁਰੀ ਸਿਧਾਰਨ ਕਾਰਨ ਸੰਸਾਰ ਸੁਖਾਂ ਦੇ ਅਲੋਪ ਹੋਣ ਕਾਰਨ ਇਸਤਰੀਆਂ ਅਤੇ ਸਾਕ-ਸਬੰਧੀਆਂ ਦੇ ਵਿਰਲਾਪ ਅਤੇ ਰੋਣੇ-ਪਿੱਟਣੇ ਨੂੰ ਕੂੜ ਨਾਲ ਤੁਲਨਾ ਦਿੱਤੀ ਹੈ। ਅਲਾਹੁਣੀਆਂ ਦੀ ਸ਼ੈਲੀ ਵਿਵਰਨਾਤਮਕ ਹੋਣ ਕਾਰਨ ਗੁਰੂ ਸਾਹਿਬ ਨੇ ਇਸ ਦੇ ਸਰੂਪ ਨੂੰ ਨਿਸ਼ਚਿਤ ਕਰ ਦਿੱਤਾ ਹੈ। ਅਲੰਕਾਰ ਤੇ ਪ੍ਰਤੀਕਾਂ ਰਾਹੀਂ ਬਾਣੇ ਦੇ ਨਵੇਂ ਸਮਾਸ ਹੀ ਨਹੀਂ ਬਣਾਏ ਸਗੋਂ ਸੁਹਜ ਨੂੰ ਨਿਸ਼ਠਾਪੂਰਨ ਬਣਾ ਦਿੱਤਾ ਹੈ। ਭਾਸ਼ਾ ਮੁੱਖ ਰੂਪ ਵਿੱਚ ਪੰਜਾਬੀ ਹੈ, ਜੋ ਸਾਧ ਭਾਖਾ ਦੇ ਅੰਤਰਗਤ ਲਹਿੰਦੀ ਦੇ ਅੰਸ਼ਾਂ ਨਾਲ ਓਤਪੋਤ ਹੈ। ਇਸ ਬਾਣੀ ਵਿੱਚ ਸੰਗੀਤਾਤਮਕ ਅਤੇ ਲੈਆਤਮਕ ਗੁਣਾਂ ਦੇ ਸੌਂਦਰਯ ਨੂੰ ਉਭਾਰ ਕੇ ਪ੍ਰਭਾਵਸ਼ਾਲੀ, ਚਿੱਤਰਪਟ ਸਿਰਜਿਆ ਗਿਆ ਹੈ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਸ੍ਰੀ ਗੁਰੂ ਨਾਨਕ ਦੀ ਆਧੁਨਿਕਤਾ ਨੂੰ ਦੇਣ

**ਸ. ਗੁਰਤੇਜ ਸਿੰਘ**

**ਭਾਗ ਦੂਜਾ**




੮. ਗੁਰੂ ਨਾਨਕ ਦੇ ਸਮੇਂ ਔਰਤ ਦਾ ਅਤਿ ਨੀਵਾਂ ਸਮਾਜਕ ਰੁਤਬਾ ਅਤੇ ਹੋ ਰਹੀ ਦੁਰਦਸ਼ਾ ਇਤਿਹਾਸ ਤੋਂ ਗੁੱਝੀ ਨਹੀਂ।ਜਗਤ-ਜਣਨੀ ਦੀ ਦੁਰਦਸ਼ਾ ਬਿਆਨ ਕਰਦੇ ਹਜ਼ਾਰਾਂ ਕਿੱਸੇ, ਵਰਣਨ, ਕਹਾਣੀਆਂ ਅਤੇ ਕਵਿਤਾਵਾਂ ਹਰ ਬੋਲੀ ਵਿੱਚ ਮਿਲਦੇ ਹਨ।ਇੱਕ ਹੈ ਜੋ ਚੰਦ ਲਫ਼ਜ਼ਾਂ ਵਿੱਚ ਸੰਸਾਰ ਦੇ ਇਤਿਹਾਸ ਦੇ ਸਭ ਤੋਂ ਹੌਲਨਾਕ ਦਰਦ ਨੂੰ ਬਿਆਨ ਕਰਦਾ ਹੈ:'ਅਬਲਾ! ਹਾਏ! ਤੇਰੀ ਯਹੀ ਕਹਾਨੀ, ਆਂਚਲ ਮੇਂ ਦੂਧ ਔਰ ਆਖੋਂ ਮੇਂ ਪਾਨੀ।' ਜੇ ਇਸ ਪ੍ਰਸਥਿਤੀ ਦੇ ਮੁੱਢ ਵੱਲ ਜਾਈਏ ਤਾਂ ਜਾਣਾਂਗੇ ਕਿ ਸੱਭਿਅਕ ਸਮਾਜ ਦਾ ਨਿਰਮਾਣ ਕਰਨ ਵਾਲੇ ਸਾਰੇ ਰਿਸ਼ੀਆਂ, ਮੁਨੀਆਂ, ਅਵਤਾਰਾਂ, ਪੈਗੰਬਰਾਂ ਨੇ ਅੰਤਮ ਸੱਚ ਨੂੰ ਪੁਰਸ਼ ਰੂਪ ਵਿੱਚ ਵੇਖਿਆ ਅਤੇ ਪ੍ਰਚਾਰਿਆ। ਮਰਦ ਪ੍ਰਧਾਨ ਸਮਾਜ ਦੀ ਨੀਂਹ ਏਸੇ ਭ੍ਰਾਂਤੀ ਉੱਤੇ ਰੱਖੀ ਗਈ।'ਨਾਸਤਕ ਧਰਮਾਂ' ਵੀ ਏਸ ਸਥਿਤੀ ਨੂੰ ਅਪਣਾ ਲਿਆ।ਮਹਾਂ ਪਰਿਨਿਰਵਾਣ ਦੇ ਸਮੇਂ ਘਾਹ ਦੇ ਬਿਸਤਰ ਉੱਤੇ ਲੇਟਿਆਂ ਨੂੰ ਪ੍ਰਮੁੱਖ ਚੇਲੇ ਆਨੰਦ ਨੇ ਬੇਨਤੀ ਕੀਤੀ,'ਮਹਾਂ ਮੁਨੀ, ਔਰਤ ਨੂੰ ਸੰਘ ਵਿੱਚ ਸ਼ਾਮਲ ਕਰਨ ਦੀ ਇਜਾਜ਼ਤ ਦਿਉ।' ਸ਼ਾਕਯ ਸਿੰਘ ਇੱਕ ਪਲ਼ ਚੁੱਪ ਰਹੇ; ਸਮੇਂ ਦੇ ਅੱਥਰੇ ਘੋੜੇ ਨੂੰ ਸਰਪਟ ਦੌੜਦਿਆਂ ਜਾਣ ਕੇ ਬੋਲੇ,'ਇਜਾਜ਼ਤ ਹੈ ਆਨੰਦ। ਪਰ ਜਿਸ ਧਰਮ ਨੇ ਹਜ਼ਾਰ ਸਾਲ ਰਹਿਣਾ ਸੀ, ਹੁਣ ਮਸਾਂ ਪੰਜ ਸੌ ਸਾਲ ਹੀ ਕੱਟੇਗਾ।' ਅੱਜ ਦਾ ਸੰਸਾਰ ਔਰਤ-ਮਰਦ ਬਰਾਬਰੀ ਪ੍ਰਵਾਨ ਕਰਨ ਵੱਲ ਵਧ ਰਿਹਾ ਹੈ।ਕਿਤੇ ਨਾ ਕਿਤੇ, ਏਸ ਨਵੇਂ ਵਿਚਾਰ ਦੀ ਜੜ੍ਹ ਵਿੱਚ ਗੁਰੂ ਨਾਨਕ ਦੇ ਉਹ ਮਹਾਂਵਾਕ ਹਨ ਜਿਨ੍ਹਾਂ ਨੂੰ ਉਹਨਾਂ ਨੇ ਸੱਚ ਦੇ ਜਲੌਅ ਵਿੱਚ ਖੜ੍ਹ ਕੇ ਉਚਾਰਿਆ ਸੀ: ਸੁੰਨ ਮੰਡਲ ਇਕੁ ਜੋਗੀ ਬੈਸੇ ॥ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥(ਧਨਾਸਰੀ ਮ:੧, ਗੁਰੂ ਗ੍ਰੰਥ, ੬੮੫)।ਮਾਰੂ ਰਾਗ ਵਿੱਚ ਆਪ ਨੇ ਫ਼ੁਰਮਾਇਆ ਸੀ: ਆਪੇ ਪੁਰਖੁ ਆਪੇ ਹੀ ਨਾਰੀ ॥ (ਗੁਰੂ ਗ੍ਰੰਥ, ਪੰਨਾ ੧੦੨੦)।ਇਹਨਾਂ ਲੀਹਾਂ ਉੱਤੇ ਚੱਲਦਿਆਂ ਉਹਨਾਂ ਵੱਲੋਂ ਸਦਾ ਤੂ ਮੇਰਾ ਪਿਤਾ ਤੂਹੈ ਮੇਰਾ ਮਾਤਾ (ਭੈਰਉ ਮਹਲਾ ੫, ਗੁਰੂ ਗ੍ਰੰਥ, ੧੧੪੦) ਪ੍ਰਚਾਰਿਆ ਗਿਆ। ਗੁਰੂ ਨਾਨਕ ਨੇ ਪ੍ਰਮਾਤਮਾ ਨੂੰ ਲਿੰਗ-ਭੇਦ ਤੋਂ ਉਤਾਂਹ ਹੋ ਕੇ ਵੇਖਿਆ ਸੀ ਅਤੇ ਮਰਦ-ਪ੍ਰਧਾਨ ਸਮਾਜ ਦੀ ਰਤਾ ਕਾਣ ਨਾ ਰੱਖਦਿਆਂ ਉਵੇਂ ਹੀ ਪ੍ਰਗਟ ਕੀਤਾ।ਦੂਸਰਿਆਂ ਦੀਆਂ ਮਜਬੂਰੀਆਂ ਦੂਸਰੇ ਜਾਣਨ!

੯. ਜਿਸ ਤਰ੍ਹਾਂ ਦਾ ਸਰਬ-ਸਾਂਝਾ ਮਨੁੱਖੀ ਸਮਾਜ ਗੁਰੂ ਸਿਰਜਣਾ ਲੋਚਦੇ ਸਨ ਉਹ ਕੇਵਲ ਗਿਆਨ ਦੀ ਪੱਕੀ-ਪੀਢੀ ਨੀਂਹ ਉੱਤੇ ਹੀ ਉਸਾਰਿਆ ਜਾ ਸਕਦਾ ਸੀ। ਅਜੇ ਸੰਸਾਰ ਓਸ ਸੰਕਲਪ ਤੋਂ ਕੋਹਾਂ ਦੂਰ ਹੈ ਪਰ ਫ਼ੇਰ ਵੀ ਗਿਆਨ ਅੱਜ ਦੇ ਸੰਸਾਰ ਦਾ ਧੁਰਾ ਹੈ ਅਤੇ ਏਸ ਦਾ ਰਚੈਤਾ ਵੀ। ਅੱਜ ਅਗਿਆਨਤਾ ਏਨਾਂ ਵੱਡਾ ਕਲੰਕ ਹੈ ਜਿੰਨਾ ਵੱਡਾ ਇਹ ਪਹਿਲਾਂ ਕਦੇ ਵੀ ਨਹੀਂ ਸੀ।ਗੁਰੂ ਨੇ ਏਸ ਮਰਮ ਨੂੰ ਸਦੀਆਂ ਪਹਿਲਾਂ ਭਾਂਪ ਲਿਆ ਸੀ (ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥- ਗੁਰੂ ਗ੍ਰੰਥ, ੧੦੬੯)।ਗੁਰੂ ਗ੍ਰੰਥ ਵਿੱਚ ਦੋ ਵਾਰ ਆਏ ਇੱਕ ਸ਼ਬਦ ਵਿੱਚ ਆਪ ਆਖਦੇ ਹਨ,'ਮਨਾਂ ਦੇ ਅੰਨ੍ਹੇ ਲੋਕ ਅੰਨ੍ਹੇ ਖੂਹ ਵਾਂਗ ਖ਼ਤਰਨਾਕ ਹੁੰਦੇ ਹਨ।ਉਹਨਾਂ ਦੀ ਸਮਝ ਪੁੱਠੇ ਕਮਲ ਵਾਂਗ ਸੱਖਣੀ ਰਹਿੰਦੀ ਹੈ।ਉਹ ਨਾ ਸ਼ਬਦਾਂ ਦਾ ਭੇਦ ਜਾਣਨ, ਨਾ ਉੱਤਮ ਗੀਤਾਂ ਪਛਾਣਨ।ਉਹ ਨਿਰੇ ਕਰੂਪ ਦਿੱਸ ਆਉਂਦੇ ਹਨ।ਨਾ ਉਹ ਨਾਦ ਦੀ ਸੁੱਧ ਰੱਖਦੇ ਹਨ, ਨਾ ਬੌਧਿਕ ਪ੍ਰਵਿਰਤੀ, ਨਾ ਰਸਾਂ ਦੀ ਵਾਕਫ਼ੀਅਤ।ਪਸ਼ੂ ਪ੍ਰਵਿਰਤੀਆਂ ਨੂੰ ਪਾਲਦੇ ਇਹ ਲੋਕ ਅਸਲ ਖੋਤੇ ਹਨ ਜੋ ਗੁਣਹੀਣਤਾ ਉੱਤੇ ਗਰਬ ਕਰਦੇ ਹਨ।'

੧੦. ਆਪ ਨੇ ਅੰਧਵਿਸ਼ਵਾਸ, ਮਾਨਸਿਕ ਡਰ, ਭੈ, ਭਰਮ, ਬੇਲੋੜੀ ਸ਼ਰਧਾ ਦੀ ਜਕੜ ਅਤੇ ਨਰਕ-ਸਵਰਗ ਦੇ ਛਲਾਵਿਆਂ ਆਦਿ ਨੂੰ ਆਪਣੇ ਮਤ ਦੇ ਅਨੁਯਾਈ ਬਣਾਉਣ ਲਈ ਨਹੀਂ ਵਰਤਿਆ ਹਾਲਾਂਕਿ ਓਦੋਂ ਇਹ ਬੜਾ ਸੌਖਾ ਤਰੀਕਾ ਸੀ। ਅਨੇਕਾਂ ਫ਼ਰੇਬੀ ਸੰਤਾਂ, ਡੇਰੇਦਾਰਾਂ, ਬਹਿਰੂਪੀਆਂ, ਪਾਖੰਡੀਆਂ ਦੇ ਚੇਲਿਆਂ ਦੀ ਭਰਮਾਰ ਦੱਸਦੀ ਹੈ ਕਿ ਇਹ ਹਰਬੇ ਅੱਜ ਵੀ ਓਨੇਂ ਹੀ ਕਾਰਗਰ ਹਨ।ਮੁਕਾਬਲੇ ਵਿੱਚ ਆਪ ਦਾ ਪ੍ਰਚਾਰ ਹੈ; ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥ ਅਕਲੀ ਪੜਿ ੨ ਕੈ ਬੁਝੀਐ ਅਕਲੀ ਕੀਚੈ ਦਾਨੁ ॥ ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥(ਗੁਰੂ ਗ੍ਰੰਥ, ਪੰਨਾ ੧੨੪੫)।

੧੧. ਅਜਿਹੇ ਮੱਤ ਵੀ ਹਨ ਜੋ ਨਿਰੋਲ ਕਰਾਮਾਤਾਂ ਉੱਤੇ ਆਧਾਰਤ ਹਨ।ਧਰਮ ਪੁਸਤਕਾਂ ਵਿੱਚ ਲਿਖੇ ਅਜਿਹੇ ਬਿਆਨ ਵੀ ਹਨ ਕਿ ਫ਼ਲਾਨੀਆਂ-ਫ਼ਲਾਨੀਆਂ ਕਰਾਮਾਤਾਂ ਨਹੀਂ ਵਾਪਰੀਆਂ ਤਾਂ ਸਾਡਾ ਯਕੀਨ, ਇਮਾਨ ਵਿਅਰਥ ਹੈ। ਜਦੋਂ ਨਾਨਕ ਨੇ ਜੋਗੀਆਂ ਸਾਹਮਣੇ ਆਪਣੇ ਜਗਤ ਉਧਾਰ ਦਾ ਮਨਸੂਬਾ ਰੱਖਿਆ ਤਾਂ ਜੋਗੀਆਂ ਨੇ ਏਸ ਨੂੰ ਮੋਮ ਦੇ ਦੰਦਾਂ ਨਾਲ ਲੋਹਾ ਖਾਣ ਤੁਲ ਜਾਣ ਕੇ ਪੁੱਛਿਆ ਕਿ ਕਿਹੜੀ ਕਰਾਮਾਤ ਹੈ ਤੇਰੇ ਕੋਲ ਜਿਸ ਰਾਹੀਂ ਏਸ ਮਨਸੂਬੇ ਨੂੰ ਹਕੀਕਤ ਵਿੱਚ ਤਬਦੀਲ ਕਰੇਂਗਾ? ਆਪ ਦਾ ਜੁਆਬ ਸੀ,'ਸਾਧ ਸੰਗਤ ਅਤੇ ਸੱਚੇ ਨਾਮ ਬਿਨਾ ਮੇਰੇ ਕੋਲ ਕੋਈ ਕਰਾਮਾਤ ਨਹੀਂ।' ਇਹਨਾਂ ਲਫ਼ਜ਼ਾਂ ਨਾਲ ਉਹਨਾਂ ਨੇ 'ਨਿਆਂ ਆਧਾਰਤ ਲੋਕ-ਰਾਜ' ਨੂੰ ਪਰਿਵਰਤਨ ਦਾ ਵੱਡਾ ਜ਼ਰੀਆ ਸੰਸਾਰ ਦੇ ਤਖ਼ਤੇ ਉੱਤੇ ਪਹਿਲੀ ਵਾਰ ਪ੍ਰਗਟ ਕੀਤਾ ਜਿਸ ਤੋਂ ਬਿਨਾ ਅੱਜ-ਕੱਲ੍ਹ ਰਾਜ-ਪ੍ਰਬੰਧ ਦਾ ਤਸੱਵਰ ਕਰਨਾ ਵੀ ਅਸੰਭਵ ਹੈ।ਗਿਆਨਵਾਨ ਲੋਕ ਹੀ ਲੋਕਤੰਤਰ ਦਾ ਆਧਾਰ ਹੋ ਸਕਦੇ ਹਨ।ਗਿਆਨ ਨੂੰ ਆਪ ਨੇ ਸਦੀਵੀ ਪਵਿੱਤਰਤਾ ਦਾ ਸੋਮਾ ਦੱਸਿਆ:ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ॥ (ਗੁਰੂ ਗ੍ਰੰਥ, ੬੩੭)

੧੨. ਉਪਰੋਕਤ ਅੰਧਵਿਸ਼ਵਾਸ ਦਾ ਇੱਕ ਪਹਿਲੂ ਲੋਕਾਂ ਨੂੰ ਇਹ ਆਖ ਕੇ ਵਰਗਲਾਉਂਦਾ ਹੈ ਕਿ 'ਤੁਹਾਨੂੰ ਕਿਸੇ ਹੋਰ ਤਰੱਦਦ ਦੀ ਲੋੜ ਨਹੀਂ; ਤੁਸੀਂ ਸਿਰਫ਼ ਫ਼ਲਾਨੇ ਪੈਗੰਬਰ ਵਿੱਚ ਯਕੀਨ ਹੋਣ ਸਦਕਾ ਹੀ ਸਵਰਗ ਵਿੱਚ ਪਹੁੰਚ ਜਾਓਗੇ।' ਇਹ ਵਹਿਮ ਅਨੇਕਾਂ ਸਾਮੀ ਅਤੇ ਹਿੰਦੀ ਧਰਮਾਂ ਵਿੱਚ ਪ੍ਰਚੱਲਤ ਹੈ।ਗੁਰੂ ਨਾਨਕ ਨੇ ਏਸ ਪਹੁੰਚ ਨੂੰ ਮੁੱਢੋਂ ਰੱਦ ਕੀਤਾ।ਮੱਕੇ ਵਿੱਚ ਹਾਜੀਆਂ ਨੇ ਪੁੱਛਿਆ ਕਿ ਹਿੰਦੂ ਮੱਤ ਚੰਗਾ ਹੈ ਜਾਂ ਮੁਸਲਮਾਨ ਮੱਤ? ਗੁਰੂ ਦਾ ਜੁਆਬ ਸੀ 'ਸ਼ੁਭ ਅਮਲਾਂ ਦਾ ਮੱਤ ਸਭ ਤੋਂ ਸ੍ਰੇਸ਼ਠ ਹੈ' (ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥- ਗੁਰੂ ਗ੍ਰੰਥ, ੧੪੧)।ਇਹ ਸੋਚ ਅਤੇ ਪਹੁੰਚ ਏਨੀ ਸਾਰਥਕ ਹੈ ਕਿ ਅਜੇ ਉਹ ਜ਼ਮਾਨਾ ਨਹੀਂ ਆਇਆ ਜੋ ਏਸ ਨੂੰ ਅਪਣਾ ਕੇ ਆਪਣੇ-ਆਪ ਨੂੰ ਆਧੁਨਿਕਤਾ ਦੇ ਹਾਣ ਦਾ ਪ੍ਰਮਾਣਤ ਕਰ ਸਕੇ।

੧੩. ਗੁਰੂ ਨਾਨਕ ਦੇ ਉਪਦੇਸ਼ ਦਾ ਅੰਤਮ ਫਲ਼ ਹੈ ਕੁਲ਼ਨਾਸ਼, ਧਰਮਨਾਸ਼, ਕਰਮਨਾਸ਼, ਭਰਮਨਾਸ਼ ਖ਼ਾਲਸਾ ਜਿਸ ਨੇ ਗੁਰੂ ਪਾਸ ਪ੍ਰਾਪਤ ਅੰਮ੍ਰਿਤ ਨੂੰ ਲੱਭ ਲਿਆ ਅਤੇ ਮਨੁੱਖਾ ਜੀਵਨ ਦਾ ਅਧਿਆਤਮਕ ਟੀਚਾ ਸਰ ਕੀਤਾ (ਜਿਸ ਜਲ ਨਿਧਿ ਕਾਰਣ ਤੁਮ ਜਗ ਆਏ ਸੋ ਅੰਮ੍ਰਿਤ ਗੁਰ ਪਾਹੀ ਜੀਉ ॥ ਛੋਡਉ ਵੇਸ ਭੇਖ ਚਤੁਰਾਈ ਦੁਬਿਧਾ ਇਹੁ ਫਲ ਨਾਹੀ ਜੀਉ ॥ - ਗੁਰੂ ਗ੍ਰੰਥ, ੫੯੮)।ਇਹ ਨਵਾਂ ਮਨੁੱਖ ਏਨਾਂ ਸਬਲ਼ ਹੋ ਨਿੱਬੜਿਆ ਕਿ ਏਸ ਨੇ ਅੱਠ ਨੌ ਸਦੀਆਂ ਦੀ ਗ਼ੁਲਾਮੀ ਨੂੰ ਸੱਪ ਦੀ ਕੁੰਜ ਵਾਂਗ ਲਾਹ ਕੇ ਵਗਾਹ ਮਾਰਿਆ।ਇਉਂ ਏਸ ਨੇ ਮੋਮ ਦੇ ਦੰਦਾਂ ਨਾਲ ਲੋਹਾ ਚੱਬਿਆ।ਏਸ ਨੇ ਮੁਕਤੀ ਪ੍ਰਾਪਤ ਕਰ ਕੇ ਲੋਕ-ਸੇਵਾ ਨੂੰ ਆਪਣਾ ਆਦਰਸ਼ ਬਣਾਇਆ ਅਤੇ ਏਸ ਨੂੰ ਅਧਿਆਤਮਕ ਤਰੱਕੀ ਜਾਣਿਆ।ਗੁਰੂ ਨਾਨਕ ਨੇ ਦੱਸਿਆ ਕਿ ਹਰ ਸਮਾਜ ਅਜਿਹੇ ਮਨੁੱਖ ਸੰਗਠਿਤ ਕਰ ਕੇ ਸਦੀਵੀ ਸੁਖ-ਚੈਨ ਦਾ ਰਾਹ ਉਲੀਕ ਸਕਦਾ ਹੈ।ਤਾਂ ਹੀ ਆਪ 'ਜਗਤ ਗੁਰੂ' ਅਕਵਾਏ (ਜਗਤ ਗੁਰੂ ਗੁਰ ਨਾਨਕ ਦੇਉ ॥- ਭਾਈ ਗੁਰਦਾਸ, ੨੪-੨-੭)

੧੪. ਮਨੁੱਖਤਾ ਨੂੰ ਏਥੇ ਪਹੁੰਚਾਉਣ ਲਈ ਗੁਰੂ ਨੇ ਇੱਕ ਪ੍ਰੌਢ ਮਨੋਵਿਗਿਆਨੀ ਵਾਂਗ ਕੰਮ ਕੀਤਾ।ਸਭ ਤੋਂ ਪਹਿਲਾਂ ਆਪ ਨੇ ਕੇਵਲ ਪ੍ਰਮਾਤਮਾ ਨੂੰ 'ਸੱਚਾ ਪਾਤਸ਼ਾਹ' ਜਾਣਿਆ (ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ ॥- ਗੁਰੂ ਗ੍ਰੰਥ, ੧੪੨)।ਉਹਨਾਂ ਪ੍ਰੇਰਨਾ ਦਿੱਤੀ ਕਿ ਪਹਿਲਾ ਮਰਣੁ ਕਬੂਲਿ ਕੇ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ (ਗੁਰੂ ਗ੍ਰੰਥ, ੧੪੧੨) ਅਤੇ ਏਸ ਪ੍ਰਕਿਰਿਆ ਨੂੰ ਪ੍ਰਮਾਤਮਾ ਨੂੰ ਪਿਆਰ ਕਰਨ ਦੀ ਚਰਮ-ਸੀਮਾ ਦੱਸਿਆ: ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ੩' (ਗੁਰੂ ਗ੍ਰੰਥ, ੧੪੧੨)।ਨਿਰਭਉ ਵਿੱਚ ਸਮਾ ਕੇ ਪਹਿਲਾਂ ਮੌਤ ਕਬੂਲ ਕਰ ਚੁੱਕਿਆ ਮਨੁੱਖ ਗੁਰੋਪਦੇਸ਼ ਨੇ ਏਨਾਂ ਸਬਲ਼ ਬਣਾ ਦਿੱਤਾ ਕਿ ਉਹ 'ਸੂਰਮਾ' ਬਣ ਕੇ ਗੋਸਾਈ ਦਾ ਪਹਿਲਵਾਨੜਾ (ਗੁਰੂ ਗ੍ਰੰਥ, ੭੪) ਬਣ ਕੇ ਨਿਡਰ ਹੋ ਗਿਆ (ਮੂਏ ਕਉ ਕਹੁ ਮਾਰੇ ਕਉਨੁ ॥ ਨਿਡਰੇ ਕਉ ਕੈਸਾ ਡਰੁ ਕਵਨੁ ॥- ਰਾਗ ਗਉੜੀ, ਮ:੧, ਗੁਰੂ ਗ੍ਰੰਥ, ੨੨੧) ਅਤੇ ਨਿਹੱਥੇ, ਨਿਮਾਣੇ, ਨਪੀੜੇ, ਲਿਤਾੜੇ ਲੋਕਾਂ ਦੇ ਪ੍ਰਮਾਤਮਾ ਵੱਲੋਂ ਬਖ਼ਸ਼ੇ ਹੱਕਾਂ ਨੂੰ ਮਹਿਫ਼ੂਜ਼ ਰੱਖਣ ਲਈ ਨਿਰੰਤਰ ਜੂਝਿਆ।ਕਬੀਰ ਜੀ ਦੇ ਸੁਪਨੇ ਨੂੰ ਓਸ ਨੇ ਸੱਚ ਕਰ ਵਿਖਾਇਆ:ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ (ਗੁਰੂ ਗ੍ਰੰਥ, ੧੧੦੫)। ਮੈਦਾਨੇ ਜੰਗ ਦੇ ਜੋ ਨੇਮ ਓਸ ਨੇ ਆਪਣੇ-ਆਪ ਲਈ ਸਿਰਜੇ ਉਹ ਸਾਰੇ ਸੰਸਾਰ ਦੇ ਜੰਗੀ ਨੇਮਾਂ ਤੋਂ ਵਿਲੱਖਣ ਸਨ।ਉਹ ਮਾਨਵ-ਪ੍ਰੇਮ, ਇਸਤਰੀ-ਸਤਿਕਾਰ, ਭਰਾਤਰੀ-ਭਾਵ ਅਤੇ ਸਾਊਪੁਣੇ ਨਾਲ ਏਨੇਂ ਓਤ-ਪੋਤ ਹਨ ਕਿ ਸਿਪਾਹੀ ਨੂੰ ਇੱਕ ਪਰਮ-ਸਾਧਕ ਨਾਲੋਂ ਨਿਖੇੜਨਾ ਅਸੰਭਵ ਹੋ ਜਾਂਦਾ ਹੈ।ਸੰਤ-ਸਿਪਾਹੀ ਦਾ ਇਹ ਸੰਕਲਪ ਮਨੁੱਖੀ ਬਿਹਤਰੀ ਦਾ ਜਾਮਨ ਬਣਾ ਕੇ, ਮਨੁੱਖੀ ਅਧਿਆਤਮਕ ਵਿਕਾਸ ਦੀ ਚਰਮ-ਸੀਮਾ ਦੇ ਆਦਰਸ਼ ਵਜੋਂ ਘੜ ਕੇ ਗੁਰੂ ਨੇ ਮਾਨਵਤਾ ਨੂੰ ਤੋਹਫ਼ੇ ਦੇ ਤੌਰ ਉੱਤੇ ਪਰੋਸਿਆ।ਐਸਾ ਪ੍ਰਬੰਧ ਪ੍ਰਬੰਧ ਦਇਆ-ਨਿਧਾਨ ਨੇ ਕੀਤਾ ਕਿ ਜਦੋਂ ਵੀ ਮਨੁੱਖਤਾ ਏਸ ਨੂੰ ਅਪਣਾ ਲਵੇਗੀ ਓਸ ਦੇ ਸਾਰੇ ਦੁੱਖ-ਦਰਦ, ਕਲਹ-ਕਲੇਸ਼ ਓਸ ਨਾਲੋਂ ਤੁਰੰਤ ਝੜ ਜਾਣਗੇ।ਮਨੁੱਖਤਾ ਨੇ ਗੁਰੂ ਨਾਨਕ ਦੇ ਏਸ ਆਦਰਸ਼ ਦੇ ਹਾਣ ਦਾ ਹੋ ਕੇ ਅਜੇ ਉੱਭਰਨਾ ਹੈ।

੧੫. ਪਹਿਲੇ ਸਮਿਆਂ ਵਿੱਚ ਪੁਜਾਰੀਵਾਦ ਦੇ ਫ਼ੈਲਾਏ ਆਤੰਕ ਅਤੇ ਸ਼ੋਸ਼ਣ ਨੇ ਗੁਰੂ ਨਾਨਕ ਦਾ ਧਿਆਨ ਆਪਣੇ ਵੱਲ ਖਿੱਚਿਆ।ਉਹਨਾਂ ਵੇਖਿਆ ਕਿ ਸਾਰੇ ਜਗਤ ਨੂੰ ਕੋਹਣ ਦਾ ਕਰਮ ਕਰਨ ਵਾਲੇ ਮੱਥੇ ਟਿੱਕੇ ਲਾ ਕੇ ਪੁਜਾਰੀ ਬਣੇ ਹੋਏ ਹਨ:ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥ (ਗੁਰੂ ਗ੍ਰੰਥ, ੪੭੧-੪੭੨)। ਧਨਾਸਰੀ ਰਾਗ ਵਿੱਚ ਆਪ ਨੇ ਫ਼ੁਰਮਾਇਆ ਕਿ ਕਾਜ਼ੀ, ਬ੍ਰਾਹਮਣ ਅਤੇ ਜੋਗੀ ਸਾਰੇ ਮਨੁੱਖਤਾ ਦੇ ਉਜਾੜੇ ਦਾ ਪੱਕਾ ਬੰਦੋਬਸਤ ਹਨ:ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥(ਗੁਰੂ ਗ੍ਰੰਥ, ੬੬੨)। ਮਨੁੱਖ ਅਤੇ ਪ੍ਰਮਾਤਮਾ ਦੇ ਵਿਚਾਲੇ ਆਪੇ ਬਣੇ ਵਿਚੋਲਿਆਂ ਦੀਆਂ ਖ਼ਤਰਨਾਕ ਕਰਤੂਤਾਂ ਨੂੰ ਗੁਰੂ ਨੇ ਨਸ਼ਰ ਕੀਤਾ ਅਤੇ ਨਕਾਰਿਆ।ਬਾਬਰਵਾਣੀ ਵਾਲੇ ਸ਼ਬਦ ਵਿੱਚ ਉਹਨਾਂ ਇਹਨਾਂ ਲੋਕਾਂ ਨੂੰ ਘੋਰ ਅੰਧ-ਵਿਸ਼ਵਾਸ ਫ਼ੈਲਾਉਣ ਦੇ ਵੱਡੇ ਸੋਮੇ ਬਣੇ ਵੇਖਿਆ।ਇਹਨਾਂ ਨੂੰ ਕਲਾਮ ਪੜ੍ਹ ਕੇ ਦੁਸ਼ਮਣ ਫ਼ੌਜਾਂ ਨੂੰ ਅੰਨ੍ਹਿਆਂ ਕਰਨ ਦੇ ਦਾਅਵੇ ਕਰਦਿਆਂ ਵੇਖਿਆ।ਅਜਿਹੇ ਦਾਅਵੇ ਕਦੇ ਸੋਮਨਾਥ ਦੇ ਪੁਜਾਰੀਆਂ ਨੇ ਕਰ ਕੇ ਹਿੰਦੁਸਤਾਨ ਦੀ ਸਦੀਆਂ ਦੀ ਗ਼ੁਲਾਮੀ ਦਾ ਮੁੱਢ ਬੰਨ੍ਹਿਆ ਸੀ।ਯਕੀਨਨ ਗੁਰੂ ਦੇ ਧਿਆਨ ਵਿੱਚ ਕਰੂਸੇਡ (ਚਰੁਸ□ਦ□ਸ) ਵੀ ਸਨ ਜਿਨ੍ਹਾਂ ਨੂੰ ਛੇੜ ਕੇ ਪੋਪ ਅਰਬਨ ਦੂਜੇ ਨੇ ਦੋ ਸਦੀਆਂ 'ਸੱਭਿਅਤਾਵਾਂ ਦਾ ਭੇੜ' ਕਰਵਾਇਆ ਅਤੇ ਲੱਖਾਂ ਲੋਕਾਂ ਦੇ ਦੁੱਖਾਂ ਦਾ ਕਾਰਣ ਬਣਿਆ।ਗੁਰੂ ਨਾਨਕ ਨੇ ਦੱਸਿਆ ਕਿ ਆਪਣੇ-ਆਪ ਨੂੰ ਸਵਰਗ ਪਹੁੰਚਾਉਣ ਲਈ ਆਪੂੰ ਥਾਪੇ ਵਿਚੋਲੇ ਤਾਂ ਪੁਜਾਰੀਆਂ ਨੇ ਕੀ ਹੋਣਾ ਸੀ ਇਹ ਜਮਾਂ ਦੀ ਮਾਰ ਤੋਂ ਆਪਣੇ-ਆਪ ਨੂੰ ਵੀ ਨਹੀਂ ਬਚਾਅ ਸਕਦੇ (ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥ ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥- ਬਸੰਤ ਮ:੧, ਗੁਰੂ ਗ੍ਰੰਥ, ੧੧੬੯ )।ਇਹਨਾਂ ਕਾਰਣਾਂ ਸਦਕਾ ਗੁਰੂ ਨੇ ਪੁਜਾਰੀਵਾਦ ਨੂੰ ਬੀਤੇ ਕਾਲੇ ਸਮਿਆਂ ਤੋਂ ਉਪਜੀ ਸੰਸਥਾ ਤਸੱਵਰ ਕਰਦਿਆਂ ਆਪਣੀ ਵਿਚਾਰਧਾਰਾ ਵਿੱਚੋਂ ਏਸ ਨੂੰ ਮੁਕੰਮਲ ਤੌਰ ਉੱਤੇ ਮਨਫ਼ੀ ਕਰ ਦਿੱਤਾ।ਆਉਣ ਵਾਲੇ ਯੁੱਗਾਂ ਦੀ ਲੋੜ ਨੂੰ ਭਾਂਪਦਿਆਂ ਪਰਮਾਤਮਾ ਅਤੇ ਮਨੁੱਖ ਦੇ ਰਿਸ਼ਤੇ ਵਿੱਚੋਂ ਵਿਚੋਲਿਆਂ ਨੂੰ ਸਦਾ ਲਈ ਖਾਰਜ ਕਰ ਦਿੱਤਾ।

੧੬. ਅੰਤ ਵਿੱਚ ਕਹਿਣਾ ਬਣਦਾ ਹੈ ਕਿ ਗੁਰੂ ਨਾਨਕ ਨਾ ਕੇਵਲ ਆਧੁਨਿਕ ਸਮਿਆਂ ਦੇ ਜ਼ਿੰਮੇਵਾਰ ਜਾਮਨ ਹਨ ਬਲਕਿ ਉਹਨਾਂ ਪ੍ਰਵਿਰਤੀਆਂ ਦੇ ਸਾਜਣ ਵਾਲੇ ਹਨ ਜਿਨ੍ਹਾਂ ਨੇ ਮਨੁੱਖ ਮਾਤਰ ਨੂੰ ਮੱਧ-ਕਾਲ ਦੇ ਹਨੇਰੇ ਵਿੱਚੋਂ ਕੱਢ ਕੇ ਸਿੱਧਾ ਆਧੁਨਿਕ ਸਮਿਆਂ ਦੇ ਦਰਵਾਜ਼ੇ ਉੱਤੇ ਲਿਆ ਖੜ੍ਹਾ ਕੀਤਾ।ਉਹਨਾਂ ਆਉਣ ਵਾਲੇ ਸਮਿਆਂ ਲਈ ਵੀ ਵੱਡਮੁੱਲੀ ਅਗਵਾਈ ਪ੍ਰਦਾਨ ਕੀਤੀ।ਹੋਣਾ ਵੀ ਇਉਂ ਹੀ ਚਾਹੀਦਾ ਸੀ ਕਿਉਂਕਿ ਜਿਸ ਪ੍ਰਮਾਤਮਾ ਦਾ ਰੂਪ ਹੋ ਕੇ ਆਪ ਸੰਸਾਰ ਉੱਤੇ ਵਿਚਰੇ ਉਹ 'ਨਿਤ ਨਵਾਂ ਸਾਹਿਬ' ਹੈ।ਉਹ ਕਦੇ ਪੁਰਾਣਾ ਨਹੀਂ ਹੁੰਦਾ (ਸਚੁ ਪੁਰਾਣਾ ਨਾ ਥੀਐ੩੩ ॥- ਗੁਰੂ ਗ੍ਰੰਥ, ੧੨੪੮)।ਗੁਰੂ ਦੀ ਏਸ ਸਦੀਵੀ ਪ੍ਰਸੰਗਕਤਾ ਨੂੰ ਜਿਨ੍ਹਾਂ ਪ੍ਰਵਾਨ ਕੀਤਾ ਉਹਨਾਂ ਅਨੇਕਾਂ ਗੁੰਝਲਾਂ, ਜੰਜਾਲਾਂ ਤੋਂ ਮੁਕਤੀ ਪ੍ਰਾਪਤ ਕੀਤੀ (ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥- ਗੁਰੂ ਗ੍ਰੰਥ, ੧੦੦੨)। ਗੁਰੂ ਨਾਨਕ ਨੇ ਕੋਈ ਐਸੀ ਸ਼ਰਤ ਨਹੀਂ ਰੱਖੀ ਕਿ ਉਹਨਾਂ ਦਾ ਪ੍ਰਗਟ ਕੀਤਾ ਸੱਚ ਕੇਵਲ ਉਹਨਾਂ ਨੂੰ ਰਹਿਬਰ ਮੰਨਣ ਵਾਲਿਆਂ ਤੱਕ ਸੀਮਤ ਹੈ।ਨਿੱਤਯਾਨੰਦ ਸੁਆਮੀ ਦੇ ਗੁਰੂ ਸੁਆਮੀ ਬ੍ਰਹਮਾਨੰਦ ਜੋਗੀ ਦੀ ਆਖ਼ਰੀ ਇੱਛਾ ਸੀ ਕਿ ਉਹਨਾਂ ਨੂੰ ਇੱਕ ਜੀਵਨ ਹੋਰ ਮਿਲੇ ਜਿਸ ਵਿੱਚ ਉਹ ਗੁਰੂ ਦੇ ਪਾਵਨ ਉਪਦੇਸ਼ ਦਾ ਭਰਪੂਰ ਫ਼ਾਇਦਾ ਉਠਾ ਸਕਣ।ਰਾਮ ਤੀਰਥ ਦੰਡੀ ਸੁਆਮੀ ਨੇ ਗੁਰੂ ਦੀ ਬਾਣੀ ਨੂੰ ਸੰਪੂਰਨ ਤੌਰ ਉੱਤੇ ਨਿਰਦੋਸ਼, ਸਰਬ-ਫਲ਼-ਦਾਇਨੀ ਜਾਣਿਆ ਅਤੇ ਆਪਣਾ ਜੀਵਨ ਏਸ ਦੇ ਲੜ ਲੱਗ ਕੇ ਸਫ਼ਲ ਕੀਤਾ।ਜਿਵੇਂ ਜਿਵੇਂ ਗੁਰੂ ਨਾਨਕ ਦੀ ਸਭ ਧਰਮਾਂ ਨੂੰ ਪਵਿੱਤਰਤਾ ਅਤੇ ਖ਼ੁਸ਼ਬੂ ਬਖ਼ਸ਼ਣ ਦੀ ਰੀਤ (ਅਗੋਂ ਪੀਰ ਮੁਲਤਾਨ ਦੇ ਦੁਧ ਕਟੋਰਾ ਭਰ ਲੈ ਆਈ ॥ਬਾਬੇ ਕਢ ਚੰਬੇਲੀ ਬਗਲੀ ਤੇ ਦੁੱਧ ਵਿਚ ਮਿਲਾਈ ॥) ਨੂੰ ਦੁਨੀਆ ਦੇ ਲੋਕ ਜਾਣਨਗੇ, ਤਿਵੇਂ ਤਿਵੇਂ ਉਹ ਅਨੇਕਾਂ ਪਾਪਾਂ, ਦੁੱਖਾਂ ਤੋਂ ਬਚਣ ਦਾ ਗਾਡੀ ਰਾਹ ਲੱਭ ਲੈਣਗੇ।ਅਲ ਕਾਇਦਾ ਦੇ ਜਹਾਦ ਦੇ ਸੰਦਰਭ ਵਿੱਚ ਸੰਸਾਰ ਭਰ ਦੇ ਮੁਸਲਮਾਨਾਂ ਨੂੰ ਅਸਲ ਇਸਲਾਮ ਸਬੰਧੀ ਵਾਕਫ਼ੀਅਤ ਦੇਣ ਲਈ ਕੈਨੇਡਾ ਵਿੱਚ ਇੱਕ ਕਿਤਾਬ ਛਪੀ। ਭੂਮਿਕਾ ਵਿੱਚ ਲੇਖਕ ਆਖਦਾ ਹੈ,'ਮੁਸਲਮਾਨਾਂ ਨੂੰ ਇਸਲਾਮ ਦੇ ਅਸਲ ਰੂਪ ਵੱਲ ਪਰਤਣਾ ਚਾਹੀਦਾ ਹੈ ਜਿਸ ਦੀ ਵਿਆਖਿਆ ਗੁਰੂ ਨਾਨਕ ਨੇ ਆਪਣੇ ਪਵਿੱਤਰ ਕਲਾਮ ਵਿੱਚ ਕੀਤੀ ਹੈ': ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥ (ਗੁਰੂ ਗ੍ਰੰਥ, ੧੪੦-੧੪੧)। ਜਦੋਂ ਗੁਰੂ ਨਾਨਕ ਦੇ ਸਰਬ-ਕਲਿਆਣਕਾਰੀ ਉਪਦੇਸ਼ ਲੋਕ-ਮਨਾਂ ਵਿੱਚ ਵੱਸ ਜਾਣਗੇ ਓਦੋਂ 'ਈਮਾਂ ਦੀ ਹਰਾਰਤ' ਲੋਕਾਂ ਵਿੱਚੋਂ ਖ਼ਤਮ ਹੋ ਜਾਵੇਗੀ (ਮਸਜਿਦ ਤੋ ਬਨਾ ਦੀ ਸ਼ਬ ਭਰ ਮੇਂ ਈਮਾਂ ਕੀ ਹਰਾਰਤ ਵਾਲੋਂ ਨੇ।ਮਨ ਅਪਨਾ ਪੁਰਾਨਾ ਪਾਪੀ ਹੈ ਬਰਸੋਂ ਮੇਂ ਨਮਾਜ਼ੀ ਬਨ ਨਾ ਸਕਾ।); ਓਦੋਂ ਮਨ ਸੱਚੇ ਦੀ ਪ੍ਰਸਤਿਸ਼ ਵਿੱਚ ਸਾਰਥਕ ਪ੍ਰਾਰਥਨਾਵਾਂ ਕਰਨ ਯੋਗ ਹੋ ਜਾਣਗੇ।ਮਾਨਵਤਾ ਨੂੰ ਸਮਝ ਪੈ ਜਾਵੇਗੀ ਕਿ ਸਭ ਰਸਤੇ ਓਸੇ ਇੱਕ ਪ੍ਰਮਾਤਮਾ ਦੇ ਦਰ ਉੱਤੇ ਪੁੱਜਣ ਲਈ ਕਿਰਿਆਸ਼ੀਲ ਹਨ ਜਿਹੜਾ ਸਭਨਾ ਕਾ ਮਾ ਪਿਉ ਆਪਿ ਹੈ (ਗੁਰੂ ਗ੍ਰੰਥ, ੬੫੩)।ਫ਼ੇਰ ਧਰਮ ਪਰਿਵਰਤਨ ਦੀ ਲੋੜ, ਜੋ ਸਭ ਪੁਆੜਿਆਂ ਦੀ ਜੜ੍ਹ ਹੈ, ਨੂੰ ਮੱਧ-ਯੁੱਗ ਦੀ ਪੁਜਾਰੀ ਜਮਾਤ ਦੀ ਬਿਮਾਰ ਮਾਨਸਿਕਤਾ ਦੀ ਉਪਜ ਜਾਣ ਕੇ ਤਿਆਗ ਦਿੱਤਾ ਜਾਵੇਗਾ।ਲੋਕਾਂ ਦੇ ਧਰਮ-ਪਰਿਵਰਤਨ ਲਈ ਕਰੂਸੇਡਜ਼ ਨੂੰ ਅੱਗੇ ਤੋਰਦੀਆਂ ਸੈਨਾਵਾਂ ਅਤੇ ਜਹਾਦੀ ਵਾਪਸ ਬੁਲਾ ਲਏ ਜਾਣਗੇ।ਸਿਆਸੀ ਧੌਂਸ ਨਾਲ ਗੁਰੂ ਨਾਨਕ ਦੁਆਰਾ ਹੋਂਦ ਵਿੱਚ ਲਿਆਂਦੀ ਸਾਂਝੀ ਸੱਭਿਅਤਾ ਦੇ ਗਲ਼ੇ ਘੁੱਟਣ (ਗਲ਼ਾਂ ਵਿੱਚ ਟਾਇਰ ਪਾ ਕੇ ਸਾੜਨ) ਦੀਆਂ ਕੁਚੇਸ਼ਟਾਵਾਂ ਬੰਦ ਹੋਣਗੀਆਂ; ਸਭ ਪਾਸੇ ਅਮਨ-ਚੈਨ ਹੋਵੇਗਾ।ਪੰਜਵੇਂ ਨਾਨਕ ਦੇ ਇਹ ਸ਼ਬਦ ਓਸ ਸਮੇਂ ਦਾ ਸਿੰਘਨਾਦ ਹੋਣਗੇ :ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥ ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥(ਗੁਰੂ ਗ੍ਰੰਥ, ੭੪)। ਆਧੁਨਿਕ ਮਨੁੱਖ ਇਹ ਪ੍ਰਾਪਤੀ ਕਰਨ ਦੇ ਯੋਗ ਹੈ ਬਸ਼ਰਤੇ ਕਿ ਇਹ ਗੁਰੂ ਨਾਨਕ ਦੇ ਬਚਨਾਂ ਨੂੰ ਸਦ-ਜੀਵਨ ਦੇਣ ਵਾਲਾ ਅੰਮ੍ਰਿਤ ਜਾਣ ਕੇ ਦਿਲ਼ਾਂ ਵਿੱਚ ਥਾਂ ਦੇਵੇ।ਕਾਸ਼! ਓਹ ਸੁਲੱਖਣੀ ਘੜੀ ਛੇਤੀ ਆਵੇ ਜਿਸ ਵਿੱਚ ਮਨੁੱਖਤਾ ਸ਼ਹੀਦਾਂ ਦੇ ਸਿਰਤਾਜ ਦੀ ਆਵਾਜ਼ ਨਾਲ ਆਵਾਜ਼ ਮਿਲਾ ਕੇ ਗੁਰੂ ਨਾਨਕ ਨੂੰ ਸੰਬੋਧਤ ਹੋ ਕੇ ਆਖੇ:ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ ॥ ਅਤਿ ਸੁੰਦਰ ਮਨਮੋਹਨ ਪਿਆਰੇ ਸਭਹੂ ਮਧਿ ਨਿਰਾਰੇ ॥੧ ॥ ਰਹਾਉ ॥ ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥ (ਗੁਰੂ ਗ੍ਰੰਥ, ੫੩੪)।

**(ਸਿੱਖ ਸਿਆਸਤ 'ਚੋਂ ਧੰਨਵਾਦ ਸਹਿਤ)**

# ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ

**ਬਲਵਿੰਦਰ ਸਿੰਘ ਕੋਟਕਪੂਰਾ**

ਸਿੱਖ ਇਤਿਹਾਸ ਵਿਚ ਇਸ ਤਰ੍ਹਾਂ ਦਾ ਸਿੱਖ ਵਿਅਕਤੀ ਜਿਸ ਨੇ ਛੇ ਗੁਰੂ ਸਾਹਿਬਾਨ ਦੇ ਦਰਸ਼ਨ ਹੀ ਨਹੀਂ ਕੀਤੇ, ਸਗੋਂ ਪੰਜ ਗੁਰੂ ਸਾਹਿਬਾਨ ਨੂੰ ਆਪਣੇ ਹੱਥਾਂ ਨਾਲ ਤਿਲਕ ਲਗਾ ਕੇ ਗੁਰਗੱਦੀ 'ਤੇ ਬਿਰਾਜਮਾਨ ਕੀਤਾ, ਉਹ ਸਿੱਖ ਹਨ ਬਾਬਾ ਬੁੱਢਾ ਜੀ। ਬਾਬਾ ਬੁੱਢਾ ਜੀ ਦਾ ਜਨਮ ਸੰਨ 1506 ਈਸਵੀ ਨੂੰ ਭਾਈ ਸੁੱਘਾ ਜੀ ਦੇ ਘਰ ਮਾਤਾ ਗੌਰਾਂ ਦੀ ਕੁੱਖੋਂ ਪਿੰਡ ਕੱਥੂਨੰਗਲ ਅੰਮ੍ਰਿਤਸਰ ਵਿਖੇ ਹੋਇਆ। ਬਾਬਾ ਜੀ ਦਾ ਬਚਪਨ ਦਾ ਨਾਂ ਬੂੜਾ ਸੀ। ਆਪ ਦਾ ਬਚਪਨ ਕੱਥੂਨੰਗਲ ਵਿਚ ਹੀ ਬੀਤਿਆ। ਬਾਅਦ ਵਿਚ ਆਪ ਮਾਤਾ-ਪਿਤਾ ਦੇ ਨਾਲ ਇਕ ਪਿੰਡ ਰਾਮਦਾਸ ਵਿਚ ਆ ਵਸੇ। ਉਸ ਸਮੇਂ ਆਪ ਦੀ ਉਮਰ 12 ਕੁ ਸਾਲ ਦੀ ਸੀ। ਇਸ ਉਪਰ ਵਿਚ ਅਚਾਨਕ ਬੂੜਾ ਜੀ ਦੇ ਮਨ ਵਿਚ ਗੁਰੂ ਨਾਨਕ ਸਾਹਿਬ ਦੇ ਦਰਸ਼ਨਾਂ ਦੀ ਤਾਂਘ ਉੱਠੀ। ਜਦ ਆਪ ਗੁਰੂ ਨਾਨਕ ਸਾਹਿਬ ਨਾਲ ਮੇਲ ਹੋਇਆ ਤਾਂ ਗੁਰੂ ਜੀ ਬਾਲਕ ਦੀਆਂ ਗੱਲਾਂ



ਤੋਂ ਪ੍ਰਭਾਵਿਤ ਹੋਏ ਤੇ ਕਿਹਾ ਕਿ ਬੱਚਿਆਂ ਵਰਗੀਆਂ ਗੱਲਾਂ ਕਰਦਾ ਹੈਂ, ਉਦੋਂ ਤੋਂ ਆਪ ਦਾ ਨਾਂ ਬੁੱਢਾ ਪ੍ਰਸਿੱਧ ਹੋ ਗਿਆ। ਜਦ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਸੰਪੂਰਨ ਕਰਕੇ ਕਰਤਾਰਪੁਰ ਵਿਚ ਡੇਰਾ ਲਾਇਆ ਤਾਂ ਬਾਬਾ ਬੁੱਢਾ ਜੀ ਵੀ ਗੁਰੂ ਚਰਨਾਂ ਵਿਚ ਆ ਗਏ। ਬਾਬਾ ਜੀ ਬ੍ਰਹਮਚਾਰੀ ਰਹਿਣਾ ਚਾਹੁੰਦੇ ਸਨ ਪਰ ਮਾਤਾ-ਪਿਤਾ ਦੀ ਇੱਛਾ ਅਤੇ ਗੁਰੂ ਆਗਿਆ ਦੇ ਅਨੁਸਾਰ ਬਾਬਾ ਜੀ ਨੇ ਗ੍ਰਹਿਸਥ ਧਰਮ ਵਿਚ ਪ੍ਰਵੇਸ਼ 1538 ਈਸਵੀ ਵਿਚ ਬੀਬੀ ਮਿਰੋਆਂ ਦੇ ਨਾਲ ਵਿਆਹ ਕਰਕੇ ਕੀਤਾ। ਆਪ ਦੇ ਘਰ ਚਾਰ ਸਪੁੱਤਰਾਂ ਨੇ ਜਨਮ ਲਿਆ। ਪ੍ਰੰਤੂ ਬਾਬਾ ਜੀ ਲਗਾਤਾਰ ਸੇਵਾ ਵਿਚ ਲੱਗੇ ਰਹਿੰਦੇ ਸਨ। 1539 ਈਸਵੀ ਵਿਚ ਜਦ ਸ੍ਰੀ ਗੁਰੂ ਨਾਨਕ ਸਾਹਿਬ ਜੋਤੀ-ਜੋਤਿ ਸਮਾਉਣ ਲੱਗੇ ਤਾਂ ਬਾਬਾ ਜੀ ਤੋਂ ਨਵੇਂ ਗੁਰੂ ਸਾਹਿਬ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦਾ ਤਿਲਕ ਲਗਵਾਇਆ ਗਿਆ। ਗੁਰੂ ਅੰਗਦ ਦੇਵ ਜੀ ਨੇ ਆਪਣਾ ਕੇਂਦਰ ਖਡੂਰ ਸਾਹਿਬ ਵਿਚ ਸਥਾਪਤ ਕੀਤਾ ਤੇ ਬਾਬਾ ਬੁੱਢਾ ਜੀ ਵੀ ਖਡੂਰ ਸਾਹਿਬ ਆ ਗਏ ਅਤੇ ਗੁਰੂ ਜੀ ਦੇ ਹੁਕਮ ਅਨੁਸਾਰ ਗੁਰਮੁਖੀ ਲਿਪੀ ਵਿਚ ਵਿਦਿਆ ਦੇਣੀ ਅਤੇ ਲੰਗਰ ਦੀ ਸੇਵਾ ਕਰਨੀ ਆਰੰਭ ਕਰ ਦਿੱਤੀ। ਸੰਨ 1552 ਈਸਵੀ ਵਿਚ ਜਦ ਗੁਰਗੱਦੀ ਤੀਜੇ ਗੁਰੂ ਅਮਰਦਾਸ ਜੀ ਨੂੰ ਦਿੱਤੀ ਤਾਂ ਇਕ ਵਾਰ ਫਿਰ ਬਾਬਾ ਬੁੱਢਾ ਨੇ ਆਪਣੇ ਕਰ-ਕਮਲਾਂ ਨਾਲ ਤਿਲਕ ਲਗਾ ਕੇ ਗੁਰਗੱਦੀ ਕਾਰਜ ਕੀਤਾ। ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਨੂੰ ਆਪਣੇ ਮੁੱਖ ਕੇਂਦਰ ਬਣਾਇਆ ਤੇ ਬਾਬਾ ਜੀ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਆ ਗਏ। ਇਸ ਸਮੇਂ ਗੁਰੂ ਅੰਗਦ ਦੇਵ, ਅਮਰਦਾਸ ਜੀ ਗੋਇੰਦਵਾਲ ਛੱਡ ਆਪਣੇ ਪਿੰਡ ਬਾਸਰਕੇ ਵਿਚ ਚਲੇ ਗਏ ਅਤੇ ਇਕ ਕੋਠੇ ਵਿਚ ਦਰਵਾਜ਼ਾ ਬੰਦ ਕਰਕੇ ਸਿਮਰਨ ਕਰਨ ਲੱਗੇ। ਗੁਰੂ ਜੀ ਨੇ ਕਿਹਾ ਕਿ ਜੇ ਕੋਈ ਵੀ ਕੋਠੇ ਦਾ ਦਰਵਾਜ਼ਾ ਖੋਲ੍ਹਣ ਖੋਲਵਾਣੇ ਦਾ ਯਤਨ ਕਰੇਗਾ ਉਹ ਗੁਰੂ ਵਿਰੋਧੀ ਹੋਏਗਾ। ਇਸ ਸਮੇਂ ਬਾਬਾ ਬੁੱਢਾ ਜੀ ਨੇ ਆਪਣੀ ਸੂਝ-ਬੂਝ ਤੋਂ ਕੰਮ ਲਿਆ ਅਤੇ ਕੋਠੇ ਦੀ ਪਿਛਲੀ ਕੰਧ ਵਿਚ ਸੰਨ੍ਹ ਲਾ ਕੇ ਅੰਦਰ ਚਲੇ ਗਏ। ਗੁਰੂ ਵਚਨਾਂ ਦਾ ਸਨਮਾਨ ਵੀ ਕੀਤਾ ਅਤੇ ਗੁਰੂ ਜੀ ਨੂੰ ਮਨਾ ਕੇ ਵਾਪਸ ਗੋਇੰਦਵਾਲ ਸਾਹਿਬ ਵੀ ਲੈ ਆਏ। ਗੋਇੰਦਵਾਲ ਵਿਚ ਜਦ ਊਚ-ਨੀਚ, ਛੂਤ-ਛਾਤ ਦੇ ਵਿਰੁੱਧ ਸਾਂਝੀ ਬਾਉਲੀ ਦਾ ਨਿਰਮਾਣ ਦੀ ਸਾਰੀ ਜ਼ਿੰਮੇਵਾਰੀ ਵੀ ਬਾਬਾ ਬੁੱਢਾ ਨੂੰ ਸੌਂਪ ਦਿੱਤੀ। ਇਸ ਤਰ੍ਹਾਂ ਜਦ ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਲਈ 22 ਮੰਜੀਆਂ ਦੀ ਸਥਾਪਨਾ ਕੀਤੀ ਤਾਂ ਇਸ ਦਾ ਮੁੱਖ ਪ੍ਰਬੰਧਕ ਵੀ ਬਾਬਾ ਬੁੱਢਾ ਜੀ ਨੂੰ ਹੀ ਬਣਾਇਆ ਗਿਆ। ਚੌਥੇ ਗੁਰੂ ਰਾਮਦਾਸ ਜੀ ਜਦ ਗੁਰਗੱਦੀ 'ਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਨੂੰ ਤਿਲਕ ਵੀ ਬਾਬਾ ਬੁੱਢਾ ਜੀ ਨੇ ਲਗਾਇਆ। ਤੀਜੇ ਗੁਰੂ ਜੀ ਦਾ ਸਸਕਾਰ ਵੀ ਆਪ ਨੇ ਆਪਣੇ ਹੱਥਾਂ ਨਾਲ ਕੀਤਾ। ਗੁਰੂ ਰਾਮਦਾਸ ਜੀ ਨੇ ਜਦੋਂ ਅੰਮ੍ਰਿਤਸਰ ਨਗਰ ਦੀ ਸਥਾਪਨਾ ਕੀਤੀ ਤਾਂ ਅੰਮ੍ਰਿਤ ਸਰੋਵਰ ਦੀ ਖੁਦਵਾਈ ਬਾਬਾ ਬੁੱਢਾ ਦੇ ਹੱਥਾਂ ਨਾਲ ਆਰੰਭ ਕਰਵਾਈ। ਅੰਮ੍ਰਿਤ ਸਰੋਵਰ ਦੇ ਨਿਰਮਾਣ ਦੀ ਜ਼ਿੰਮੇਵਾਰੀ ਵੀ ਬਾਬਾ ਬੁੱਢਾ ਨੂੰ ਸੌਂਪੀ ਗਈ। ਬਾਬਾ ਜੀ ਪਰਿਕਰਮਾ ਵਿਚ ਬੇਰੀ ਦੇ ਹੇਠ ਬੈਠ ਇਸ ਕੰਮ ਦੀ ਦੇਖ-ਰੇਖ ਕਰਦੇ ਸਨ। ਉਹ ਬੇਰੀ ਅੱਜ ਬਾਬਾ ਬੁੱਢਾ ਜੀ ਦਾ ਨਾਂ ਪ੍ਰਸਿੱਧ ਹੈ। ਗੁਰੂ ਅਰਜਨ ਦੇਵ ਜੀ ਸੰਨ 1581 ਵਿਚ ਗੁਰਗੱਦੀ 'ਤੇ ਬੈਠੇ ਤਾਂ ਰੀਤੀ ਅਨੁਸਾਰ ਤਿਲਕ ਇਕ ਵਾਰ ਫਿਰ ਬਾਬਾ ਬੁੱਢਾ ਜੀ ਨੇ ਲਗਾਇਆ। ਪੰਚਮ ਪਾਤਸ਼ਾਹ ਵੱਲੋਂ ਸੰਨ 1604 ਈਸਵੀ ਵਿਚ ਜਦੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ ਤਾਂ ਬਾਬਾ ਬੁੱਢਾ ਨੂੰ ਪਹਿਲਾ ਗ੍ਰੰਥੀ ਨਿਯੁਕਤ ਕੀਤਾ ਗਿਆ। ਬਾਬਾ ਜੀ ਨੇ ਪਹਿਲਾ ਪ੍ਰਕਾਸ਼ ਕੀਤਾ। ਪੰਚਮ ਗੁਰੂ ਦੀ ਸ਼ਹੀਦੀ ਦੇ ਬਾਅਦ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਗੱਦੀ ਤਿਲਕ ਵੀ ਬਾਬਾ ਬੁੱਢਾ ਨੇ ਹੀ ਕੀਤਾ। ਛੇਵੇਂ ਗੁਰੂ ਸਾਹਿਬ ਨੇ ਜਦ 1609 ਈਸਵੀ ਵਿਚ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ ਤਾਂ ਬਾਬਾ ਬੁੱਢਾ ਜੀ ਤੋਂ ਨੀਂਹ ਰਖਵਾਈ ਤੇ ਨਿਰਮਾਣ ਦੇ ਕਾਰਜ ਦੀ ਕਾਰਜ ਦੀ ਜ਼ਿੰਮੇਵਾਰੀ ਸੌਂਪੀ ਗਈ। ਗੁਰੂ ਜੀ ਨੂੰ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਵੀ ਬਾਬਾ ਬੁੱਢਾ ਜੀ ਨੇ ਹੀ ਪਹਿਨਾਈਆਂ। ਛੇਵੇਂ ਗੁਰੂ ਗਵਾਲੀਅਰ ਦੇ ਕਿਲੇ ਤੋਂ ਛਡਵਾਉਣ ਦੀ ਮੁੱਖ ਭੂਮਿਕਾ ਬਾਬਾ ਬੁੱਢਾ ਨੇ ਨਿਭਾਈ। ਇਸ ਸਮੇਂ ਸੰਨ 1621 ਵਿਚ ਸ੍ਰੀ ਗੁਰੂ ਤੇਗ ਬਹਾਦਰ ਅਤੇ ਦੋ ਗੁਰੂ ਸਾਹਿਬਾਨ ਦੇ ਦਰਸ਼ਨ ਕਰਨ ਦਾ ਸੁਭਾਗ ਵੀ ਆਪ ਜੀ ਨੂੰ ਪ੍ਰਾਪਤ ਹੋਇਆ। ਬਾਬਾ ਬੁੱਢਾ ਜੀ ਸੰਨ 1631 ਵਿਚ ਰਾਮਦਾਸ ਵਿਚ 125 ਸਾਲ ਦੀ ਉਮਰ ਭੋਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਛੇਵੇਂ ਗੁਰੂ ਜੀ ਨੇ ਬਾਬਾ ਬੁੱਢਾ ਜੀ ਦਾ ਅੰਤਿਮ ਸਸਕਾਰ ਆਪਣੇ ਹੱਥਾਂ ਨਾਲ ਕੀਤਾ। ਬਾਬਾ ਬੁੱਢਾ ਜੀ ਦਾ 505ਵਾਂ ਜਨਮ ਦਿਨ 21 ਅਕਤੂਬਰ ਨੂੰ ਸ੍ਰੀ ਅੰਮ੍ਰਿਤਸਰ ਅਤੇ ਹੋਰ ਧਾਰਮਿਕ ਅਸਥਾਨਾਂ 'ਤੇ ਬੜੇ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।

# ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਲੈ ਕੇ ਪੰਜਾਬ ਸਰਕਾਰ ਤੇ ਐਸਜੀਪੀਸੀ ਵਿਚਾਲੇ ਰੇੜਕਾ ਜਾਰੀ

## ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਦਾ ਵੇਰਵਾ ਜਾਰੀ

**ਅੰਮ੍ਰਿਤਸਰ/ਏਟੀ ਨਿਊਜ਼ :** ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕਰਵਾਏ ਜਾਣ ਵਾਲੇ ਸਮਾਗਮਾਂ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਵਿਚਕਾਰ ਤਾਲਮੇਲ ਠੀਕ ਨਹੀਂ ਬੈਠ ਰਿਹਾ ਹੈ। ਇਸੇ ਕਰਕੇ ਦੋਵੇਂ ਧਿਰਾਂ ਵੱਲੋਂ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਹੋਰ ਆਗੂਆਂ ਨੂੰ ਵੱਖੋ-ਵੱਖਰੇ ਤੌਰ 'ਤੇ ਸੱਦਾ ਪੱਤਰ ਦਿੱਤੇ ਜਾ ਰਹੇ ਹਨ। ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਲੋਂ ਕਾਇਮ ਕੀਤੀ ਗਈ ਪੰਜ ਮੈਂਬਰੀ ਕਮੇਟੀ ਦੀ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ। ਕਰਤਾਰਪੁਰ ਲਾਂਘੇ ਦੇ ਉਦਘਾਟਨ ਦੀ ਤਰੀਕ ਵੀ ਅਜੇ ਤਕ ਨਿਸ਼ਚਤ ਨਹੀਂ ਕੀਤੀ ਗਈ ਹੈ। ਜਾਣਕਾਰੀ ਮੁਤਾਬਕ ਲਾਂਘੇ ਦੀ ਤਰੀਕ ਭਾਰਤ ਅਤੇ ਪਾਕਿਸਤਾਨ ਵਿਚਾਲੇ ਆਪਸੀ ਸਹਿਮਤੀ ਨਾਲ ਤੈਅ ਕੀਤੀ ਜਾਵੇਗੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਸੀ ਕਿ ਲਾਂਘਾ 9 ਨਵੰਬਰ ਨੂੰ ਖੁੱਲ੍ਹੇਗਾ ਅਤੇ ਸ਼੍ਰੋਮਣੀ ਕਮੇਟੀ ਦਾ ਜਥਾ ਉਸੇ ਦਿਨ ਕਰਤਾਰਪੁਰ ਸਾਹਿਬ ਜਾਵੇਗਾ। ਉਧਰ ਕੈਪਟਨ ਸਰਕਾਰ ਨੇ ਫ਼ੈਸਲਾ ਕੀਤਾ ਸੀ ਕਿ ਪਹਿਲਾ ਜਥਾ ਮੁੱਖ ਮੰਤਰੀ ਕੈਪਟਨ ਦੀ ਅਗਵਾਈ ਹੇਠ ਕਰਤਾਰਪੁਰ ਸਥਿਤ ਗੁਰਦੁਆਰਾ ਸਾਹਿਬ ਜਾਵੇਗਾ ਜਿਸ ਵਿਚ ਪੰਜਾਬ ਦੇ ਸਾਰੇ ਵਿਧਾਇਕ, ਸ਼੍ਰੋਮਣੀ ਕਮੇਟੀ ਦੇ ਮੈਂਬਰ, ਸੰਤ ਸਮਾਜ ਦੇ ਪ੍ਰਤੀਨਿਧ, ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਆਗੂ ਵੀ ਸ਼ਾਮਲ ਹੋਵੇਗਾ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਦਿੱਲੀ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰਾਸ਼ਟਰਪਤੀ ਰਾਮਨਾਥ ਕੋਵਿੰਦ ਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਗੁਰਪੁਰਬ ਦੇ ਸਮਾਗਮਾਂ ਵਿਚ ਸ਼ਿਰਕਤ ਕਰਨ ਦਾ ਸੱਦਾ ਦਿੱਤਾ ਹੈ। ਇਸ ਨਾਲ ਸਵਾਲ ਖੜ੍ਹਾ ਹੋ ਗਿਆ ਹੈ ਕਿ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਪੰਜਾਬ ਸਰਕਾਰ ਜਾਂ ਸ਼੍ਰੋਮਣੀ ਕਮੇਟੀ ਵਿਚੋਂ ਕਿਸ ਦੇ ਸਮਾਗਮਾਂ ਵਿਚ ਸ਼ਾਮਲ ਹੋਣਗੇ।

ਇਸ ਬਾਬਤ ਜਦੋਂ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਮੀਟਿੰਗਾਂ ਵਿਚ ਜਿਹੜੀ ਸਹਿਮਤੀ ਦਿਤੀ ਸੀ, ਉਸ ਤੋਂ ਉਹ ਪਿਛਾਂਹ ਹਟ ਗਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਭਾਈ ਲੌਂਗੋਵਾਲ ਸਾਰਾ ਕੁਝ ਬਾਦਲ ਪਰਿਵਾਰ ਨੂੰ ਖ਼ੁਸ਼ ਕਰਨ ਲਈ ਕਰ ਰਹੇ ਹਨ। ਇਸ ਤੋਂ ਸਪੱਸ਼ਟ ਹੈ ਕਿ ਉਹ ਫ਼ੈਸਲੇ ਲੈਣ ਤੋਂ ਪਿੱਛੇ ਹਟ ਰਹੇ ਹਨ। ਇਸ ਬਾਰੇ ਬਾਦਲ ਦਲ ਦੇ ਬੁਲਾਰੇ ਤੇ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਭਾਰਤ ਤੇ ਪਾਕਿ ਦੋਵੇਂ ਮੁਲਕ ਲਾਂਘੇ ਦੇ ਮੁੱਦੇ 'ਤੇ ਸਹਿਮਤ ਹੋ ਸਕਦੇ ਹਨ ਤਾਂ ਸਾਨੂੰ ਵੀ ਕੋਸ਼ਿਸ਼ ਕਰਨੀ ਚਾਹੀਦੀ ਕਿ ਸਮਾਗਮ ਸਾਂਝੇ ਤੌਰ 'ਤੇ ਕੀਤਾ ਜਾਵੇ। ਸ਼ਤਾਬਦੀ ਕਮੇਟੀ ਦੀ ਚੇਅਰਪਰਸਨ ਤੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ 1 ਨਵੰਬਰ ਤੋਂ 8 ਨਵੰਬਰ ਤੱਕ ਭਾਈ ਮਰਦਾਨਾ ਹਾਲ ਵਿਚ ਤੇ 9 ਨਵੰਬਰ ਤੋਂ 12 ਨਵੰਬਰ ਤੱਕ ਗੁਰੂ ਨਾਨਕ ਸਟੇਡੀਅਮ ਸੁਲਤਾਨਪੁਰ ਲੋਧੀ ਵਿਚ ਸਮਾਗਮ ਕਰਵਾਏ ਜਾ ਰਹੇ ਹਨ, ਜਦਕਿ ਪੰਜਾਬ ਸਰਕਾਰ ਵਲੋਂ ਵੱਖਰਾ ਪੰਡਾਲ ਬਣਾਇਆ ਜਾ ਰਿਹਾ ਹੈ ਤੇ ਹੁਣ ਇਹ ਗੱਲ ਸਪਸ਼ਟ ਹੋ ਚੁੱਕੀ ਹੈ ਕਿ ਸਰਕਾਰ ਸ਼੍ਰੋਮਣੀ ਕਮੇਟੀ ਨਾਲ ਮਿਲ ਕੇ ਪ੍ਰਕਾਸ਼ ਪੁਰਬ ਮਨਾਉਣ ਤੋਂ ਕਿਨਾਰਾ ਕਰ ਰਹੀ ਹੈ।

**ਸ਼੍ਰੋਮਣੀ ਕਮੇਟੀ ਦੇ ਸਮਾਗਮਾਂ ਦਾ ਵੇਰਵਾ -**

ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕਰਵਾਏ ਜਾਣ ਵਾਲੇ ਵੱਖ-ਵੱਖ ਗੁਰਮਤਿ ਸਮਾਗਮਾਂ ਦਾ ਵੇਰਵਾ ਬੀਤੇ ਦਿਨੀਂ ਜਾਰੀ ਕਰ ਦਿੱਤਾ ਗਿਆ। ਇਸ ਅਨੁਸਾਰ ਪਹਿਲੀ ਨਵੰਬਰ ਤੋਂ ਤੇਰ੍ਹਾਂ ਨਵੰਬਰ ਤੱਕ ਗੁਰਮਤਿ ਸਮਾਗਮ ਨਿਰੰਤਰ ਜਾਰੀ ਰਹਿਣਗੇ। 1 ਨਵੰਬਰ ਤੋਂ 8 ਨਵੰਬਰ ਤੱਕ ਸਮਾਗਮਾਂ ਦਾ ਸਥਾਨ ਭਾਈ ਮਰਦਾਨਾ ਦੀਵਾਨ ਹਾਲ ਗੁਰਦੁਆਰਾ ਬੇਰ ਸਾਹਿਬ, ਜਦਕਿ 9 ਤੋਂ 12 ਨਵੰਬਰ ਤੱਕ ਦੇ ਸਮਾਗਮ ਗੁਰੂ ਨਾਨਕ ਸਟੇਡੀਅਮ ਸੁਲਤਾਨਪੁਰ ਲੋਧੀ ਵਿਖੇ ਹੋਣਗੇ। ਇਨ੍ਹਾਂ ਸਮਾਗਮਾਂ ਤਹਿਤ ਵਿਸ਼ਵ ਪੱਧਰੀ ਮੁੱਖ ਸਮਾਗਮਾਂ ਤੋਂ ਇਲਾਵਾ ਵੱਖ-ਵੱਖ ਦਿਨਾਂ ਵਿਚ ਕੀਰਤਨ



ਦਰਬਾਰ, ਢਾਡੀ ਦਰਬਾਰ, ਕਵੀਸ਼ਰੀ ਦਰਬਾਰ, ਰਾਗ ਦਰਬਾਰ, ਇਸਤਰੀ ਸੰਮੇਲਨ, ਨੌਜਵਾਨ ਸੰਗੀਤ ਸੰਮੇਲਨ, ਵਿਸ਼ਵ ਸਿੱਖ ਨੌਜਵਾਨ ਸੰਮੇਲਨ, ਅੰਤਰ ਧਰਮ ਸੰਵਾਦ ਸੰਮੇਲਨ ਆਦਿ ਹੋਣਗੇ।

**ਸੁਲਤਾਨਪੁਰ ਲੋਧੀ ਵਿਚ ਚੱਲ ਰਹੇ ਕਾਰਜ ਹਾਲੇ ਪੂਰੇ ਨਹੀਂ ਹੋਏ -**

ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਵਲੋਂ ਕਰਵਾਏ ਜਾ ਰਹੇ ਵੱਖ-ਵੱਖ ਕਾਰਜ ਅਜੇ ਤੱਕ ਪੂਰੇ ਨਹੀਂ ਹੋ ਸਕੇ। ਸ਼੍ਰੋਮਣੀ ਕਮੇਟੀ ਵਲੋਂ ਸੰਤ ਮਹਾਂਪੁਰਸ਼ਾਂ ਦੇ ਸਹਿਯੋਗ ਨਾਲ ਸਰਾਵਾਂ, ਲੰਗਰ ਹਾਲ, ਪਾਰਕਿੰਗ, ਦਰਸ਼ਨੀ ਡਿਓੜੀ ਦੀ ਉਸਾਰੀ ਦੇ ਕਾਰਜ ਕਾਰ ਸੇਵਾ ਰਾਹੀਂ ਨਿਰੰਤਰ ਜਾਰੀ ਹਨ। ਹੁਣ ਜਦੋਂ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਹੋਣ ਵਾਲੇ ਸਮਾਗਮਾਂ ਵਿਚ ਇਕ ਮਹੀਨਾ ਬਾਕੀ ਰਹਿ ਗਿਆ ਹੈ ਤੇ ਸੁਲਤਾਨਪੁਰ ਲੋਧੀ ਵਿਚ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੀ ਆਮਦ ਵਿਚ ਦਿਨ-ਬ-ਦਿਨ ਵਾਧਾ ਹੋ ਰਿਹਾ ਹੈ, ਵੱਡੀ ਗਿਣਤੀ ਵਿਚ ਲੋਕ ਰੋਜ਼ਾਨਾ ਇਤਿਹਾਸਕ ਗੁਰਦੁਆਰਾ ਬੇਰ ਸਾਹਿਬ ਤੇ ਹੋਰ ਗੁਰਧਾਮਾਂ ਵਿਖੇ ਨਤਮਸਤਕ ਹੋ ਰਹੇ ਹਨ, ਪਰ ਸੁਲਤਾਨਪੁਰ ਲੋਧੀ ਦੀ ਕਾਇਆ ਕਲਪ ਵਿਚ ਕੋਈ ਸਿਫਤੀ ਤਬਦੀਲੀ ਹੋਈ ਨਜ਼ਰ ਨਹੀਂ ਆ ਰਹੀ। ਸ਼੍ਰੋਮਣੀ ਕਮੇਟੀ ਅਤੇ ਸਰਕਾਰ ਵਲੋਂ ਕੀਤੇ ਜਾ ਰਹੇ ਕਾਰਜ ਅਕਤੂਬਰ ਦੇ ਅੱਧ ਤੱਕ ਪੂਰੇ ਹੋਣ ਦੇ ਆਸਾਰ ਹਨ। ਸੰਤ ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲਿਆਂ ਵਲੋਂ ਤਿਆਰ ਕੀਤੀ ਗਈ ਬੇਬੇ ਨਾਨਕੀ ਨਿਵਾਸ ਦੀ ਇਮਾਰਤ ਪਿਛਲੇ ਦਿਨੀਂ ਸ਼੍ਰੋਮਣੀ ਕਮੇਟੀ ਨੂੰ ਸੌਂਪੀ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਵਲੋਂ ਇਤਿਹਾਸਕ ਸ਼ਹਿਰ ਸੁਲਤਾਨਪੁਰ ਲੋਧੀ ਨੂੰ 'ਵਾਈਟ ਸਿਟੀ' ਬਣਾਉਣ ਦਾ 70 ਫੀਸਦੀ ਕੰਮ ਹੋ ਚੁੱਕਾ ਹੈ ਤੇ ਇਸ ਕੰਮ ਵਿਚ 400 ਦੇ ਕਰੀਬ ਕਾਰੀਗਰ ਲੱਗੇ ਹੋਏ ਹਨ। ਅਕਾਲੀ ਆਗੂਆਂ ਵਲੋਂ ਵੀ ਸੁਲਤਾਨਪੁਰ ਲੋਧੀ ਨੂੰ ਵਾਈਟ ਸਿਟੀ ਬਣਾਉਣ ਦਾ ਕੰਮ ਵੀ ਅਜੇ ਦੋ ਹਫ਼ਤਿਆਂ ਤੱਕ ਪੂਰਾ ਕੀਤੇ ਜਾਣ ਦਾ ਦਾਅਵਾ ਕੀਤਾ ਜਾ ਰਿਹਾ ਹੈ।

ਦੂਜੇ ਪਾਸੇ ਪੰਜਾਬ ਸਰਕਾਰ ਵਲੋਂ ਪਿੰਡ ਰਣਧੀਰਪੁਰ, ਮਾਛੀਜੋਆ ਤੇ ਤਰਫ ਬਹਿਬਲ ਬਹਾਦਰ ਨੇੜੇ 53 ਕਰੋੜ ਰੁਪਏ ਦੀ ਲਾਗਤ ਨਾਲ ਲਗਭਗ 40 ਹਜ਼ਾਰ ਦੇ ਕਰੀਬ ਸ਼ਰਧਾਲੂਆਂ ਦੀ ਰਿਹਾਇਸ਼ ਲਈ ਬਣਾਏ ਜਾ ਰਹੇ ਤਿੰਨ 'ਟੈਂਟ ਸਿਟੀ' ਦਾ ਕੰਮ ਵੀ ਨਿਸ਼ਚਿਤ ਸਮੇਂ ਵਿਚ ਪੂਰਾ ਹੋਣ ਦੀ ਕੋਈ ਆਸ ਨਹੀਂ ਕਿਉਂਕਿ ਪਿਛਲੇ ਦਿਨੀਂ ਹੋਈ ਬਾਰਿਸ਼ ਕਾਰਨ ਟੈਂਟ ਸਿਟੀ ਦੀ ਉਸਾਰੀ ਦਾ ਕੰਮ ਪ੍ਰਭਾਵਿਤ ਹੋਇਆ ਹੈ, ਜਿਸ ਨੂੰ ਕੰਪਨੀ ਦੇ ਮੁਲਾਜ਼ਮ ਮੁੜ ਲੀਹ 'ਤੇ ਲਿਆਉਣ ਲਈ ਜੁਟੇ ਹੋਏ ਹਨ। ਇਨ੍ਹਾਂ ਸਾਰੇ ਕਾਰਜਾਂ ਤੋਂ ਇਲਾਵਾ ਇਤਿਹਾਸਕ ਸ਼ਹਿਰ ਸੁਲਤਾਨਪੁਰ ਲੋਧੀ ਵਿਚ ਕੋਈ ਵੀ ਅਜਿਹਾ ਸੰਸਥਾਨ ਹੋਂਦ ਵਿਚ ਨਹੀਂ ਆ ਰਿਹਾ, ਜੋ ਆਉਣ ਵਾਲੀ ਪੀੜ੍ਹੀ ਲਈ ਸਦੀਵੀ ਯਾਦਗਾਰ ਬਣ ਸਕੇ। ਪੰਜਾਬ ਸਰਕਾਰ ਵਲੋਂ 549ਵੇਂ ਪ੍ਰਕਾਸ਼ ਪੁਰਬ ਮੌਕੇ ਸੁਲਤਾਨਪੁਰ ਲੋਧੀ ਵਿਚ ਕਰਵਾਏ ਗਏ ਰਾਜ ਪੱਧਰੀ ਸਮਾਗਮ ਦੌਰਾਨ ਪਿੰਡ ਮੁਹੱਬਲੀਪੁਰ ਨੇੜੇ ਲੜਕੀਆਂ ਲਈ ਇਕ ਨਵਾਂ ਕਾਲਜ ਖੋਲ੍ਹਣ ਦਾ ਐਲਾਨ ਕੀਤਾ ਗਿਆ ਸੀ ਤੇ ਇਹ ਕਾਲਜ ਮੁਹੱਬਲੀਪੁਰ ਨਹੀਂ ਖੁੱਲ ਸਕਿਆ ਤੇ ਸਰਕਾਰ ਨੇ ਇਕ ਨੋਟੀਫਿਕੇਸ਼ਨ ਜਾਰੀ ਕਰ ਕੇ ਪਹਿਲਾਂ ਹੀ ਪਿੰਡ ਡੱਡਵਿੰਡੀ ਵਿਚ ਚੱਲ ਰਹੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਿਜਨਲ ਕੈਂਪਸ ਵਿਚ ਬੇਬੇ ਨਾਨਕੀ ਗਰਲਜ਼ ਕਾਲਜ ਸ਼ੁਰੂ ਕਰ ਦਿੱਤਾ ਹੈ, ਜਦਕਿ ਇਸ ਕੈਂਪਸ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਅਗਲੇ ਵਿੱਦਿਅਕ ਵਰ੍ਹੇ ਤੋਂ ਯੂਨੀਵਰਸਿਟੀ ਦੇ ਮੁੱਖ ਕੈਂਪਸ ਅੰਮ੍ਰਿਤਸਰ ਵਿਚ ਭੇਜਿਆ ਜਾ ਰਿਹਾ ਹੈ।

**'ੴ ਮੂਲ ਮੰਤਰ' ਅਸਥਾਨ -**

ਸ਼੍ਰੋਮਣੀ ਕਮੇਟੀ ਵਲੋਂ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਦੇ ਮੁਖੀ ਬਾਬਾ ਮਹਿੰਦਰ ਸਿੰਘ ਯੂ.ਕੇ. ਦੇ ਸਹਿਯੋਗ ਨਾਲ ਬਣਾਏ ਜਾ ਰਹੇ 'ੴ ਮੂਲ ਮੰਤਰ' ਅਸਥਾਨ ਦੀ ਉਸਾਰੀ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ, ਪਰ ਇਹ ਅਸਥਾਨ ਵੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਤੱਕ ਮੁਕੰਮਲ ਨਹੀਂ ਹੋ ਸਕੇਗਾ ਕਿਉਂਕਿ ਇਸ ਦਾ ਅਜੇ ਬਹੁਤ ਸਾਰਾ ਕੰਮ ਹੋਣ ਵਾਲਾ ਹੈ।

**ਡਾ. ਮਨਮੋਹਨ ਸਿੰਘ ਸ਼ਾਮਲ ਹੋਣਗੇ -**

ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਜਾਣ ਵਾਲੇ ਪਹਿਲੇ ਜਥੇ ਵਿਚ ਸ਼ਾਮਿਲ ਹੋਣਗੇ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡਾ: ਮਨਮੋਹਨ ਸਿੰਘ ਦੀ ਰਿਹਾਇਸ਼ 'ਤੇ ਜਾ ਕੇ ਉਨ੍ਹਾਂ ਨੂੰ ਜਥੇ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਹਾਲਾਂਕਿ ਜਥੇ ਦੇ ਜਾਣ ਦੀ ਤਰੀਕ ਦਾ ਰਸਮੀ ਤੌਰ 'ਤੇ ਐਲਾਨ ਨਹੀਂ ਕੀਤਾ ਗਿਆ ਪਰ ਕੈਪਟਨ ਦੇ ਸਹਿਯੋਗੀ ਰਵੀਨ ਠੁਕਰਾਲ ਮੁਤਾਬਿਕ 9 ਜਾਂ 10 ਨਵੰਬਰ ਨੂੰ ਸਰਬ ਪਾਰਟੀ ਜਥਾ ਕਰਤਾਰਪੁਰ ਸਾਹਿਬ ਜਾਵੇਗਾ, ਜਿਸ ਦੀ ਅਗਵਾਈ ਕੈਪਟਨ ਕਰਨਗੇ। ਠੁਕਰਾਲ ਨੇ ਕਿਹਾ ਕਿ ਜਥਾ ਸਿਰਫ਼ ਗੁਰਦੁਆਰਾ ਸਾਹਿਬ ਤੱਕ ਜਾਵੇਗਾ ਨਾ ਕਿ ਕਰਤਾਰਪੁਰ ਕਾਰੀਡੋਰ ਦੇ ਉਦਘਾਟਨ 'ਤੇ ਪਾਕਿਸਤਾਨ ਜਾਵੇਗਾ। ਜ਼ਿਕਰਯੋਗ ਹੈ ਕਿ ਕੋਰੀਡੋਰ ਖੁੱਲ੍ਹਣ 'ਤੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਪਾਸਪੋਰਟ ਜ਼ਰੂਰੀ ਹੋਵੇਗਾ ਪਰ ਵੀਜ਼ਾ ਨਹੀਂ। ਜਥਾ ਕੋਰੀਡੋਰ ਰਾਹੀਂ ਗੁਰਦੁਆਰੇ ਦੇ ਦਰਸ਼ਨਾਂ ਤੋਂ ਬਾਅਦ ਉਸੇ ਦਿਨ ਵਾਪਸ ਭਾਰਤ ਪਰਤੇਗਾ ਜਿੱਥੇ ਸੁਲਤਾਨਪੁਰ ਲੋਧੀ ਵਿਖੇ ਮੁੱਖ ਸਮਾਗਮ ਹੋਣਗੇ। ਡਾ: ਮਨਮੋਹਨ ਸਿੰਘ ਸੁਲਤਾਨਪੁਰ ਵਿਖੇ ਹੋਣ ਵਾਲੇ ਸਮਾਗਮ ਵਿਚ ਵੀ ਸ਼ਿਰਕਤ ਕਰਨਗੇ।

**ਪ੍ਰਕਾਸ਼ ਪੁਰਬ ਲਈ ਕੇਂਦਰ ਨੇ ਪ੍ਰੋਗਰਾਮ ਉਲੀਕੇ -**

ਮਨੁੱਖੀ ਸਰੋਤ ਵਿਕਾਸ ਮੰਤਰੀ ਰਮੇਸ਼ ਪੋਖਰਿਆਲ ਨੇ ਖੁਲਾਸਾ ਕੀਤਾ ਕਿ ਕੇਂਦਰ ਸਰਕਾਰ ਵਲੋਂ ਗੁਰੂ ਨਾਨਕ ਸਾਹਿਬ ਦਾ 550ਵਾਂ ਪ੍ਰਕਾਸ਼ ਪੁਰਬ ਇਕ ਸਾਲ ਮਨਾਉਣ ਵਾਸਤੇ ਕਈ ਪ੍ਰੋਗਰਾਮ ਉਲੀਕੇ ਗਏ ਹਨ। ਇਹ ਪ੍ਰੋਗਰਾਮ ਦੇਸ਼ ਅਤੇ ਵਿਦੇਸ਼ ਵਿਚ ਹੋਣਗੇ।

ਉਨ੍ਹਾਂ ਦੱਸਿਆ ਕਿ ਇਹ ਸਮਾਗਮ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਸਲਾਹ ਨਾਲ ਉਲੀਕੇ ਗਏ ਹਨ ਅਤੇ ਇਸ ਸਬੰਧੀ ਲੋੜੀਂਦੀ ਕਾਰਵਾਈ ਜਾਰੀ ਹੈ। ਉਨ੍ਹਾਂ ਦੱਸਿਆ ਕਿ ਨੈਸ਼ਨਲ ਬੁੱਕ ਟਰਸਟ ਆਫ਼ ਇੰਡੀਆ ਵਲੋਂ ਗੁਰੂ ਨਾਨਕ ਦੇਵ ਦੀ ਬਾਣੀ ਦਾ ਵੱਖ ਵੱਖ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ ਹੈ। ਇਹ ਬਹੁ ਭਾਸ਼ਾਈ ਅਨੁਵਾਦ ਦੇਸ਼ ਦੇ ਵੱਖ ਵੱਖ ਸੂਬਿਆਂ ਵਿਚ ਭੇਜਿਆ ਜਾਵੇਗਾ ਤਾਂ ਜੋ ਲੋਕਾਂ ਨੂੰ ਗੁਰੂ ਸਾਹਿਬ ਦੀ ਬਾਣੀ ਅਤੇ ਸਿਖਿਆਵਾਂ ਬਾਰੇ ਪਤਾ ਲੱਗ ਸਕੇ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸਰਬ ਧਰਮ ਅਧਿਐਨ ਅਤੇ ਖੋਜ ਵਿਭਾਗ ਸਥਾਪਤ ਕਰਨ ਦੀ ਯੋਜਨਾ ਹੈ, ਜਿਸ ਵਾਸਤੇ 482 ਕਰੋੜ ਰੁਪਏ ਰੱਖੇ ਗਏ ਹਨ। ਇਸ ਤੋਂ ਇਲਾਵਾ ਯੂਕੇ ਵਿਚ ਬਰਮਿੰਘਮ ਯੂਨੀਵਰਸਿਟੀ ਅਤੇ ਕੈਨੇਡਾ ਦੀ ਕਨਕੋਰਡੀਆ ਯੂਨੀਵਰਸਿਟੀ ਵਿਚ ਗੁਰੂ ਸਾਹਿਬ ਦੇ ਨਾਂ 'ਤੇ ਚੇਅਰਾਂ ਸਥਾਪਤ ਕਰਨ ਦੀ ਯੋਜਨਾ ਹੈ।

# Sir Speedy Tustin® Printers to the Community




**Outdoor 3'x11' Promo Flag**

**Only $29/-**

Pole & Spike $55/-




**Outdoor 3'x6' Durable Banner**

All weather, durable to sunlight, rain and wear & tear. Text only.

**Only $69/-**




**Receipt Books**

Customized with your information and design. 2 part carbonless with numbering and perforation.

**Call for Price**




**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**




**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

**Your Printed T-Shirts**

**Only $4.99**




1 color in 1 position. Min Qty. 100

**Your Printed Caps**

**Only $4.99**




**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



CALL NOW

## ਪੰਜਾਬ ਜ਼ਿਮਨੀ ਚੋਣਾਂ : ਕਾਂਗਰਸ ਦੀਆਂ ਚਾਰੇ ਪਾਸੇ ਪੌ-ਬਾਰ੍ਹਾਂ

ਇਸ ਤਸਵੀਰ ਦਾ ਦੂਜਾ ਪਹਿਲੂ ਇਹ ਹੈ ਕਿ ਕੈਪਟਨ ਸਰਕਾਰ ਨੇ ਪਿਛਲੀ ਚੋਣ ਵੇਲੇ ਪੰਜਾਬੀਆਂ ਨਾਲ ਵੱਡੇ ਵਾਅਦੇ ਕੀਤੇ ਸਨ ਪਰ ਇਨ੍ਹਾਂ ਵਾਅਦਿਆਂ ਵਿੱਚੋਂ ਇੱਕ ਵੀ ਪੂਰਾ ਨਹੀਂ ਹੋਇਆ। ਇਸ ਕਰਕੇ ਕੈਪਟਨ ਸਰਕਾਰ ਵਿਰੁੱਧ ਮੁਲਾਜ਼ਮਾਂ , ਕਿਸਾਨਾਂ ਅਤੇ ਹੋਰ ਵਰਗਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਇਸ ਲਈ ਕਾਂਗਰਸ ਦੇ ਦਾਅਵਿਆਂ ਦਾ ਪੱਤਾ ਫੇਲ੍ਹ ਵੀ ਹੋ ਸਕਦਾ ਹੈ। ਅਕਾਲੀ ਦਲ ਜਲਾਲਾਬਾਦ ਅਤੇ ਦਾਖਾਂ ਸੀਟ ਜਿੱਤਣ ਦੇ ਵੱਡੇ ਦਾਅਵੇ ਕਰ ਰਿਹਾ ਹੈ। ਇਸ ਦੇ ਬਾਵਜੂਦ ਅਕਾਲੀ ਦਲ ਨੂੰ ਅਜੇ ਵੀ ਬੇਅਦਬੀ ਦੇ ਮੁੱਦੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਜਪਾ ਦੋਹਾਂ ਸੀਟਾਂ ਲਈ ਮੋਦੀ ਲਹਿਰ ਦਾ ਲਾਹਾ ਲੈਣ ਦੀ ਤਾਕ ਵਿੱਚ ਹੈ। ਪਰ ਪੰਜਾਬ ਵਿਚ ਮੋਦੀ ਲਹਿਰ ਦੀ ਕੋਈ ਝਲਕ ਨਹੀਂ ਦਿਖਾਈ ਦੇ ਰਹੀ। ਅਕਾਲੀ ਭਾਜਪਾ ਗਠਜੋੜ ਦੀ ਲੀਡਰਸ਼ਿਪ ਪੰਜਾਬ ਵਿੱਚ ਏਕਤਾ ਦਾ ਜਿੰਨਾ ਮਰਜ਼ੀ ਦਾਅਵਾ ਕਰੇ ਪਰ ਹਕੀਕਤ ਇਹ ਹੈ ਕਿ ਇਸ ਗੱਠਜੋੜ ਅੰਦਰ ਵੀ ਬੇਭਰੋਸਗੀ ਦਾ ਮਹੌਲ ਬਣਿਆ ਹੋਇਆ ਹੈ। ਇਨ੍ਹਾਂ ਚੋਣਾਂ 'ਤੇ ਵੀ ਇਸ ਦਾ ਅਸਰ ਪੈਣਾ ਸੁਭਾਵਿਕ ਹੈ। ਇਨ੍ਹਾਂ ਚਾਰ ਉਪ ਚੋਣਾਂ ਵਿੱਚ ਰਾਜਸੀ ਸਥਿਤੀ ਬਹੁਤ ਹੀ ਦਿਲਚਸਪ ਬਣੀ ਹੋਈ ਹੈ। ਹਾਲ ਦੀ ਘੜੀ ਕਾਂਗਰਸ ਸੱਤਾ ਵਿਚ ਹੋਣ ਕਰ ਕੇ ਲਾਹਾ ਚੁੱਕ ਜਾਣ ਦੀ ਸਥਿਤੀ ਵਿਚ ਹੈ।

## ਕੈਨੇਡਾ ਚੋਣਾਂ ਵਿਚ 70 ਦੇ ਕਰੀਬ ਪੰਜਾਬੀ ਉਮੀਦਵਾਰ

ਪਿਛਲੀ ਵਾਰ 18 ਪੰਜਾਬੀ ਕੈਨੇਡਾ ਦੀ ਪਾਰਲੀਮੈਂਟ ਵਿਚ ਪੁੱਜੇ ਸਨ। ਇਸ ਵਾਰ ਇਨ੍ਹਾਂ ਵਿਚੋਂ 15 ਉਮੀਦਵਾਰ ਮੁੜ ਮੈਦਾਨ ਵਿਚ ਹਨ। ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ, ਨਵਦੀਪ ਸਿੰਘ ਬੈਂਸ, ਅਮਰਜੀਤ ਸਿੰਘ ਸੋਹੀ, ਸ੍ਰੀਮਤੀ ਬਰਦੀਸ਼ ਚੱਗਰ, ਜੋ ਫੈਡਰਲ ਸਰਕਾਰ ਵਿਚ ਮੰਤਰੀ ਹਨ, ਉਹ ਮੁੜ ਮੈਦਾਨ ਵਿਚ ਹਨ। ਸਰੀ ਨਿਊਟਨ ਤੋਂ ਤਿੰਨ ਵਾਰ ਐੱਮ.ਪੀ. ਬਣੇ ਸੁੱਖ ਧਾਲੀਵਾਲ ਮੁੜ ਮੈਦਾਨ ਵਿਚ ਹਨ। ਸ: ਸੱਜਣ ਤੇ ਸੁੱਖ ਧਾਲੀਵਾਲ ਦੇ ਮੁੜ ਜਿੱਤਣ ਦੀਆਂ ਵਧੇਰੇ ਸੰਭਾਵਨਾਵਾਂ ਹਨ। ਇਸ ਵਾਰ ਵੈਨਕੂਵਰ, ਸਰੀ, ਐਬਟਸਫੋਰਡ, ਡੈਲਟਾ, ਲੈਂਗਲੀ, ਕੈਲਗਰੀ, ਐਡਮਿੰਟਨ, ਵਿੰਨੀਪੈਗ, ਸਸਕਟੂਨ, ਬਰੈਂਪਟਨ, ਮਿਸੀਸਾਗਾ, ਮਾਂਟਰੀਅਲ, ਲਾਸਾਲ ਖੇਤਰਾਂ ਵਿਚ ਪੰਜਾਬੀ ਉਮੀਦਵਾਰ ਚੋਣ ਮੈਦਾਨ ਵਿਚ ਡਟੇ ਹੋਏ ਹਨ। ਘੱਟੋ-ਘੱਟ 30 ਹਲਕੇ ਅਜਿਹੇ ਸਮਝੇ ਜਾਂਦੇ ਹਨ, ਜਿੱਥੇ ਜਿੱਤ-ਹਾਰ ਦਾ ਤਵਾਜ਼ਨ ਪੰਜਾਬੀ ਵੋਟਰਾਂ ਦਾ ਝੁਕਾਅ ਤੈਅ ਕਰੇਗਾ।

### ਪੰਜਾਬੀ ਭਾਈਚਾਰੇ ਦੇ ਮਸਲੇ -

ਫੈਡਰਲ ਚੋਣਾਂ ਵਿਚ ਪੰਜਾਬੀ ਭਾਈਚਾਰੇ ਦੇ ਤਿੰਨ ਉਭਰਵੇਂ ਮਸਲੇ ਹਨ। ਪਹਿਲਾ ਮਸਲਾ ਵੈਨਕੂਵਰ ਤੇ ਨੇੜਲੇ ਖੇਤਰਾਂ ਵਿਚ ਪੰਜਾਬੀ ਨੌਜਵਾਨਾਂ ਅੰਦਰ ਚਲਦੀ ਆ ਰਹੀ ਗੈਂਗਵਾਰ ਨਾਲ ਨਜਿੱਠਣ ਦਾ ਹੈ। ਸਰਕਾਰੀ ਅੰਕੜਿਆਂ ਮੁਤਾਬਕ ਪਿਛਲੇ ਦਹਾਕੇ ਦੌਰਾਨ 200 ਤੋਂ ਵਧੇਰੇ ਪੰਜਾਬੀ ਨੌਜਵਾਨ ਹਿੰਸਾ ਦਾ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਜਾ ਪਏ ਹਨ। ਪਿਛਲੇ ਵਰ੍ਹੇ ਪੰਜਾਬੀ ਭਾਈਚਾਰੇ ਨੇ 'ਸਰੀ ਵਾਲਿਓ ਜਾਗੋ' ਨਾਂਅ ਦੀ ਮੁਹਿੰਮ ਵੀ ਇਸ ਗੈਂਗ ਹਿੰਸਾ ਵਿਰੁੱਧ ਆਰੰਭ ਕੀਤੀ ਸੀ ਤੇ ਇਸ ਨੂੰ ਵੱਡਾ ਹੁੰਗਾਰਾ ਵੀ ਮਿਲਿਆ ਸੀ। ਇਹ ਮਾਮਲਾ ਇਨ੍ਹਾਂ ਚੋਣਾਂ ਵਿਚ ਵੀ ਉੱਭਰ ਰਿਹਾ ਹੈ। ਕੈਨੇਡਾ ਵਿਚ ਹੋ ਰਹੀ ਇੰਮੀਗ੍ਰੇਸ਼ਨ ਨੂੰ ਲੈ ਕੇ ਪੰਜਾਬੀ ਭਾਈਚਾਰਾ ਦੋਫਾੜ ਹੈ। ਚਿਰਾਂ ਤੋਂ ਵਿਛੜੇ ਪਰਿਵਾਰਾਂ ਦੇ ਬਜ਼ੁਰਗਾਂ, ਬੱਚਿਆਂ ਦੇ ਕੈਨੇਡਾ ਪੁੱਜਣ ਤੋਂ ਅਜਿਹੇ ਪਰਿਵਾਰ ਬੇਹੱਦ ਖੁਸ਼ ਹਨ ਜਾਂ ਨਵੇਂ ਆ ਰਹੇ ਵਿਦਿਆਰਥੀਆਂ ਤੋਂ ਇਕ ਹਿੱਸਾ ਖੁਸ਼ ਹੈ ਤੇ ਕੁਝ ਲੋਕ ਚਿੜ ਮਹਿਸੂਸ ਕਰ ਰਹੇ ਹਨ। ਚਿੜ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਵੱਡੀ ਗਿਣਤੀ ਵਿਚ ਆ ਰਹੇ ਵਿਦਿਆਰਥੀ ਕੈਨੇਡਾ ਦਾ ਸਮੁੱਚਾ ਸੰਚਾਲਨ ਤੇ ਚਾਲ-ਚਲਨ ਵਿਗਾੜ ਰਹੇ ਹਨ ਤੇ ਇੰਮੀਗ੍ਰੇਸ਼ਨ ਦੀ ਨਰਮ ਨੀਤੀ ਕਾਰਨ ਸੈਲਾਨੀ ਵੀਜ਼ੇ ਉੱਪਰ ਆ ਕੇ ਕੰਮ ਕਰਨ ਵਾਲੇ ਲੋਕ ਉਨ੍ਹਾਂ ਦੇ ਰੁਜ਼ਗਾਰ ਨੂੰ ਲੱਤ ਮਾਰ ਰਹੇ ਹਨ। ਪਰ ਫਿਰ ਵੀ ਵੱਡੀ ਗਿਣਤੀ ਪੰਜਾਬੀ ਭਾਈਚਾਰਾ ਟਰੂਡੋ ਦੀਆਂ ਨੀਤੀਆਂ ਦਾ ਹੀ ਕਾਇਲ ਨਜ਼ਰ ਆ ਰਿਹਾ ਹੈ।

### ਕਿਸੇ ਇਕ ਰਾਜਨੀਤਕ ਪਾਰਟੀ ਦੀ ਜਿੱਤ ਬਾਰੇ ਬੇਯਕੀਨੀ ਬਰਕਰਾਰ -

ਅਜੇ ਤੱਕ ਕਿਸੇ ਇਕ ਰਾਜਨੀਤਕ ਪਾਰਟੀ ਦੀ ਜਿੱਤ ਬਾਰੇ ਬੇਯਕੀਨੀ ਬਰਕਰਾਰ ਹੈ। 2015 ਵਿਚ ਲਿਬਰਲ ਪਾਰਟੀ ਨੂੰ ਨੌਜਵਾਨਾਂ, ਔਰਤਾਂ ਤੇ ਪ੍ਰਵਾਸੀ ਭਾਈਚਾਰਿਆਂ ਦੀ ਵੋਟ ਦਾ ਲਾਭ ਹੋਇਆ ਸੀ ਤੇ 184 ਉੱਪਰ ਜਿੱਤ ਹੋ ਗਈ ਸੀ ਪਰ ਇਸ ਵਾਰ ਅਜੇ ਤੱਕ ਵੋਟਰਾਂ ਵਿਚ ਕਿਸੇ ਪਾਰਟੀ ਪ੍ਰਤੀ ਉਲਾਰ ਅਜੇ ਨਜ਼ਰ ਨਹੀਂ ਆ ਰਿਹਾ। ਹਾਲ ਦੀ ਘੜੀ ਲਿਬਰਲ ਤੇ ਕੰਜ਼ਰਵੇਟਿਵ ਪਾਰਟੀ ਵਿਚਕਾਰ ਬੜੀ ਕਾਂਟੇ ਦੀ ਟੱਕਰ ਦੱਸੀ ਜਾ ਰਹੀ ਹੈ ਪਰ ਕਿਸੇ ਇਕ ਦੇ ਬਹੁਮਤ ਪ੍ਰਾਪਤ ਕਰਨ ਦੇ ਸਮਰੱਥ ਹੋਣ ਬਾਰੇ ਅਜੇ ਸਥਿਤੀ ਸਪਸ਼ਟ ਨਹੀਂ ਹੈ। ਗਰੀਨ ਪਾਰਟੀ ਜੋ ਅਜੇ ਤੱਕ ਸੰਸਦ ਵਿਚ ਕਦੇ ਦੋ ਸੀਟਾਂ ਤੋਂ ਵੱਧ ਨਹੀਂ ਜਿੱਤ ਸਕੀ, ਦੀ ਹਾਲਤ ਇਸ ਵਾਰੀ ਕੁਝ ਮਜ਼ਬੂਤ ਹੈ ਤੇ ਨਿਊ ਡੈਮੋਕਰੈਟਿਕ ਪਾਰਟੀ ਦੇ ਕੁਝ ਵੋਟਰ ਗਰੀਨ ਵੱਲ ਝੁਕ ਸਕਦੇ ਹਨ। ਲਿਬਰਲ ਪਾਰਟੀ ਨਾਲ ਨਾਰਾਜ਼ ਵੋਟਰ ਐਨਡੀਪੀ ਤੇ ਗਰੀਨ ਵਿਚ ਵੰਡੇ ਜਾ ਸਕਦੇ ਹਨ। ਕੰਜ਼ਰਵੇਟਿਵ ਪਾਰਟੀ ਦਾ ਕੈਨੇਡਾ ਦੇ ਪੇਂਡੂ ਖੇਤਰਾਂ ਵਿਚ ਬੱਝਵਾਂ ਆਧਾਰ ਹੈ ਪਰ ਸ਼ਹਿਰੀ ਹਲਕੇ ਜਿੱਤਣ ਤੋਂ ਬਿਨਾਂ ਕੋਈ ਪਾਰਟੀ ਕੈਨੇਡਾ ਵਿਚ ਸਰਕਾਰ ਨਹੀਂ ਬਣਾ ਸਕਦੀ।

ਪ੍ਰਵਾਸੀ ਭਾਈਚਾਰਿਆਂ ਵਿਸ਼ੇਸ਼ ਤੌਰ 'ਤੇ ਮੁਸਲਿਮ ਤੇ ਸਿੱਖਾਂ ਦਾ ਬਹੁਤ ਉਲਾਰ ਆਮ ਤੌਰ 'ਤੇ ਲਿਬਰਲ ਪਾਰਟੀ ਵੱਲ ਹੋਇਆ ਕਰਦਾ ਹੈ ਪਰ ਇਸ ਵਾਰ ਸਿੱਖ ਵੋਟ ਮੁੱਖ ਤੌਰ 'ਤੇ ਲਿਬਰਲ, ਐਨ.ਡੀ.ਪੀ. (ਮੁੱਖ ਤੌਰ 'ਤੇ ਜਗਮੀਤ ਸਿੰਘ ਕਰਕੇ) ਤੇ ਕੰਜ਼ਰਵੇਟਿਵ ਪਾਰਟੀ ਵਿਚ ਵੰਡੀ ਜਾਵੇਗੀ।

ਜੇਕਰ ਨਵੇਂ ਸਰਵੇਖਣ ਨੂੰ ਵੇਖਿਆ ਜਾਵੇ ਤਾਂ ਪਿਛਲੇ ਹਫ਼ਤੇ ਕੰਜ਼ਰਵੇਟਿਵ ਪਾਰਟੀ ਜਿਸ ਦੀ ਅਗਵਾਈ ਐਂਡਰਿਊ ਸ਼ੀਅਰ ਕਰ ਰਹੇ ਹਨ ਉਹ ਕਿਊਬਕ ਵਿਚ ਲਿਬਰਲ ਪਾਰਟੀ ਨਾਲੋਂ ਕੁਝ ਅੱਗੇ ਚੱਲ ਰਹੀ ਸੀ ਪਰ ਬੀਤੀ ਰਾਤ ਨਵੇਂ ਸਰਵੇਖਣ ਮੁਤਾਬਿਕ ਲਿਬਰਲ ਨੇ ਉਸ ਨੂੰ ਪਛਾੜ ਦਿੱਤਾ ਤੇ ਹੁਣ ਇਹ ਪਾਰਟੀ ਅੱਗੇ ਚੱਲ ਰਹੀ ਹੈ, ਕਿਉਂਕਿ ਇਸ ਸੂਬੇ ਤੋਂ ਹੀ ਵੱਧ ਸੀਟਾਂ ਜਿੱਤਣ ਵਾਲੀ ਪਾਰਟੀ ਕੇਂਦਰ ਵਿਚ ਸਰਕਾਰ ਬਣਾਉਂਦੀ ਹੈ ਤੇ ਉਸ ਤੋਂ ਘੱਟ ਉਂਟਾਰੀਓ ਹੈ ਜਿਥੇ ਲਿਬਰਲ ਪਹਿਲਾਂ ਹੀ ਵਿਰੋਧੀ ਪਾਰਟੀ ਤੋਂ ਅੱਗੇ ਚੱਲ ਰਹੀ ਹੈ। ਪਿਛਲੇ ਦਿਨੀਂ ਅਲਬਰਟਾ ਦੇ ਐਡਮਿੰਟਨ ਵਿਚ ਕੰਜ਼ਰਵੇਟਿਵ ਪਾਰਟੀ ਦਾ ਉਮੀਦਵਾਰ ਲਿਬਰਲ ਨਾਲੋਂ ਕਾਫ਼ੀ ਅੱਗੇ ਸੀ ਪਰ ਜਿਵੇਂ-ਜਿਵੇਂ ਵੋਟਾਂ ਦੇ ਦਿਨ ਨਜ਼ਦੀਕ ਆ ਰਹੇ ਹਨ ਲਿਬਰਲ ਦਾ ਉਮੀਦਵਾਰ ਮੁਕਾਬਲੇ ਵਿਚ ਆ ਗਿਆ। ਕੈਨੇਡਾ ਦੇ ਲੋਕ ਇਹ ਸੋਚ ਕੇ ਆਪਣੀ ਵੋਟ ਪਾਉਂਦੇ ਹਨ ਕਿ ਜੇਕਰ ਕੇਂਦਰ ਵਿਚ ਜਿਸ ਉਮੀਦਵਾਰ ਦੀ ਸਰਕਾਰ ਬਣਦੀ ਹੈ ਤਾਂ ਮੈਂਬਰ ਪਾਰਲੀਮੈਂਟ ਵੀ ਉਸ ਪਾਰਟੀ ਦਾ ਚੁਣਿਆ ਜਾਣਾ ਤੈਅ ਹੁੰਦਾ ਹੈ। ਇਹ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਜੇਕਰ ਲਿਬਰਲ ਪਾਰਟੀ ਨੂੰ ਪੂਰਾ ਬਹੁਮਤ ਨਹੀਂ ਮਿਲਦਾ ਤਾਂ ਉਹ ਐਨ. ਡੀ. ਪੀ. ਪਾਰਟੀ ਤੋਂ ਸਮਰਥਨ ਲੈ ਸਕਦੀ ਹੈ। ਜਿਸ ਦੇ ਮੁਖੀ ਜਗਮੀਤ ਸਿੰਘ ਹਨ ਤੇ ਉਹ ਕਹਿ ਚੁੱਕੇ ਹਨ ਕਿ ਉਹ ਲੋੜ ਪੈਣ 'ਤੇ ਆਪਣਾ ਸਮਰਥਨ ਲਿਬਰਲ ਪਾਰਟੀ ਨੂੰ ਦੇ ਸਕਦੇ ਹਨ ਪਰ ਇਸ ਦੇ ਉਲਟ ਉਹ ਕੰਜ਼ਰਵੇਟਿਵ ਨੂੰ ਸਮਰਥਨ ਕਦੇ ਵੀ ਨਹੀਂ ਦੇਣਗੇ। ਰਾਜਨੀਤਕ ਪੰਡਤ ਇਹ ਵੀ ਅਨੁਮਾਨ ਲਗਾ ਰਹੇ ਹਨ ਕਿ ਜੇਕਰ ਲਿਬਰਲ ਐਨਡੀਪੀ ਦੀ ਮਦਦ ਨਾਲ ਸਰਕਾਰ ਬਣਾਉਂਦੀ ਹੈ ਤਾਂ ਕੈਨੇਡਾ ਦੇ ਇਤਿਹਾਸ ਵਿਚ ਪਹਿਲਾ ਸਿੱਖ ਉਪ ਪ੍ਰਧਾਨ ਮੰਤਰੀ ਜਗਮੀਤ ਸਿੰਘ ਦੇ ਰੂਪ ਵਿਚ ਹੋ ਸਕਦਾ ਹੈ ਤੇ ਭਾਰਤੀ ਸੰਸਦਾਂ ਦੀ ਕੈਨੇਡਾ ਦੀ ਸਰਕਾਰ ਵਿਚ ਕਾਫ਼ੀ ਪਕੜ ਹੋਵੇਗੀ ਜੋ ਭਾਰਤੀਆਂ ਲਈ ਵੱਡੀ ਖ਼ੁਸ਼ੀ ਦੀ ਗੱਲ ਹੋਵੇਗੀ।

## ਚੋਣਾਂ ਕੈਨੇਡਾ ਦੀਆਂ ਅਰਦਾਸਾਂ ਪੰਜਾਬ 'ਚ

ਲੁਧਿਆਣਾ/ਏਟੀ ਨਿਊਜ਼ : ਸਾਲ 2015 ਵਿੱਚ ਚੋਣ ਜਿੱਤਣ ਵਾਲੇ ਲਿਬਰਲ ਪਾਰਟੀ ਆਫ਼ ਕੈਨੇਡਾ ਦੇ ਆਗੂ ਤੇ ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਇਸ ਵਾਰ ਫਿਰ ਚੋਣਾਂ ਵਿੱਚ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦੌੜ ਵਿੱਚ ਹਨ ਜਿਨ੍ਹਾਂ ਦੀ ਜਿੱਤ ਲਈ ਕੈਨੇਡਾ ਦੇ ਨਾਲ ਹੀ ਪੰਜਾਬ ਵਿੱਚ ਵੀ ਅਰਦਾਸਾਂ ਹੋ ਰਹੀਆਂ ਹਨ। ਪਿੰਡਾਂ ਤੇ ਆਈਲੈਟਸ ਸੈਂਟਰਾਂ ਵਿੱਚ ਰੋਜ਼ਾਨਾ ਕੈਨੇਡਾ ਵਿੱਚ ਹੋਣ ਵਾਲੀਆਂ ਚੋਣਾਂ ਦੀ ਹੀ ਗੱਲ ਹੋ ਰਹੀ ਹੈ। ਲੋਕਾਂ ਦਾ ਮੰਨਣਾ ਹੈ ਕਿ ਅਗਲੇ ਸਾਲ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦਾ ਭਵਿੱਖ ਸਿੱਧੇ ਤੌਰ 'ਤੇ ਕੈਨੇਡਾ ਵਿੱਚ ਨਵੇਂ ਚੁਣੇ ਜਾਣ ਵਾਲੇ ਪ੍ਰਧਾਨ ਮੰਤਰੀ 'ਤੇ ਹੀ ਨਿਰਭਰ ਕਰੇਗਾ। ਦੱਸ ਦਈਏ ਕਿ 2015 ਤੋਂ ਪਹਿਲਾਂ ਕੈਨੇਡਾ ਵਿੱਚ ਵਿਦਿਆਰਥੀ ਵੀਜ਼ੇ ਲਈ ਸਖ਼ਤ ਨਿਯਮ ਸਨ ਪਰ ਜਸਟਿਨ ਟਰੂਡੋ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪਹਿਲੇ ਸਾਲ ਹੀ 80 ਹਜ਼ਾਰ ਵਿਦਿਆਰਥੀਆਂ ਨੂੰ ਵੀਜ਼ਾ ਦਿੱਤਾ ਗਿਆ ਸੀ। ਇਸ ਤੋਂ ਅਗਲੇ ਸਾਲ ਡੇਢ ਲੱਖ ਵਿਦਿਆਰਥੀਆਂ ਨੂੰ ਵੀਜ਼ਾ ਦਿੱਤਾ ਗਿਆ। ਲਿਬਰਲ ਪਾਰਟੀ ਹਮੇਸ਼ਾ ਇਮੀਗ੍ਰੇਸ਼ਨ ਲਈ ਨਰਮ ਰਵੱਈਆ ਰੱਖਦੀ ਆਈ ਹੈ। ਇਸ ਸਮੇਂ ਪੰਜਾਬ ਦੇ ਜ਼ਿਆਦਾਤਰ ਵਿਦਿਆਰਥੀ ਪੜ੍ਹਨ ਲਈ ਕੈਨੇਡਾ ਵੱਲ ਰੁਖ਼ ਕਰ ਰਹੇ ਹਨ। ਕੈਨੇਡਾ ਵਿਚ ਮੁੱਖ ਮੁਕਾਬਲਾ ਲਿਬਰਲ ਪਾਰਟੀ ਤੇ ਕੰਜ਼ਰਵੇਟਿਵ ਪਾਰਟੀ ਵਿੱਚ ਹੈ।

## ਸ਼ਹੀਦ ਸੰਦੀਪ ਸਿੰਘ ਧਾਲੀਵਾਲ ਨਮਿਤ ਸਾਰੇ ਅਮਰੀਕਾ 'ਚ ਸ਼ੋਕ ਸਮਾਗਮ

ਉਨ੍ਹਾਂ ਕਿਹਾ,"ਸਾਡਾ ਸ਼ੇਰ ਸਰੀਰਕ ਤੌਰ 'ਤੇ ਚਲਾ ਜਾ ਸਕਦਾ ਹੈ, ਪਰ ਉਸ ਦੀ ਨਿਰਸਵਾਰਥ ਸੇਵਾ ਅਤੇ ਰੁਕਾਵਟਾਂ ਨੂੰ ਤੋੜਨ ਵਾਲੀ ਵਿਰਾਸਤ ਬਣੀ ਰਹੇਗੀ। " ਇਸ ਮੌਕੇ ਦੋ ਤਰ੍ਹਾਂ ਨਾਲ, ਜਿਨ੍ਹਾਂ ਇੱਕ ਸਿੱਖ ਧਰਮ ਦੀ ਰਹਿਤ ਮਰਿਆਦਾ ਮੁਤਾਬਕ ਤੇ ਦੂਸਰਾ ਸਰਕਾਰੀ ਲਾਅ ਇਨਫੋਰਸਮੈਂਟ ਦੀ ਜਲੂਸ ਰੂਪੀ ਪ੍ਰਕਿਰਿਆ ਹੋਈ। ਅੰਤਮ ਸਸਕਾਰ ਦੌਰਾਨ ਪੁਲੀਸ ਅਧਿਕਾਰੀਆਂ ਦੁਆਰਾ 21 ਤੋਪਾਂ ਦੀ ਸਲਾਮੀ ਅਤੇ ਇਕ ਹੈਲੀਕਾਪਟਰ ਫਲਾਈਓਵਰ ਸ਼ਾਮਲ ਸਨ। ਜਲੂਸ ਦਾ ਰਸਤਾ ਨੀਲੇ ਅਤੇ ਚਿੱਟੇ ਰੰਗਾਂ 'ਚ ਰੰਗਿਆ ਗਿਆ ਸੀ ਤੇ ਸੰਦੀਪ ਸਿੰਘ ਧਾਲੀਵਾਲ ਦੀ ਪ੍ਰਸ਼ੰਸਾ 'ਚ ਨੀਲੇ ਅਤੇ ਚਿੱਟੇ ਰੰਗਾਂ ਵਿਚ ਲਿਖਿਆ ਗਿਆ ਸੀ, "ਹਮੇਸ਼ਾ ਸਾਡੇ ਦਿਲਾਂ ਵਿਚ" ਅਤੇ "ਲਵਿੰਗ ਮੈਮੋਰੀ ਆਫ ਡਿਪਟੀ ਧਾਲੀਵਾਲ। "

ਸਿੱਖ ਨੈਸ਼ਨਲ ਸੈਂਟਰ ਨੇ ਸਮਾਰੋਹ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਹੈਰੀਸ ਕਾਉਂਟੀ ਸ਼ੈਰਿਫ ਦੇ ਦਫਤਰ ਦੀ ਵਰਦੀ ਵਾਂਗ ਹੀ ਨੇਵੀ ਦਾ ਨੀਲਾ ਰੰਗ ਪਹਿਨਣ ਲਈ ਕਿਹਾ ਗਿਆ ਸੀ।

ਸੈਨੇਟਰ ਟੇਡ ਕਰੂਜ਼, ਟੈਕਸਾਸ ਨੇ ਸਮਾਰੋਹ ਦੌਰਾਨ ਹਜ਼ਾਰਾਂ ਲੋਕਾਂ ਨੂੰ ਖਾਸ ਕਰ ਧਾਲੀਵਾਲ ਦੀ ਪਤਨੀ ਅਤੇ ਤਿੰਨ ਬੱਚਿਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਭਾਈਚਾਰਾ "ਤੁਹਾਡਾ ਸਮਰਥਨ ਕਰਦਾ ਹੈ ਅਤੇ ਤੁਹਾਨੂੰ ਉੱਪਰ ਚੁੱਕਦਾ ਹੈ।" ਕਰੂਜ਼ ਨੇ ਕਿਹਾ, "ਅਸੀਂ ਤੁਹਾਡੇ ਪਿਤਾ ਦੀ ਸੇਵਾ ਅਤੇ ਉਸ ਦੀ ਕੁਰਬਾਨੀ ਅਤੇ ਉਸ ਦੀ ਵਿਰਾਸਤ ਲਈ ਧੰਨਵਾਦੀ ਹਾਂ। " ਧਾਲੀਵਾਲ ਤਿੰਨ ਬੱਚਿਆਂ ਦਾ ਪਿਤਾ ਸੀ ਤੇ 10 ਸਾਲ ਪਹਿਲਾਂ ਫੋਰਸ ਵਿਚ ਸ਼ਾਮਲ ਹੋਇਆ ਸੀ ਅਤੇ ਡਿਊਟੀ ਦੌਰਾਨ ਦਸਤਾਰ ਸਜਾਉਣ ਦੀ ਇਜਾਜ਼ਤ ਪ੍ਰਾਪਤ ਕਰਨ ਵਾਲੇ ਰਾਜ ਦਾ ਪਹਿਲਾ ਪੁਲਿਸ ਅਧਿਕਾਰੀ ਸੀ। ਹੈਰਿਸ ਕਾਉਂਟੀ ਸ਼ੈਰਿਫ ਐਡ ਗੋਂਜ਼ਾਲੇਜ ਨੇ ਧਾਲੀਵਾਲ ਨੂੰ ਸਮਰਪਣ, ਵਿਸ਼ਵਾਸ, ਪਿਆਰ ਅਤੇ ਹਮਦਰਦੀ ਵਾਲਾ ਆਦਮੀ ਦੱਸਿਆ। ਨਿਊਜਰਸੀ ਦੇ ਅਟਾਰਨੀ ਜਨਰਲ ਗੁਰਬੀਰ ਗਰੇਵਾਲ, ਜੋ ਪਹਿਲੇ ਸਿੱਖ ਅਟਾਰਨੀ ਜਨਰਲ ਹਨ, ਨੇ ਕਿਹਾ ਕਿ ਧਾਲੀਵਾਲ ਨੇ ਸਿੱਖਾਂ ਦੀ ਇਕ ਪੂਰੀ ਪੀੜ੍ਹੀ ਨੂੰ ਲੋਕ ਸੇਵਾ ਲਈ ਪ੍ਰੇਰਿਤ ਕੀਤਾ।

ਇਨ੍ਹਾਂ ਸੇਵਾਵਾਂ ਦੌਰਾਨ ਪਹਿਲਾਂ ਸੋਮਵਾਰ ਨੂੰ ਧਾਲੀਵਾਲ ਲਈ ਸ਼ੈਰਿਫ ਦੇ ਦਫਤਰ ਦੁਆਰਾ ਇਕ ਮੋਮਬੱਤੀ ਰੌਸ਼ਨੀ ਦੇ ਪ੍ਰੋਗਰਾਮ ਦਾ ਪ੍ਰਬੰਧ ਵੀ ਕੀਤਾ ਗਿਆ ਸੀ, ਜਿਸ ਵਿਚ ਸੈਂਕੜੇ ਲੋਕਾਂ ਨੇ ਸ਼ਮੂਲੀਅਤ ਕੀਤੀ ਸੀ। ਇਸ ਤੋਂ ਇਲਾਵਾ ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ ਵਿਖੇ ਇਕ 48 ਘੰਟੇ ਦਾ ਧਾਰਮਿਕ ਸਮਾਗਮ ਰੱਖਿਆ ਗਿਆ।

"ਸਿੱਖ ਕੋਲੀਸ਼ਨ"ਦੇ ਸਿਮਰਨਜੀਤ ਸਿੰਘ ਨੇ ਕਿਹਾ ਕਿ ਉਹ ਕੌਮ ਦਾ ਇਕ ਹੀਰਾ ਸੀ। ਉਹ ਇੱਕ ਸੁੰਦਰ ਰੂਹ ਸੀ। ਜਿਹੜਾ ਵੀ ਉਸ ਨੂੰ ਜਾਣਦਾ ਸੀ, ਉਹ ਉਸ ਦੀ ਪ੍ਰਸ਼ੰਸਾ ਕਰਦਾ ਦੇਖਿਆ ਗਿਆ।ਜਿਥੇ ਬੇਰੀ ਸੈਂਟਰ ਵਿਖੇ ਸੰਦੀਪ ਸਿੰਘ ਧਾਲੀਵਾਲ ਦਾ ਅੰਤਮ ਸੰਸਕਾਰ ਕੀਤਾ ਗਿਆ, ਉਥੇ 8000 ਲੋਕ ਬੈਠ ਸਕਦੇ ਸਨ ਪਰ ਭੀੜ ਵਧਣ ਕਾਰਣ ਜਗ੍ਹਾ ਘਟ ਗਈ ਸੀ। ਅੰਤਿਮ ਰਸਮਾਂ ਨੂੰ ਕਈ ਟੀਵੀ ਚੈਨਲਾਂ, ਫੇਸਬੁੱਕ, ਟਵਿੱਟਰ ਅਤੇ ਯੂ-ਟਿਊਬ 'ਤੇ ਲਾਈਵ ਕੀਤਾ ਗਿਆ ਸੀ। ਧਾਲੀਵਾਲ ਨੂੰ ਗੋਲੀਆਂ ਮਾਰਨ ਵਾਲਾ ਸੋਲਿਸ ਇਕ ਹੋਰ ਕੇਸ ਵਿਚ ਜੇਲ੍ਹ ਵਿਚੋਂ ਮਿਲੀ ਪੈਰੋਲ ਦੀ ਉਲੰਘਣਾ ਕਾਰਨ ਗ੍ਰਿਫਤਾਰੀ ਲਈ ਵਾਰੰਟ 'ਤੇ ਸੀ। ਉਸ ਦੀ ਇਹ ਕਰਤੂਤ ਮੁੜ ਫਿਰ ਉਸ ਨੂੰ ਜੇਲ੍ਹ ਲੈ ਗਈ। ਸੋਲਿਸ, ਜਿਸ 'ਤੇ ਕੈਪੀਟਲ ਕਤਲ ਦਾ ਇਲਜ਼ਾਮ ਲਗਾਇਆ ਗਿਆ ਸੀ, ਨੂੰ ਇਕ ਗਵਾਹ ਦੁਆਰਾ ਦੱਸੀ ਗਈ ਨਿਸ਼ਾਨੀ ਤੋਂ ਬਾਅਦ ਨੇੜਲੇ ਗਰੋਸਰੀ ਸਟੋਰ ਦੀ ਪਾਰਕਿੰਗ ਵਿਚੋਂ ਗ੍ਰਿਫਤਾਰ ਕੀਤਾ ਗਿਆ ਸੀ। ਸੋਲਿਸ ਦੀ ਪਹਿਲੀ ਸੁਣਵਾਈ ਦੌਰਾਨ ਹੈਰਿਸ ਕਾਉਂਟੀ ਦੇ ਜੱਜ ਕ੍ਰਿਸ ਮੋਰਟਨ ਨੇ ਕਾਫੀ ਸਖ਼ਤ ਬੋਲਿਆ। ਇਸ ਕਰ ਕੇ ਮੰਨਿਆ ਜਾ ਰਿਹਾ ਹੈ ਕਿ ਉਸ ਨੂੰ ਮੌਤ ਦੀ ਸਜ਼ਾ ਹੋਵੇਗੀ।

## ਪੰਜਾਬ ਵਿਚ ਅਵਾਰਾ ਪਸ਼ੂਆਂ ਦਾ ਕਹਿਰ

ਗਊ ਸੈੱਸ ਉਗਰਾਹਿਆ ਜਾ ਰਿਹਾ ਹੈ। ਪਰ ਅਵਾਰਾ ਪਸ਼ੂਆਂ ਦੀ ਸਮੱਸਿਆ ਅਜੇ ਵੀ ਜਿਉਂ ਦੀ ਤਿਉਂ ਹੈ। ਇਸ ਟੈਕਸ ਦਾ ਸਹੀ ਉਪਯੋਗ ਕਰ ਕੇ ਲੋਕਾਂ ਦਾ ਸਾਹ ਸੌਖਾ ਕਰਨਾ ਚਾਹੀਦਾ ਹੈ। ਸ਼ਹਿਰ ਵਿੱਚ ਅਵਾਰਾ ਪਸ਼ੂਆਂ ਦੀ ਗਿਣਤੀ ਮੁਤਾਬਕ ਹੀ ਗਊਸ਼ਾਲਾ ਨੂੰ ਗਰਾਂਟ ਦਿੱਤੀ ਜਾਣੀ ਚਾਹੀਦੀ ਹੈ। ਜੇ ਉਹ ਪਸ਼ੂਆਂ ਨੂੰ ਗਊਸ਼ਾਲਾ ਵਿੱਚ ਰੱਖ ਹੀ ਨਹੀਂ ਰਹੇ ਤਾਂ ਫਿਰ ਗਰਾਂਟ ਦੇਣ ਦਾ ਕੀ ਫਾਇਦਾ? ਇਸ ਤੋਂ ਇਲਾਵਾ ਸਾਹਨਾਂ-ਢੱਠਿਆਂ ਦੀਆਂ ਅਲੱਗ ਗਊਸ਼ਾਲਾ ਬਣਾਉਣੀਆਂ ਚਾਹੀਦੀਆਂ ਹਨ ਜਿੱਥੇ ਇਹ ਇੱਕ ਦੂਸਰੇ ਨਾਲ ਨਾ ਭਿੜਨ। ਬਿਸ਼ਨੋਈਆਂ ਦੇ ਖੇਤਰ ਵਿੱਚ ਹਿਰਨ ਅਤੇ ਨੀਲ ਗਾਵਾਂ ਅਜ਼ਾਦ ਘੁੰਮਦੀਆਂ ਹਨ। ਉਹ ਨਾ ਤਾਂ ਇਹਨਾਂ ਨੂੰ ਆਪ ਮਾਰਦੇ ਹਨ ਤੇ ਨਾ ਕਿਸੇ ਨੂੰ ਮਾਰਨ ਦਿੰਦੇ ਹਨ। ਇਸੇ ਤਰ੍ਹਾਂ ਗਊ ਰਕਸ਼ਕ ਜਥੇਬੰਦੀਆਂ ਨੂੰ ਆਪਣੇ ਹਰ ਮੈਂਬਰ ਦੇ ਘਰ 2-2, 4-4 ਗਾਵਾਂ ਬੰਨ੍ਹ ਕੇ ਸੇਵਾ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਅਵਾਰਾ ਪਸ਼ੂਆਂ ਦੀ ਸਮੱਸਿਆ ਆਪਣੇ ਆਪ ਖਤਮ ਹੋ ਜਾਵੇਗੀ। ਪੰਜਾਬ ਵਿੱਚ ਸਰਕਾਰੀ ਜ਼ਮੀਨ ਬਹੁਤ ਹੀ ਘੱਟ ਹੈ ਪਰ ਜੰਗਲੀ ਰੱਖਾਂ ਕਾਫੀ ਹਨ। ਅਵਾਰਾ ਪਸ਼ੂ ਰੱਖਣ ਲਈ ਸਰਕਾਰੀ ਰੱਖਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਜਿੱਥੇ ਉਹ ਆਪਣੀ ਜ਼ਿੰਦਗੀ ਅਰਾਮ ਨਾਲ ਕੱਟਣ। ਇਸ ਤੋਂ ਇਲਾਵਾ ਡੇਅਰੀ ਵਾਲਿਆਂ ਨੂੰ ਵੀ ਚਾਹੀਦਾ ਹੈ ਕਿ ਪਸ਼ੂਆਂ ਨੂੰ ਫੰਡਰ ਹੋਣ ਤੋਂ ਬਾਅਦ ਬੇਰਹਿਮੀ ਨਾਲ ਘਰੋਂ ਨਾ ਕੱਢਣ। ਜਿਵੇਂ ਅਸੀਂ ਆਪਣੇ ਬਜ਼ੁਰਗਾਂ ਦੀ ਸੇਵਾ ਕਰਦੇ ਹਾਂ, ਇਸੇ ਤਰ੍ਹਾਂ ਦੁੱਧੋਂ ਭੱਜੇ ਜਾਨਵਰ ਦੀ ਸੇਵਾ ਕਰੀਏ। ਇਸ ਨਾਲ ਸਮੱਸਿਆ ਤੋਂ ਵੀ ਨਿਜ਼ਾਤ ਮਿਲੇਗੀ ਤੇ ਸਾਡੀ ਧਾਰਮਿਕ ਆਸਥਾ ਮੁਤਾਬਕ ਪੁੰਨ ਵੀ ਖੱਟਾਂਗੇ।

## ਬੁਰਾ ਸੁਪਨਾ ਸਾਬਤ ਹੋਵੇਗੀ ਬਾਦਲ ਦਲ ਲਈ ਭਾਜਪਾ

ਅਣਗੌਲਿਆ ਕਰ ਰਹੀ ਹੈ ਤਾਂ ਹਰਿਆਣੇ ਵਾਲਾ ਫੈਸਲਾ ਪੰਜਾਬ ਵਿਚ ਵੀ ਲੈਣਾ ਚਾਹੀਦਾ ਸੀ,ਪ੍ਰੰਤੂ ਨਹੀ,ਅਜਿਹਾ ਨਹੀ ਹੋ ਸਕਦਾ, ਕਿਉਂਕਿ ਜਿਸ ਤਰ੍ਹਾਂ ਬਾਦਲ ਪਰਿਵਾਰ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਕਾਂਡ ਵਾਲੇ ਕੇਸ ਦੀ ਤਲਵਾਰ ਲਟਕ ਰਹੀ ਹੈ,ਉਹ ਦਾ ਖੌਫ ਅਕਾਲੀ ਆਗੂਆਂ ਨੂੰ ਕਦੇ ਵੀ ਅਜਿਹਾ ਫੈਸਲਾ ਨਹੀ ਲੈਣ ਦੇਵੇਗਾ। ਇਹ ਵੀ ਸੱਚ ਹੈ ਕਿ ਜੋ ਹਾਲਤ ਅੱਜ ਅਕਾਲੀ ਦਲ ਤੇ ਬਾਦਲ ਪਰਿਵਾਰ ਦੀ ਪੰਜਾਬ ਅੰਦਰ ਬਣੀ ਹੋਈ ਹੈ,ਉਹ ਵੀ ਸਭ ਭਾਜਪਾ ਦੀ ਹੀ ਦੇਣ ਹੈ, ਕਿਉਂਕਿ ਆਪਣੇ ਨਿੱਜੀ ਮੁਫਾਦਾਂ ਖਾਤਰ ਪ੍ਰਕਾਸ਼ ਸਿੰਘ ਬਾਦਲ ਨੇ ਭਾਜਪਾ ਹਾਈ ਕਮਾਂਡ ਤੇ ਆਰਐਸਐਸ ਦਾ ਉਹ ਹਰ ਇੱਕ ਹੁਕਮ ਮੰਨਿਆ ਅਤੇ ਆਪਣੇ ਰਾਜ ਭਾਗ ਵਿੱਚ ਲਾਗੂ ਕਰਨ ਦਾ ਯਤਨ ਕੀਤਾ ਹੈ,ਜਿਹੜਾ ਸਿੱਖ ਪੰਥ ਤੇ ਪੰਜਾਬ ਦੇ ਵਿਰੋਧ ਵਿੱਚ ਹੋਵੇ,ਉਹਦੇ ਲਈ ਭਾਵੇਂ ਬਾਦਲ ਨੂੰ ਸਿੱਖ ਨੌਜਵਾਨਾਂ ਦੇ ਖੂਨ ਨਾਲ ਹੱਥ ਵੀ ਕਿਉਂ ਨਾ ਰੰਗਣੇ ਪਏ ਹੋਣ। ਪੰਜਾਬ ਦੇ ਸਾਂਝੇ ਹਿਤਾਂ ਤੋ ਲੈ ਕੇ ਪੰਥਕ ਮੰਗਾਂ ਸਮੇਤ ਬੇਅਦਬੀ ਤੇ ਕੋਟਕਪੂਰਾ,ਬਹਿਬਲ ਕਲਾਂ ਗੋਲੀ ਕਾਂਡ ਤੱਕ ਦਾ ਵਰਤਾਰਾ ਭਾਜਪਾ ਤੇ ਆਰ ਐਸ ਐਸ ਦੀ ਬਦੌਲਤ ਹੀ ਵਾਪਰਦਾ ਰਿਹਾ ਹੈ,ਜਿਸ ਤੇ ਹਮੇਸ਼ਾ ਬਾਦਲ ਦਲ ਦੀ ਪਹੁੰਚ ਲੋਕ ਵਿਰੋਧੀ ਰਹੀ ਹੈ। ਹੁਣ ਬਾਦਲ ਪਰਿਵਾਰ ਲਈ ਇਹ ਹਾਲਾਤ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਵਾਲੇ ਬਣ ਚੁੱਕੇ ਹਨ, ਜੇ ਖਾਣਗੇ ਤਾਂ ਕੋਹੜੀ ਜੇ ਛੱਡਣਗੇ ਤਾਂ ਕਲੰਕੀ ਸਦਾਉਣਗੇ।

ਇਹ ਵੀ ਸੱਚ ਹੈ ਕਿ ਅਕਾਲੀ ਦਲ ਦਾ ਵੱਡਾ ਹਿੱਸਾ ਭਾਜਪਾ ਨਾਲ ਗੱਠਜੋੜ ਨੂੰ ਹੋਰ ਅੱਗੇ ਲਿਜਾਣ ਦੇ ਹੱਕ ਵਿੱਚ ਨਹੀ ਹੈ,ਪਰੰਤੂ ਇਹ ਵੀ ਸੱਚ ਹੈ ਕਿ ਅਕਾਲੀ ਦਲ ਦੇ ਉਪਰਲੀ ਕਤਾਰ ਦੇ ਬਹੁਤ ਸਾਰੇ ਆਗੂ ਪਹਿਲਾਂ ਹੀ ਭਾਜਪਾ ਹਾਈਕਮਾਂਡ ਦੇ ਸੰਪਰਕ ਵਿੱਚ ਹਨ, ਜਿਹੜੇ ਇਸ ਮੌਕੇ ਦੀ ਤਾਕ ਵਿੱਚ ਬੈਠੇ ਹਨ ਕਿ ਕਦੋਂ ਸਮਾਂ ਮਿਲੇ ਤੇ ਕਦੋਂ ਮੁੱਲ ਪਵਾਇਆ ਜਾ ਸਕੇ। ਪੰਜਾਬ ਦੀ ਭਲਾਈ ਚਾਹੁਣ ਵਾਲੇ ਲੋਕ ਹਮੇਸਾਂ ਹੀ ਬਾਦਲ ਦੇ ਇਸ ਗੈਰ ਸਿਧਾਂਤਕ ਗੱਠਜੋੜ ਨੂੰ ਗਲਤ ਸਮਝਦੇ ਹੋਏ ਇਹ ਰਾਏ ਰੱਖਦੇ ਰਹੇ ਹਨ ਕਿ ਅਕਾਲੀ ਦਲ ਨੂੰ ਭਾਜਪਾ ਨਾਲ ਗੱਠਜੋੜ ਨਹੀ ਰੱਖਣਾ ਚਾਹੀਦਾ,ਪਰ ਰਾਜਸੱਤਾ ਦੀ ਭੁੱਖ ਨੇ ਬਾਦਲ ਪਰਿਵਾਰ ਨੂੰ ਆਪਣੇ ਤੋ ਬਗੈਰ ਹੋਰ ਕੁੱਝ ਸੋਚਣ ਦਾ ਮੌਕਾ ਹੀ ਨਹੀ ਦਿੱਤਾ। ਚੰਗਾ ਹੋਵੇ ਜੇਕਰ ਅਜੇ ਵੀ ਪ੍ਰਕਾਸ਼ ਸਿੰਘ ਬਾਦਲ ਆਪਣੇ ਜਿਉਂਦੇ ਜੀਅ ਅਕਾਲੀ ਦਲ ਨੂੰ ਇਸ ਗੈਰ ਸਿਧਾਂਤਕ ਗੱਠਜੋੜ ਤੋਂ ਮੁਕਤੀ ਦਿਵਾ ਜਾਣ। ਜੇਕਰ ਇਹ ਪਹਿਲ ਬਾਦਲ ਪਰਿਵਾਰ ਨੇ ਨਾ ਕੀਤੀ ਤਾਂ ਉਹ ਦਿਨ ਵੀ ਦੂਰ ਨਹੀ ਜਦੋਂ ਭਾਜਪਾ ਹਾਈ ਕਮਾਂਡ ਖੁਦ ਹੀ ਅਕਾਲੀ ਦਲ ਬਾਦਲ ਤੋ ਕਿਨਾਰਾ ਕਰ ਲਵੇਗੀ।

## ਅਲਵਿਦਾ ਪਿਆਰੇ ਸੰਦੀਪ ਧਾਲੀਵਾਲ

ਸੰਦੀਪ ਧਾਲੀਵਾਲ ਪੰਜਾਬੀਆਂ ਦਾ ਮਾਣ ਆਪਣੀ ਜਿੰਦਗੀ ਦੇ ਕੇ ਗਿਆ ਹੈ। ਉਸ ਨੇ ਸਹੀ ਮਾਅਨਿਆਂ ਵਿਚ ਦਸਤਾਰ ਦਾ ਮੁੱਲ ਮੋੜ ਦਿੱਤਾ। ਉਹ ਅਮਰ ਸ਼ਹੀਦ ਦੀ ਪਦਵੀ ਪ੍ਰਾਪਤ ਸਦੈਵ ਦਿਲਾਂ ਵਿਚ ਰਚਣ ਵਸਣ ਵਾਲਾ ਕੌਮੀ ਹੀਰਾ ਤੇ ਹੀਰੋ ਬਣ ਗਿਆ ਹੈ। ਉਸ ਦੀ ਮੌਤ ਕੁਵੇਲੇ ਦੀ ਹੈ, ਅਜੇ ਝੱਲਣੀ ਬੜੀ ਔਖੀ ਹੈ। ਉਹ ਅਮਰੀਕੀ ਨਿਜ਼ਾਮ ਦਾ ਭਵਿੱਖ ਮੁਖੀ ਅਫ਼ਸਰ ਸੀ ਤੇ ਸਭ ਦਾ ਸਾਂਝਾ ਤੇ ਹਰਮਨ ਪਿਆਰਾ ਸੀ ਤਾਂ ਹੀ ਤਾਂ ਉਸ ਦੀ ਮੌਤ 'ਤੇ ਹਰ ਇਕ ਸ਼ਖ਼ਸ ਦੀ ਅੱਖ ਗਿੱਲੀ ਹੋਈ ਹੈ। ਉਸ ਨੂੰ ਹਰ ਇਕ ਨੇ ਸਿਜਦਾ ਕੀਤਾ ਹੈ। ਅਸੀਂ ਉਸ ਨੂੰ ਉਸ ਦੀਆਂ ਸੇਵਾਵਾਂ ਬਦਲੇ ਯਾਦ ਕਰਦੇ ਹਾਂ, ਜੋ ਸਾਡਾ ਮੁਢਲਾ ਫਰਜ਼ ਹੈ। ਉਹ ਮਹਿਜ ਛੋਟੀ ਉਮਰ ਵਿਚ ਸਫ਼ਰ ਪੂਰਾ ਕਰਕੇ ਆਪਣੇ ਅਗਲੇਰੇ ਰਾਹ ਤੁਰ ਗਿਆ ਹੈ। ਉਸ ਨੇ ਆਪਣੀ ਜਿੰਦਗੀ ਵਿਚ ਸਭ ਨੂੰ ਇਕ ਸਮਾਨ ਸਮਝਣ ਦਾ, ਪਿਆਰ ਦਾ ਸੰਕਲਪ, ਮਦਦ ਦੀ ਭਾਵਨਾ ਤੇ ਹੌਂਸਲੇ ਦੀ ਉਦਾਹਰਣ ਤੇ ਸਰਬੱਤ ਦਾ ਭਲਾ ਕਾਰਜ ਅਰੰਭੇ ਅਤੇ ਨੇਪਰੇ ਵੀ ਚੜ੍ਹਾਏ। ਉਸ ਨੇ ਆਪਣੇ ਕੰਮ ਤੇ ਜਿੰਮੇਵਾਰੀਆਂ ਕੱਲ੍ਹ 'ਤੇ ਨਹੀਂ ਸਨ ਛੱਡੇ, ਥੋਰੇ ਉਹ ਕੁਝ ਹੋਰ ਦਿਹਾੜੇ ਸਾਡੇ ਨਾਲ ਰਹਿ ਜਾਂਦਾ। ਹੰਝੂ, ਹਉਕੇ, ਗਮ ਤੇ ਪੀੜਾਂ ਇਹ ਸਭ ਆਲੇ ਦੁਆਲੇ ਪਸਰੀਆਂ ਦਿਸਦੀਆਂ ਹਨ। ਸ਼ਹਿਰ ਦਰ ਸ਼ਹਿਰ, ਪਿੰਡ ਦਰ ਪਿੰਡ ਉਸ ਦੀ ਯਾਦ ਵਿਚ ਮੋਮਬੱਤੀਆਂ ਜਗਾ ਰਿਹਾ ਹੈ। ਪਰ ਉਹ ਅਮਰ ਹੈ, ਉਸ ਦਾ ਨਾਮ ਸਦੀਵੀ ਰੌਸ਼ਨ ਹੈ। ਭਾਈ ਵੀਰ ਸਿੰਘ ਦੀ ਕਵਿਤਾ ਦੀਆਂ ਚਾਰ ਲਾਈਨਾਂ ਸਾਂਝੀਆਂ ਕਰ ਰਹੀ ਹਾਂ।

ਖਿੜੇ ਚਮਨ ਵਿੱਚ ਨਾਲ ਰਹਿੰਦਾ, ਨਾ ਜਾਣਾ ਫਿਰ ਵਹੇ ਕਿ ਨਾ,
ਰੁੱਤ ਪਰਤੇ ਗੁਲਜ਼ਾਰ ਉਦਾਸੇ, ਸੁੰਦਰਤਾ ਫਿਰ ਰਹੇ ਕਿ ਨਾ,
ਹੇ ਦਿਲ ਔਖੀਓ ਸੱਧਰ ਲਾ ਲਊ, ਕੀ ਜਾਣਾ ਫਿਰ ਲਹੇ ਕਿ ਨਾ,
ਇਸ ਜ਼ਿੰਦੜੀ ਦਾ ਕੀ ਭਰਵਾਸਾ, ਆਉਂਦੀ ਰੁੱਤੇ ਰਹੇ ਕਿ ਨਾ

## ਹਿਊਸਟਨ 'ਚ ਆਪਣੀ ਡਿਊਟੀ ਦੌਰਾਨ ਸ਼ਹੀਦ ਹੋਏ ਡਿਪਟੀ ਸ਼ੈਰਿਫ ਸੰਦੀਪ ਸਿੰਘ ਧਾਲੀਵਾਲ ਨਮਿਤ ਕੈਂਡਲ ਲਾਈਟ ਸ਼ੋਕ ਸਭਾ

ਵਿਚਾਰ ਪੇਸ਼ ਕੀਤੇ ਅਤੇ ਸ਼ਰਧਾਂਜਲੀਆਂ ਭੇਂਟ ਕੀਤੀਆਂ। ਇਸ ਸਮਾਗਮ ਲਈ ਕੈਲੀਫੋਰਨੀਆ ਦੀ ਲੈਫਟੀਨੈਂਟ ਗਵਰਨਰ ਐਲੀਨੀ ਕੋਨਾਲਕੀਸ ਵੱਲੋਂ ਲਿਖਤੀ ਸ਼ੋਕ ਸੰਦੇਸ਼ ਭੇਜ ਕੇ ਸੰਦੀਪ ਸਿੰਘ ਧਾਲੀਵਾਲ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਸਮਾਗਮ ਵਿਚ ਹੋਰਨਾਂ ਕੌਮਾਂ ਤੋਂ ਇਲਾਵਾ ਬਹੁਤ ਸਾਰੇ ਦਸਤਾਰਧਾਰੀ ਸਿੱਖ ਪੁਲਿਸ ਅਫਸਰ ਵੀ ਪਹੁੰਚੇ ਹੋਏ ਸਨ। ਇਸ ਸਮਾਗਮ ਨੂੰ ਗੁਰਦੁਆਰਾ ਸਾਹਿਬ ਬਰਾਡਸ਼ਾਹ ਰੋਡ ਵੱਲੋਂ ਸਹਿਯੋਗ ਦਿੱਤਾ ਗਿਆ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ, ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ, ਗੁਰਦੁਆਰਾ ਸਾਹਿਬ ਐਲਸੀ ਰੋਡ, ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ, ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ, ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ, ਪੰਜਾਬ ਪ੍ਰੋਡਕਸ਼ਨ, ਇੰਡੀਅਨ ਕੇਅਰ ਐਸੋਸੀਏਸ਼ਨ ਫੇਅਰਫੀਲਡ, ਕੋਹਿਨੂਰ ਕਲੱਬ, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਹਿੰਦੂ ਕਮਿਊਨਿਟੀ ਅਤੇ ਮੁਸਲਿਮ ਕਮਿਊਨਿਟੀ ਆਦਿ ਸੰਸਥਾਵਾਂ ਨੇ ਵੱਧ-ਚੜ੍ਹ ਕੇ ਇਸ ਸਮਾਗਮ ਵਿਚ ਸ਼ਿਰਕਤ ਕੀਤੀ ਅਤੇ ਸੰਦੀਪ ਸਿੰਘ ਧਾਲੀਵਾਲ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ। ਇਸ ਮੌਕੇ 'ਤੇ ਅਮਰੀਕੀ ਫੌਜ 'ਚ ਭਰਤੀ ਹੋ ਕੇ ਅਫਗਾਨਿਸਤਾਨ ਵਿਚ ਸ਼ਹੀਦੀ ਪਾਉਣ ਵਾਲੇ ਮੈਰੀਨ ਗੁਰਪ੍ਰੀਤ ਸਿੰਘ ਨੂੰ ਵੀ ਵਿਸ਼ੇਸ਼ ਤੌਰ 'ਤੇ ਯਾਦ ਕੀਤਾ ਗਿਆ। ਗੁਰਪ੍ਰੀਤ ਸਿੰਘ ਦੇ ਪਰਿਵਾਰਕ ਮੈਂਬਰ ਵੀ ਇਸ ਮੌਕੇ ਹਾਜ਼ਰ ਸਨ। ਅੰਤ 'ਚ ਗੁਰਜਤਿੰਦਰ ਸਿੰਘ ਰੰਧਾਵਾ ਨੇ ਸਮੂਹ ਸੰਗਤ ਦਾ ਇਸ ਦੁੱਖ ਦੀ ਘੜੀ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ।

# ਸ੍ਰੀ ਹਰਿਮੰਦਰ ਸਾਹਿਬ ਦੀ ਸ਼ਬਦ ਕੀਰਤਨ ਪਰੰਪਰਾ

**ਡਾ. ਕੰਵਲਜੀਤ ਸਿੰਘ**



ਸਿੱਖ ਗੁਰੂ ਸਾਹਿਬਾਨ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿੱਖ ਧਰਮ-ਕਰਮ ਦੀ ਮਰਿਆਦਾ ਤੇ ਪਰੰਪਰਾ ਨੂੰ ਸਜੀਵ ਰੂਪ ਵਿੱਚ ਸਾਕਾਰ ਕੀਤਾ ਗਿਆ। ਸਦੀਆਂ ਤੋਂ ਅੱਠੇ ਪਹਿਰ ਕੀਰਤਨ ਦੀ ਅਖੰਡ ਧੁਨੀ 'ਖ਼ਸਮ ਕੀ ਬਾਣੀ', 'ਇਲਾਹੀ ਬਾਣੀ', 'ਧੁਰ ਕੀ ਬਾਣੀ' ਦਾ ਚਲਨ ਹਰੀ ਦੇ ਮੰਦਰ ਤੋਂ ਨਿਰੰਤਰ ਅਖੰਡ ਜੋਤ ਵਾਂਗ ਕਿਰਿਆਸ਼ੀਲ ਹੈ। ਬਾਣੀ ਦਾ ਇਹ ਪ੍ਰਵਾਹ ਭੌਤਿਕ ਜਗਤ ਦੀ ਧਾਰਮਿਕ ਕਿਰਿਆ, ਪ੍ਰਕਿਰਿਆ ਨੂੰ ਅਖੰਡ ਅਨਾਦਿ ਧੁਨੀ ਦੁਆਰਾ ਪਰਾ-ਭੌਤਿਕ ਜਗਤ ਦੇ ਪਰਮਪਿਤਾ ਦੇ ਸਥਾਨ ਹਰਿਮੰਦਰ ਵਿੱਚ ਪ੍ਰਵੇਸ਼ ਕਰਵਾਉਣ ਦਾ ਮਾਧਿਅਮ ਰੂਪ ਹੈ। ਸਿੱਖ ਧਰਮ ਦੇ ਦਰਸ਼ਨ ਸਿਧਾਂਤ ਦਾ ਵਿਵਹਾਰਕ ਪ੍ਰਤੱਖ ਰੂਪ ਸ੍ਰੀ ਦਰਬਾਰ ਸਾਹਿਬ, ਹਰਿਮੰਦਰ ਸਾਹਿਬ ਹੈ। ਇਸੇ ਕਰਕੇ ਇਸ ਅਸਥਾਨ ਨੂੰ ਸਿੱਖ ਧਰਮ ਦੀ ਪਛਾਣ ਤੇ ਪ੍ਰਤੀਕ ਵਜੋਂ ਗ੍ਰਹਿਣ ਕੀਤਾ ਜਾਂਦਾ ਹੈ। ਸਿੱਖ, ਧਰਮ-ਕਰਮ ਤੇ ਮਰਿਆਦਾ ਵਿਵਹਾਰਕ ਰੂਪ ਵਿੱਚ ਪੂਰਵਲੇ ਗੁਰੂ ਸਾਹਿਬਾਨ ਦੁਆਰਾ ਸਥਾਪਤ ਸ੍ਰੀ ਕਰਤਾਰਪੁਰ ਸਾਹਿਬ, ਸ੍ਰੀ ਖਡੂਰ ਸਾਹਿਬ ਅਤੇ ਗੋਇੰਦਵਾਲ ਸਾਹਿਬ ਤੋਂ ਚਲਦੀ ਹੋਈ ਗੁਰੂ ਰਾਮਦਾਸ ਜੀ ਦੁਆਰਾ ਵਰੋਸਾਈ ਨਗਰੀ ਅੰਮ੍ਰਿਤਸਰ ਵਿੱਚ ਪਹੁੰਚੀ।

ਵੱਖ-ਵੱਖ ਗੁਰੂ ਸਾਹਿਬਾਨਾਂ ਦਾ ਇਸ ਅਸਥਾਨ ਨਾਲ ਕਿਸੇ ਨਾ ਕਿਸੇ ਤਰ੍ਹਾਂ ਇਤਿਹਾਸਕ ਤੌਰ 'ਤੇ ਜੁੜੇ ਹੋਣਾ ਇਸ ਦੀ ਪਵਿੱਤਰਤਾ ਦਰਸਾਉਂਦਾ ਹੈ। ਅੰਮ੍ਰਿਤ ਸਰੋਵਰ ਦੇ ਮੱਧ ਵਿੱਚ ਹਰਿਮੰਦਰ ਸਾਹਿਬ ਦੀ ਸਥਾਪਨਾ ਇਸ ਭੌਤਿਕ ਜਗਤ ਤੋਂ ਉਸ ਪਰਮ ਪਿਤਾ ਪਰਮਾਤਮਾ ਹਰੀ ਦੇ ਨਿਵਾਸ ਸਥਾਨ ਭਾਵ ਹਰਿਮੰਦਰ ਦਾ ਸਾਮੂਰਤੀਕਰਨ ਹੈ। ਚੌਹਾਂ ਵਰਣਾਂ, ਜਾਤ-ਪਾਤ, ਉਚ-ਨੀਚ ਅਤੇ ਇਨਸਾਨੀ ਪ੍ਰਚੱਲਿਤ ਵਿਤਕਰਿਆਂ ਅਤੇ ਵਖਰੇਵਿਆਂ ਤੋਂ ਉਪਰ ਇਹ ਅਸਥਾਨ ਕੇਵਲ ਚੌਹਾਂ ਦਰਵਾਜ਼ਿਆਂ ਵਾਲੀ ਇਮਾਰਤ ਮਾਤਰ ਨਹੀਂ ਸਗੋਂ ਇਸ ਵਿੱਚ 'ਖ਼ਸਮ ਕੀ ਬਾਣੀ' ਦੇ ਸ਼ਬਦ ਰੂਪ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਗੁਰੂ ਅਰਜਨ ਸਾਹਿਬ ਦੁਆਰਾ ਆਪ ਕਰਵਾਇਆ ਗਿਆ ਹੈ। ਸਿੱਖ ਧਰਮ ਦੀ ਸਮੁੱਚੀ ਧਾਰਮਿਕ ਮਰਿਆਦਾ ਇਸੇ ਪਾਵਨ ਗ੍ਰੰਥ ਦੀ ਪਾਵਨ ਬਾਣੀ ਉਤੇ ਆਧਾਰਤ ਤੇ ਕਿਰਿਆਸ਼ੀਲ ਕੀਤੀ ਗਈ। ਇਸ ਪਿੱਛੋਂ ਇਸ ਬਾਣੀ ਨੂੰ ਸੰਚਰਿਤ ਕਰਨ ਦੀ ਸੰਗੀਤ ਪਰੰਪਰਾ 'ਸ਼ਬਦ ਕੀਰਤਨ' ਮੂਲ ਤੇ ਵਿਸ਼ੇਸ਼ ਰੂਪ ਵਿੱਚ ਪ੍ਰਗਟ ਹੋਈ।

ਸਮੇਂ ਸਮੇਂ ਸਿੱਖ ਇਸ ਅਸਥਾਨ ਦੀ ਸੁਰੱਖਿਆ-ਸੰਭਾਲ ਲਈ ਯਤਨਸ਼ੀਲ ਰਹੇ ਹਨ ਅਤੇ ਸਿੱਖ ਧਰਮ ਨਾਲ ਸਬੰਧਤ ਅੰਤਰੀਵੀ ਅਤੇ ਬਾਹਰੀ ਆਤਮਿਕ ਅਤੇ ਸੰਸਾਰੀ ਮਸਲਿਆਂ ਦਾ ਹੱਲ ਕੇਵਲ ਹਰਿਮੰਦਰ ਸਾਹਿਬ ਤੋਂ ਹੀ ਬਖਸ਼ਿਸ਼ ਰੂਪ ਵਿੱਚ ਗ੍ਰਹਿਣ ਕਰਦੇ ਤੇ ਤਲਾਸ਼ਦੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਸਦੀਵੀ ਮਹੱਤਵ ਨੂੰ ਪਛਾਣਦਿਆਂ ਅਸੀਂ ਇਸ ਅਸਥਾਨ ਨੂੰ ਸੰਗੀਤਕ ਪਰਿਪੇਖ ਭਾਵ ਇਸ ਦੀ ਕੀਰਤਨ ਪਰੰਪਰਾ ਨੂੰ ਵਿਚਾਰਣ ਦੇ ਉਪਰਾਲੇ ਕੀਤੇ ਜਾ ਰਹੇ ਹਨ।

ਸ੍ਰੀ ਹਰਿਮੰਦਰ ਸਾਹਿਬ ਹਰਿ ਦੇ ਵਾਸ ਦਾ ਸਥਾਨ ਹੈ। ਸਥੂਲ ਰੂਪ ਵਿਚ ਵੀ ਇਸ ਨੂੰ ਰੱਬੀ ਸਥਾਨ ਵਜੋਂ ਜਾਣਿਆਂ ਜਾਂਦਾ ਹੈ। ਵਿਸ਼ਵ ਭਰ ਵਿੱਚ ਗੋਲਡਨ ਟੈਂਪਲ ਦੇ ਨਾਂ ਨਾਲ ਸਿੱਖਾਂ ਦੇ ਕੇਂਦਰੀ ਸਥਾਨ ਵਜੋਂ ਜਾਣਿਆ ਜਾਂਦਾ ਹਰਿਮੰਦਰ ਸਾਹਿਬ ਨੂੰ ਦਿੱਖ ਜਾਂ ਭੌਤਿਕ ਰੂਪ ਵਿੱਚ ਗੁਰਮਤਿ ਦੇ ਹਰਿਮੰਦਰ ਦੇ ਚਿਤਵਨ ਤੇ ਸੰਕਲਪ ਅਨੁਸਾਰ ਗੁਰੂ ਅਰਜਨ ਦੇਵ ਜੀ ਦੁਆਰਾ ਸਾਕਾਰ ਕੀਤਾ ਗਿਆ ਇਹ ਅਸਥਾਨ ਸਮੁੱਚੀ ਕਾਇਨਾਤ, ਸਮੂਹ ਵਰਣਾਂ ਤੇ ਜਾਤਾਂ ਦੀ ਸਾਂਝ ਦੇ ਪ੍ਰਤੀਕ ਵਜੋਂ ਉਸਾਰਿਆ ਗਿਆ ਹੈ।

ਸਿੱਖ ਧਰਮ ਵਿੱਚ ਸ੍ਰੀ ਹਰਿਮੰਦਰ ਸਾਹਿਬ ਦਾ ਵਿਸ਼ੇਸ਼ ਮਹੱਤਵ ਹੈ। ਸ੍ਰੀ ਦਰਬਾਰ ਸਾਹਿਬ, ਅੰਮ੍ਰਿਤ ਸਰੋਵਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਧਾਰਮਿਕ, ਇਤਿਹਾਸਕ ਅਤੇ ਸਿੱਖ ਦਰਸ਼ਨ ਦੇ ਦ੍ਰਿਸ਼ਟੀਕਣ ਤੋਂ ਵਿਸ਼ੇਸ਼ ਮਹੱਤਵ ਰੱਖਦੇ ਹਨ। ਸਿੱਖ ਧਰਮ ਦੀ ਅਰਦਾਸ ਰਾਹੀਂ ਹਰ ਰੋਜ਼ ਇਸ ਸਥਾਨ ਦੇ ਦਰਸ਼ਨ-ਦੀਦਾਰਾਂ ਅਤੇ ਚੌਕੀਆਂ, ਝੰਡੇ, ਬੁੰਗੇ ਆਦਿ ਦੇ ਅਟੱਲ ਰੂਪ ਦੀ ਕਾਮਨਾ ਕੀਤੀ ਜਾਂਦੀ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਪਰੰਪਰਾ, ਇਥੇ ਲੱਗਣ ਵਾਲੀਆਂ ਚੌਕੀਆਂ, ਸਿੱਖ ਮਿਸਲਾਂ ਦੀਆਂ ਹਸਤੀਆਂ ਨੂੰ ਪ੍ਰਗਟਾਉਣ ਵਾਲੇ ਬੁੰਗੇ ਅਤੇ ਨਿਸ਼ਾਨ, ਇਸ ਸਥਾਨ ਦੇ ਧਾਰਮਿਕ ਤੇ ਇਤਿਹਾਸਕ ਸਾਰਥਿਕਤਾ ਦਾ ਪ੍ਰਤੱਖ ਪ੍ਰਮਾਣ ਹਨ। ਕੇਵਲ ਇਮਾਰਤੀ ਦ੍ਰਿਸ਼ਟੀ ਤੋਂ ਹੀ ਨਹੀਂ ਸਗੋਂ 'ਪਰਮਾਤਮਾ ਦੇ ਮੰਦਰ' ਵਜੋਂ ਇਸ ਸਥਾਨ ਨੂੰ ਸਮੁੱਚੀ ਮਾਨਵਤਾ ਦੇ ਸਾਂਝੇ ਕੇਂਦਰ ਵਜੋਂ ਜਾਣਿਆਂ ਜਾਂਦਾ ਹੈ। ਪਹਿਲੀ ਉਦਾਸੀ ਸਮੇਂ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਤੋਂ ਚਲ ਕੇ ਵਿਆਸ ਦਰਿਆ ਪਾਰ ਕਰਕੇ ਇਸ ਸਥਾਨ 'ਤੇ ਰੁਕੇ। ਸ੍ਰੀ ਗੁਰੂ ਅੰਗਦ ਦੇਵ ਜੀ ਪਹਿਲੀ ਵਾਰ ਖਡੂਰ ਸਾਹਿਬ ਤੋਂ ਚਲ ਕੇ ਇਸ ਰਸਤੇ ਤੋਂ ਹੁੰਦੇ ਹੋਏ ਕਰਤਾਰਪੁਰ ਪਹੁੰਚੇ। ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅੰਗੂਠੇ ਦੇ ਇਲਾਜ ਲਈ ਜੜ੍ਹੀ-ਬੂਟੀ ਲੱਭਦੇ ਹੋਏ ਗੁਰੂ ਅਮਰਦਾਸ ਜੀ ਨੇ ਇਸੇ ਹੀ ਅਸਥਾਨ ਤੋਂ ਅੰਮ੍ਰਿਤੀ ਨਾਮਕ ਬੂਟੀ ਪ੍ਰਾਪਤ ਕੀਤੀ।

ਸ੍ਰੀ ਹਰਿਮੰਦਰ ਸਾਹਿਬ ਵਿਸ਼ਵ ਦਾ ਇਕੋ ਇੱਕ ਅਜਿਹਾ ਸਥਾਨ ਹੈ, ਜਿਥੇ ਪੰਜ ਸਦੀਆਂ ਤੋਂ ਸਿੱਖ ਸੰਗੀਤ ਦੀਆਂ ਵਿਭਿੰਨ ਧਾਰਾਵਾਂ ਦਾ ਪ੍ਰਵਹਿਤ ਹੁੰਦੀਆਂ ਆ ਰਹੀਆਂ ਹਨ। ਗੁਰੂ ਅਰਜਨ ਦੇਵ ਜੀ ਨੇ ਆਪਣੇ ਪੂਰਵਲੇ ਗੁਰੂ ਸਾਹਿਬਾਨਾਂ ਦੀ ਬਾਣੀ ਇਕੱਤਰ ਕਰ ਕੇ ਭਾਦੋਂ ਸੁਦੀ ਏਕਮ 1661 ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ 'ਆਦਿ ਗ੍ਰੰਥ' ਦਾ ਪ੍ਰਕਾਸ਼ ਕਰਵਾ ਕੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪ ਕੇ ਇਸ ਸਥਾਨ ਤੋਂ ਸ਼ਬਦ ਕੀਰਤਨ ਦੀ ਨਿੱਤ ਦੀ ਮਰਿਆਦਾ ਚਲਾਈ ਜੋ ਪੰਜ ਸਦੀਆਂ ਬੀਤ ਜਾਣ ਬਾਅਦ ਅੱਜ ਵੀ ਨਿਰੰਤਰ ਚਲੀ ਆ ਰਹੀ ਹੈ।

ਇਸ ਸਮੇਂ ਤੱਕ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਸ਼ਬਦ ਕੀਰਤਨ ਮਰਿਆਦਾ ਵਿੱਚ ਆਸਾ ਦੀ ਵਾਰ, ਸੋਦਰੁ ਅਤੇ ਆਰਤੀ ਦੀਆਂ ਕੀਰਤਨ ਚੌਕੀਆਂ ਸ਼ਾਮਲ ਹੋ ਚੁਕੀਆਂ ਸਨ ਅਤੇ ਰਬਾਬ, ਸਿਰੰਦਾ, ਪਖਾਵਜ, ਜੋੜੀ ਵਰਗੇ ਸਾਜ਼ ਗੁਰੂ ਘਰ ਦੀ ਕੀਰਤਨ ਪਰੰਪਰਾ ਦਾ ਅੰਗ ਬਣ ਚੁੱਕੇ ਸਨ। ਭਾਈ ਮਰਦਾਨਾ ਜੀ ਦੇ ਵੰਸ਼ਜ ਰਬਾਬੀ ਕੀਰਤਨਕਾਰ ਪੀੜ੍ਹੀ-ਦਰ-ਪੀੜ੍ਹੀ ਗੁਰੂ ਘਰ ਦੀ ਸੇਵਾ ਕਰਦੇ ਆ ਰਹੇ ਸਨ।

ਮੁਗਲ ਸਾਮਰਾਜ ਦੇ ਜ਼ੁਲਮ ਖਿਲਾਫ ਸਿੱਖਾਂ ਨੂੰ ਲਾਮਬੰਧ ਕਰਨ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮਹੱਤਵ ਨੂੰ ਉਜਾਗਰ ਕਰਨ ਲਈ ਉਨ੍ਹਾਂ ਅਧਿਆਤਮ ਜਗਤ ਦੇ ਸਰਵਉਚ ਮੰਦਰ ਵਜੋਂ ਪ੍ਰਸਤੁਤ ਕਰਦਿਆਂ, ਇਸ ਦੇ ਸਨਮੁੱਖ ਸ੍ਰੀ ਅਕਾਲ ਤਖ਼ਤ ਸਾਹਿਬ (ਅਕਾਲ ਬੁੰਗਾ) ਦੀ ਸਥਾਪਨਾ ਕੀਤੀ। ਅਕਾਲ ਤਖ਼ਤ ਸਾਹਿਬ ਦੇ ਇਸ ਸਥਾਨ ਉਤੇ ਗੁਰੂ ਹਰਿਗੋਬਿੰਦ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਰਾਗਾਤਮਕ ਕੀਰਤਨ ਪਰੰਪਰਾ ਦੀ ਤੁਲਨਾ ਵਿੱਚ ਲੌਕਿਕ ਰੂਪ ਵਿੱਚ ਸਿਰਜੇ ਅਕਾਲ ਤਖ਼ਤ ਉਤੇ ਲੋਕ-ਸੰਗੀਤ ਦੀ ਵਿਧਾ ਨੂੰ ਢਾਡੀ ਰਾਗ ਦੇ ਕੀਰਤਨ ਵਜੋਂ ਪ੍ਰਚਾਰਿਆ। ਢਾਡੀਆਂ ਦੁਆਰਾ ਅਧਿਆਤਮ ਤੇ ਵੀਰ-ਰਸੀ ਵਾਰਾਂ ਦੇ ਗਾਇਨ ਤੋਂ ਸਿੱਖਾਂ ਵਿੱਚ ਨਵੀਂ ਚੇਤਨਾ ਤੇ ਰੂਹ ਜਗਾਈ।

ਗੁਰੂ ਹਰਿਗੋਬਿੰਦ ਜੀ ਨੂੰ ਜਦੋਂ ਜਹਾਂਗੀਰ ਨੇ ਗਵਾਲੀਅਰ ਦੇ ਕਿਲੇ ਵਿੱਚ ਕੈਦ ਕਰ ਦਿੱਤਾ ਤਾਂ ਉਸ ਸਮੇਂ ਵੀ ਸ੍ਰੀ ਹਰਿਮੰਦਰ ਸਾਹਿਬ ਦੀ ਪਰੰਪਰਾ ਨੂੰ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਅਗਵਾਈ ਵਿੱਚ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਕਰਦਿਆਂ ਲੋਕ-ਸੰਗੀਤ ਅੰਗ ਦੀ ਧਾਰਣੀ 'ਚੌਕੀ ਸਾਹਿਬ ਦੀ ਕੀਰਤਨ ਪਰੰਪਰਾ' ਪ੍ਰਾਰੰਭ ਹੋਈ। ਜੋ ਬਾਅਦ ਵਿੱਚ ਵਾਰੀ-ਵਾਰੀ ਗਾਉਣ ਕਰਕੇ 'ਵਾਰੀਆਂ ਦੇ ਕੀਰਤਨ' ਦੇ ਨਾਂ ਨਾਲ ਪ੍ਰਚੱਲਿਤ ਹੋਈ। ਅੰਮ੍ਰਿਤਸਰ ਦੀ ਜੰਗ ਤੋਂ ਬਾਅਦ ਸ੍ਰੀ ਹਰਿਗੋਬਿੰਦ ਸਾਹਿਬ ਕੀਰਤਪੁਰ ਜਾ ਬਿਰਾਜੇ। ਇਸ ਮਗਰੋਂ ਪ੍ਰਿਥੀ ਚੰਦ ਦੇ ਪਰਿਵਾਰ ਵਿੱਚੋਂ ਮਿਹਰਵਾਨ ਅਤੇ ਉਸ ਦੇ ਪੁੱਤਰ ਹਰਿ ਜੀ ਨੇ ਹਰਿਮੰਦਰ ਸਾਹਿਬ ਦਾ ਪ੍ਰਬੰਧ ਆਪਣੇ ਹੱਥੀਂ ਲੈ ਲਿਆ। ਹਰਿ ਜੀ ਦੇ ਅਕਾਲ ਚਲਾਣੇ ਉਪਰੰਤ 1756 ਬਿਕ੍ਰਮੀ ਤਕ ਇਸ ਦੇ ਪੁੱਤਰ ਨਰਾਇਣ ਦਾ ਕਬਜ਼ਾ ਰਿਹਾ। ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਣ ਵਾਲੀਆਂ ਸੰਗਤਾਂ ਦੀ ਗਿਣਤੀ ਬਹੁਤ ਘੱਟ ਗਈ। ਜ਼ਿਆਦਾ ਸੰਗਤਾਂ ਕੀਰਤਪੁਰ ਸਾਹਿਬ ਵਿਖੇ ਆਉਣ ਲੱਗ ਪਈਆਂ। ਇਸ ਸਮੇਂ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਮਿਹਰਵਾਨ ਅਤੇ ਹਰਿ ਜੀ ਦੁਆਰਾ ਹੀ ਕੀਰਤਨ ਕਰਨ ਦੇ ਹਵਾਲੇ ਪ੍ਰਾਪਤ ਹੁੰਦੇ ਹਨ।

ਇਤਿਹਾਸਕ ਤੌਰ 'ਤੇ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਅਤੇ ਕੀਰਤਨ ਮਰਿਆਦਾ ਨੂੰ ਸੁਚਾਰੂ ਰੂਪ ਨਾਲ ਚਲਾਉਣ ਹਿਤ ਮਾਤਾ ਸੁੰਦਰੀ ਜੀ ਦੇ ਵਿਸ਼ੇਸ਼ ਉਪਰਾਲਿਆਂ ਸਦਕਾ ਸੰਨ 1721 ਵਿੱਚ ਭਾਈ ਮਨੀ ਸਿੰਘ ਨੂੰ ਦਸਮ ਪਿਤਾ ਦੇ ਮਾਮਾ ਕਿਰਪਾਲ ਸਿੰਘ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਲਈ ਭੇਜਿਆ। ਭਾਈ ਮਨੀ ਸਿੰਘ ਦੇ ਅੰਮ੍ਰਿਤਸਰ ਆਉਣ ਨਾਲ ਭਾਰੀ ਗਿਣਤੀ ਵਿੱਚ ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰਿਆਂ ਲਈ ਆਉਣ ਲੱਗੀਆਂ ਅਤੇ ਸਥਾਨਕ ਸੰਗਤਾਂ ਦੀ ਸਹਾਇਤਾ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਮਰਿਆਦਾ ਮੁੜ ਤੋਂ ਬਹਾਲ ਕੀਤੀ।

1748 ਈ. ਵਿੱਚ ਸਲਾਬਤ ਖ਼ਾਨ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਇਸ਼ਨਾਨ ਦੀ ਮਨਾਹੀ ਉਪਰੰਤ ਸਿੱਖਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕ ਵੱਡਾ ਇਕੱਠ ਕੀਤਾ ਅਤੇ ਸਲਾਬਤ ਖ਼ਾਨ ਦਾ ਸਫਾਇਆ ਕਰਕੇ 12 ਮਿਸਲਾਂ ਦੀ ਸਥਾਪਨਾ ਕੀਤੀ। ਇਨ੍ਹਾਂ ਮਿਸਲਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਦੇ ਆਲੇ-ਦੁਆਲੇ ਬੁੰਗੇ ਸਥਾਪਤ ਕੀਤੇ। ਬੁੰਗਿਆਂ ਵਿੱਚ ਸ਼ਬਦ ਕੀਰਤਨ ਦੀ ਸਿਖਲਾਈ ਅਤੇ ਗੁਰਮਤਿ ਦੇ ਸਿਧਾਂਤਾ ਦੇ ਪਰਚਾਰ ਦੇ ਵਿਸ਼ੇਸ਼ ਉਪਰਾਲੇ ਵੀ ਕੀਤੇ ਗਏ। ਬੁੰਗਿਆਂ ਦੇ ਨਾਮ, ਸਿੱਖ ਮਿਸਲਾਂ, ਸਿੱਖ-ਸਰਦਾਰਾਂ, ਰਾਜੇ-ਮਹਾਂਰਾਜਿਆਂ, ਇਲਾਕਿਆਂ ਅਤੇ ਨਗਰਾਂ ਦੇ ਨਾਵਾਂ ਨਾਲ ਪ੍ਰਸਿੱਧ ਹੋਏ।

ਚੜ੍ਹਦੇ ਪਾਸੇ ਦੇ ਬੁੰਗੇ:

੧) ਬੁੰਗਾ ਅਖਾੜਾ ਬ੍ਰਹਮ ਬੂਟਾ, ਮਹੰਤ ਸੰਤੋਖ ਦਾਸ (1812 ਬਿ.)
ਬੁੰਗਾ ਰਾਮ ਸਿੰਘ ਗਿਆਨੀ, ਗਿਆਨੀ ਕੌਮ ਭੱਟ (1835 ਬਿ.)
ਬੁੰਗਾ ਰਾਮਗੜ੍ਹੀਆਂ, ਜੱਸਾ ਸਿੰਘ, (1812 ਬਿ.)
ਬੁੰਗਾ ਬੁੜੀਏ ਵਾਲੇ ਸਰਦਾਰਾਂ ਦਾ (1828 ਬਿ.)
ਬੁੰਗਾ ਜੇਠੂਵਾਲੀਆਂ (1835 ਬਿ.)
ਬੁੰਗਾ ਮਜ਼ਬੀ ਸਿੰਘਾਂ (1834 ਬਿ.)
ਬੁੰਗਾ ਭਾਈ ਵਸਤੀ ਰਾਮ (1870 ਬਿ.)
ਬੁੰਗਾ ਜਵਾਲਾ ਸਿੰਘ ਭੜਾਣੀਆਂ (1865 ਬਿ.)
ਬੁੰਗਾ ਸੰਤ ਜੋਗਾ ਸਿੰਘ ਨਿਰਮਲਾ, ਮਹੰਤ ਸਾਹਿਬ ਸਿੰਘ (1807 ਬਿ.)
੨) ਬੁੰਗਾ ਟੇਕ ਸਿੰਘ ਵਾਲਾ (1860 ਬਿ.)

ਦੱਖਣੀ ਪਾਸੇ ਦੇ ਬੁੰਗੇ:

੧) ਬੁੰਗਾ ਸਰਦਾਰਾਨ ਸੋਹਲਾਂ ਵਾਲੀਏ (1942 ਬਿ.)
ਬੁੰਗਾ ਬੁੱਧ ਸਿੰਘ ਵਾਲਾ (1860 ਬਿ.)
ਬੁੰਗਾ ਸੋਹੀਆਂ ਵਾਲਾ (ਸੁਈਆਂ). (1863 ਬਿ.)
ਸ਼ਹੀਦ ਬੁੰਗਾ (1821 ਬਿ.)
ਬੁੰਗਾ ਕੇਸਗੜ੍ਹੀਆਂ (1822 ਬਿ.)
ਬੁੰਗਾ ਅਨੰਦਪੁਰੀਆਂ (1824 ਬਿ.), (1850 ਬਿ.)
ਬੁੰਗਾ ਦਸੌਂਧਾ ਸਿੰਘ ਸਿੱਧਵਾਂ (1824 ਬਿ.)
ਬੁੰਗਾ ਝਬਾਲੀਆਂ, ਸੁਜਲਹਿ (1845 ਬਿ.)
ਬੁੰਗਾ ਕਾਲਿਆ ਵਾਲੇ ਸਰਦਾਰਾਂ ਦਾ (1852 ਬਿ.)
ਬੁੰਗਾ ਤਾਰਾ ਸਿੰਘ (1822 ਬਿ.)
ਬੁੰਗਾ ਤਾਰਾ ਸਿੰਘ, ਕਾਹਨ ਸਿੰਘ ਮਾਨ (1822 ਬਿ.)
ਬੁੰਗਾ ਭੰਗਾ ਸਿੰਘ ਥਾਨੇਸ੍ਰੀ (1819 ਬਿ.)
ਬੁੰਗਾ ਮੱਝਾ ਸਿੰਘ, ਤੇਜਾ ਸਿੰਘ (1813 ਬਿ.)
ਬੁੰਗਾ ਬਘੇਲ ਸਿੰਘ, ਪ੍ਰਸਿੱਧ ਮਾਨਾਂਵਾਲੀਆਂ ਛਲੌਂਦੀ ਵਾਲਾ (1821 ਬਿ.)
ਬੁੰਗਾ ਮੀਰਾਂ ਕੋਟੀਆਂ (1848 ਬਿ.)
ਬੁੰਗਾ ਸ਼ਾਮ ਸਿੰਘ ਅਟਾਰੀ ਵਾਲਾ (1855 ਬਿ.)
ਬੁੰਗਾ ਜੱਸਾ ਸਿੰਘ ਨਿਰਮਲਾ (1821 ਬਿ.)
ਬੁੰਗਾ ਲੱਖਾ ਸਿੰਘ ਨਿਰਮਲਾ (1851 ਬਿ.)
ਬੁੰਗਾ ਚੜ੍ਹਤ ਸਿੰਘ ਰਾਗੀ (1850 ਬਿ.)
ਬੁੰਗਾ ਜੋਧ ਸਿੰਘ ਸਉੜੀਆਂ ਵਾਲਾ, ਸੋੜੀਆਂ ਵਾਲਾ (1821 ਬਿ.)
ਬੁੰਗਾ ਜਵਾਲਾ ਸਿੰਘ ਪੜ੍ਹਾਣੀਆਂ (1867 ਬਿ.)
ਬੁੰਗਾ ਕਥੂਲੇ ਵਾਲੀਆਂ, ਖੋਲਾਵਾਲ (1831 ਬਿ.)

ਪੱਛਮੀ ਪਾਸੇ ਵਾਲੇ ਬੁੰਗੇ:

੧) ਬੁੰਗਾ ਜਲ੍ਹਿਆਂ ਵਾਲਾ, ਚੈਹਲੀਆਂ (1830 ਬਿ.)
ਬੁੰਗਾ ਸ਼ਾਹਵਾਦੀਆਂ (1830 ਬਿ.)
ਬੁੰਗਾ ਮਜੀਠੀਆਂ (1870 ਬਿ.)
ਬੁੰਗਾ ਸਿੰਘ ਪੁਰੀਆਂ (1860 ਬਿ.)
ਬੁੰਗਾ ਸਿੰਘ ਪੁਰੀਆਂ ਦੂਜਾ (1865 ਬਿ.)
ਬੁੰਗਾ ਗੱਦੋਂ ਵਾਲੀਆਂ, ਗਿੱਦੂ ਵਾਲੀਆਂ (1850 ਬਿ.)
ਬੁੰਗਾ ਜਮੇਂਦਾਰਾਂ (1871 ਬਿ.)
ਬੁੰਗਾ ਘਨੱਯਾ ਸਰਦਾਰਾਂ (1809 ਬਿ., 1912 ਬਿ.)
ਬੁੰਗਾ ਰਾਮਾ ਧਿਆਨ ਸਿੰਘ (1881 ਬਿ.)
ਬੁੰਗਾ ਬਾਰਾਂ ਦਰੀ ਵਾਲਾ (1827 ਬਿ.)
ਬੁੰਗਾ ਅਕਾਲ ਬੁੰਗਾ (1665 ਬਿ.)
ਬੁੰਗਾ ਜੋਧ ਸਿੰਘ ਛਾਪਾ ਵਾਲਾ (1850 ਬਿ.)
ਬੁੰਗਾ ਭਾਗ ਸਿੰਘ ਸ਼ਹੀਦ ਵਾਲਾ (1828 ਬਿ.)
ਬੁੰਗਾ ਦੇਵਾ ਸਿੰਘ ਸ਼ਹੀਦ (1822 ਬਿ.)
ਬੁੰਗਾ ਰਾਗੀ ਧਨਪਤਿ ਸਿੰਘ (1830 ਬਿ.)
ਬੁੰਗਾ ਜਰਨੈਲ ਸਿੰਘ ਮੀਹਾਂ ਸਿੰਘ (1871 ਬਿ.)
ਬੁੰਗਾ ਭਾਈ ਗੁਰਦਾਸ ਸਿੰਘ ਗਿਆਨੀ (1861 ਬਿ.)
ਬੁੰਗਾ ਅਭੈ ਸਿੰਘ ਹੁਕਮਨਾਮੀਆਂ (1858 ਬਿ.)
ਬੁੰਗਾ ਨਕੱਈ ਸਰਦਾਰਾਂ ਵਾਲਾ (1847 ਬਿ.)
ਬੁੰਗਾ ਬਰਕੀ ਵਾਲੇ (1836 ਬਿ.)
ਬੁੰਗਾ ਘੜਿਆਲੀਆਂ ਵਾਲਾ (1848 ਬਿ.)
ਝੰਗਾ ਬੁੰਗਾ (1840 ਬਿ.)
ਬੁੰਗਾ ਚਮਾਰੀ ਵਾਲੇ ਸਰਦਾਰਾਂ ਦਾ (1841 ਬਿ.)
ਬੁੰਗਾ ਖਡੂਰੀਆਂ ਗੜ੍ਹਵਈਆਂ (1837 ਬਿ., 1840 ਬਿ.)
ਬੁੰਗਾ ਸਿਆਲਕੋਟੀਆਂ (1850 ਬਿ.)
ਬੁੰਗਾ ਗੋਇੰਦਵਾਲੀਆਂ (1850 ਬਿ.)
ਬੁੰਗਾ ਚੀਚੇ ਵਾਲੇ ਸਰਦਾਰਾਂ ਦਾ (1856 ਬਿ.)
ਬੁੰਗਾ ਸ਼ੁਕਰਚਕੀਏ ਸਰਦਾਰਾਂ ਦਾ (1838 ਬਿ.)

ਉੱਤਰੀ ਪਾਸੇ ਦੇ ਬੁੰਗੇ:

੧) ਬੁੰਗਾ ਘੰਟਾ ਘਰ ਪੁਲੀਸ ਚੌਕੀ 'ਤੇ ਚਬੂਤਰਾ ਘੰਟਾ ਘਰ, ਬੁੰਗਾ ਲਾਡਵੇ ਵਾਲਾ, ਕੰਵਰ ਨੌਨਿਹਾਲ ਸਿੰਘ, ਰਾਣੀ ਸਦਾ ਕੌਰ, ਮੈਹ ਹਵੇਲੀ, ਸਰਦਾਰਾਨ ਦਾਦੂਪੁਰੀਆਂ, ਸੰਤ ਨਿਰਮਲਾ, ਮਹਾਰਾਜਾ ਸ਼ੇਰ ਸਿੰਘ (1924 ਬਿ.)
ਬੁੰਗਾ ਸੋਢੀਆਂ ਆਨੰਦਪੁਰੀਆਂ (1850 ਬਿ.)
ਬੁੰਗਾ ਕਾਹਨ ਸਿੰਘ ਨਿਰਮਲਾ (1882 ਬਿ.)
ਬੁੰਗਾ ਰਾਗੀ ਕਾਹਨ ਸਿੰਘ (1864 ਬਿ.)
ਬੁੰਗਾ ਨੂਰ ਮਹੱਲੀਆਂ (1870 ਬਿ.)
ਬੁੰਗਾ ਆਹਲੂਵਾਲੀਆ (1861 ਬਿ.)
ਬੁੰਗਾ ਮਲਵਈਆਂ (1835 ਬਿ.)
ਬੁੰਗਾ ਭਾਈ ਸਾਹਿਬਾਨ (1863 ਬਿ.)
ਬੁੰਗਾ ਸਰਦਾਰਾਨ ਜੱਲੋ ਵਾਲੀਆਂ (1868 ਬਿ.)

ਮਹਾਰਾਜਾ ਰਣਜੀਤ ਸਿੰਘ ਨੇ 1802 ਈ. (ਸੰਮਤ 1859) ਵਿੱਚ ਅੰਮ੍ਰਿਤਸਰ ਸ਼ਹਿਰ 'ਤੇ ਕਬਜ਼ਾ ਕੀਤਾ ਅਤੇ ਸੰਗਮਰਮਰ ਤੇ ਸੋਨੇ ਨਾਲ ਹਰਿਮੰਦਰ ਨੂੰ ਭੂਸ਼ਿਤ ਕੀਤਾ। ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਹਰਿਮੰਦਰ ਸਾਹਿਬ ਦੀ ਕੀਰਤਨ ਮਰਿਆਦਾ ਵਿੱਚ ਭਾਈ ਮਨਸਾ ਸਿੰਘ ਵਰਗੇ ਉੱਚ ਕੋਟੀ ਦੇ ਕੀਰਤਨੀਏ ਸੇਵਾ ਕਰਦੇ ਰਹੇ। ਇਸ ਦੇ ਨਾਲ ਹੀ ਪ੍ਰਕਰਮਾ ਵਿੱਚ ਬਣੇ ਬੁੰਗਿਆਂ ਵਿੱਚ ਵੀ ਕੀਰਤਨ ਦਾ ਪ੍ਰਵਾਹ ਜਾਰੀ ਰਿਹਾ। ਇਨ੍ਹਾਂ ਬੁੰਗਿਆਂ ਵਿੱਚ ਭਾਈ ਚੜ੍ਹਤ ਸਿੰਘ ਰਾਗੀ, ਭਾਈ ਧਨਪਤਿ ਸਿੰਘ ਰਾਗੀ, ਭਾਈ ਕਾਹਨ ਸਿੰਘ ਰਾਗੀ ਕੀਰਤਨ ਦੀ ਸਿਖਲਾਈ ਵੀ ਦਿੰਦੇ ਰਹੇ। ਬੁੰਗਾ ਆਹਲੂਵਾਲੀਆਂ ਵਿੱਚ ਵੀ ਸ੍ਰੀ ਹਰਿਮੰਦਰ ਸਾਹਿਬ ਵਿੱਚ ਸੇਵਾ ਕਰਨ ਲਈ ਜੱਥੇ ਤਿਆਰ ਕੀਤੇ ਜਾਂਦੇ ਸਨ।

1947 ਦੀ ਭਾਰਤ-ਪਾਕ ਵੰਡ ਨਾਲ ਸਿੱਖ ਹਿਦੁਸਤਾਨ ਦਾ ਹਿੱਸਾ ਬਣ ਗਏ। ਕੁਝ ਇਤਿਹਾਸਕ ਗੁਰਦੁਆਰੇ ਪਾਕਿਸਤਾਨ ਵਿੱਚ ਚਲੇ ਗਏ। ਪਰ ਸ੍ਰੀ ਹਰਿਮੰਦਰ ਸਾਹਿਬ ਨੇ ਸਮੁੱਚੇ ਸਿੱਖ ਪੰਥ ਨੂੰ ਕੇਂਦਰੀ ਸ਼ਕਤੀ ਪ੍ਰਦਾਨ ਕੀਤੀ। ਮੁਸਲਮਾਨਾਂ ਦੇ ਪਾਕਿਸਤਾਨ ਜਾਣ ਨਾਲ ਰਬਾਬੀ ਦੇ ਨਾਲ ਹੀ ਰਬਾਬੀ ਕੀਰਤਨ ਦੀ ਇਕ ਵੱਡੀ ਪਰੰਪਰਾ ਸ੍ਰੀ ਹਰਿਮੰਦਰ ਸਾਹਿਬ ਦੀਆਂ ਕੀਰਤਨ ਪ੍ਰਸਤੁਤੀਆਂ 'ਚੋਂ ਲੋਪ ਹੋਣ ਦੇ ਰਸਤੇ 'ਤੇ ਚਲ ਪਈ।

ਸੰਨ 1984 ਦੇ ਬਲਿਊ ਸਟਾਰ ਉਪਰੇਸ਼ਨ ਦੀ ਘਟਨਾ ਦਾ ਇਤਿਹਾਸਕ ਮਹੱਤਵ ਹੈ ਜਿਸ ਨੇ ਸਮੁੱਚੇ ਪੰਥ ਨੂੰ ਮਾਨਸਿਕ ਪੱਧਰ 'ਤੇ ਬੁਰੀ ਤਰ੍ਹਾਂ ਝੰਜੋੜਿਆ 'ਤੇ ਧਾਰਮਿਕ ਤੌਰ 'ਤੇ ਸਿੱਖ ਕੌਮ ਦੀ ਪਛਾਣ ਨੂੰ ਵਿਸ਼ਵ ਭਰ ਵਿੱਚ ਸਥਾਪਤ ਕਰਦਿਆਂ ਸਿੱਖਾਂ ਦੇ ਸਰਵਉੱਚ ਸਥਾਨ ਵਜੋਂ ਸ੍ਰੀ ਹਰਿਮੰਦਰ ਸਾਹਿਬ ਦੇ ਮਹੱਤਵ ਨੂੰ ਸਦਾ ਸਦਾ ਲਈ ਸਥਾਪਤ ਕੀਤਾ।

ਅੰਮ੍ਰਿਤਸਰ ਦੀ ਜੰਗ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਜਾ ਬਿਰਾਜੇ। ਅੰਮ੍ਰਿਤਸਰ ਤੋਂ ਵਿਦਾ ਹੋਣ ਤੋਂ ਪਹਿਲਾਂ ਗੁਰੂ ਜੀ ਸਮੇਤ ਪਰਿਵਾਰ ਦਰਬਾਰ ਸਾਹਿਬ ਵਿੱਚ ਆਏ, ਕੀਰਤਨ ਸਰਵਣ ਕੀਤਾ ਅਤੇ ਇਕ ਪਾਲਕੀ ਵਿੱਚ, ਗੁਰੂ ਅਰਜਨ ਦੇਵ ਜੀ ਵੱਲੋਂ ਇਥੇ ਪ੍ਰਕਾਸ਼ ਕੀਤੇ ਗਏ ਆਦਿ ਗ੍ਰੰਥ ਨੂੰ ਵੀ ਆਪਣੇ ਨਾਲ ਲੈ ਗਏ। ਇਸ ਮਗਰੋਂ ਪ੍ਰਿਥੀ ਚੰਦ ਦੇ ਪਰਿਵਾਰ ਵਿੱਚੋਂ ਸੋਢੀ ਮਿਹਰਵਾਨ ਨੇ ਦਿੱਲੀ ਸਰਕਾਰ ਦੀ ਮਦਦ ਨਾਲ ਸ੍ਰੀ ਹਰਿਮੰਦਰ ਸਾਹਿਬ 'ਤੇ ਕਬਜ਼ਾ ਕਰ ਲਿਆ। ਰੋਸ ਵਜੋਂ ਸਿੱਖ ਸੰਗਤਾਂ ਵੀ ਗੁਰੂ ਸਾਹਿਬ ਦੇ ਨਾਲ ਚਲੀਆਂ ਗਈਆਂ। ਸ੍ਰੀ ਦਰਬਾਰ ਸਾਹਿਬ ਦੇ ਰਾਗੀ-ਰਬਾਬੀ ਵੀ ਇਸ ਸਥਾਨ ਦਾ ਤਿਆਗ ਕਰ ਗਏ।

65 ਸਾਲਾਂ ਦੇ ਇਸ ਲੰਮੇ ਸਮੇਂ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਦੀ ਕੀਰਤਨ ਮਰਿਆਦਾ ਖੰਡਤ ਹੋਈ। ਗੁਰੂ ਘਰ ਦੇ ਕੀਰਤਨੀਏ ਇਥੋਂ ਚਲੇ ਗਏ। ਸੋਢੀ ਮਿਹਰਵਾਨ ਦੀ ਮੌਤ ਤੋਂ ਬਾਅਦ ਇਸ ਦੇ ਪੁੱਤਰ ਹਰਿ ਜੀ ਨੇ ਹਰਿਮੰਦਰ ਸਾਹਿਬ ਦਾ ਪ੍ਰਬੰਧ ਆਪਣੇ ਹੱਥ ਲੈ ਲਿਆ। ਇਸ ਸਮੇਂ ਦੌਰਾਨ ਵੀ ਬਹੁਤੀਆਂ ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਤੋਂ ਦੂਰ ਹੀ ਰਹੀਆਂ। ਹਰਿ ਜੀ ਖੁਦ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਰਤਨ ਕਰਦਾ ਰਿਹਾ। ਉਸ ਦਾ ਮੁੱਖ ਮੰਤਵ ਭੇਟਾਵਾਂ ਇਕੱਤਰ ਕਰਨਾ ਸੀ। ਹਰਿ ਜੀ ਦੇ ਅਕਾਲ ਚਲਾਣੇ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਸ ਦੇ ਪੁੱਤਰ ਨਰਾਇਣ ਦਾ ਕਬਜ਼ਾ ਹੋ ਗਿਆ। ਇਹ ਕਬਜ਼ਾ 1756 ਬਿ. ਤਕ ਜਾਰੀ ਰਿਹਾ। ਇਸ ਸਮੇਂ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਣ ਵਾਲੀਆਂ ਸੰਗਤਾਂ ਦੀ ਗਿਣਤੀ ਬਹੁਤ ਘੱਟ ਗਈ। ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹੈੱਡ ਗ੍ਰੰਥੀ ਗਿਆਨੀ ਕਿਰਪਾਲ ਸਿੰਘ ਅਨੁਸਾਰ, ਮਿਹਰਵਾਨ, ਹਰਿ ਜੀ ਅਤੇ ਨਾਰਾਇਣ ਦੇ ਕਬਜ਼ੇ ਅਧੀਨ ਸ੍ਰੀ ਹਰਿਮੰਦਰ ਸਾਹਿਬ ਬਹੁਤੀ ਦੇਰ ਸਿੱਖ ਸੰਗਤਾਂ ਲਈ ਖਿੱਚ ਦਾ ਕੇਂਦਰ ਨਾ ਰਿਹਾ। ਜ਼ਿਆਦਾ ਸੰਗਤਾਂ ਕੀਰਤਪੁਰ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਦੇ ਸਥਾਨ 'ਤੇ ਹਾਜ਼ਰੀ ਭਰਨ ਲਗੀਆਂ। ਕਿਉਂ ਜੋ ਰਬਾਬੀ ਤੇ ਰਾਗੀ ਕੀਰਤਨਕਾਰ ਇਸ ਸਮੇਂ ਦੌਰਾਨ ਇਥੋਂ ਬਾਹਰ ਚਲੇ ਗਏ, ਫਲਸਰੂਪ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੱਖ-ਵੱਖ ਕੀਰਤਨ ਚੌਕੀਆਂ ਲੱਗਣ ਦੀ ਮਰਿਆਦਾ ਨਹੀਂ ਰਹੀ। ਕੇਵਲ ਮਿਹਰਵਾਨ ਅਤੇ ਹਰਿ ਜੀ ਹੀ ਇਸ ਅਸਥਾਨ ਦੀ ਕੀਰਤਨ ਪਰੰਪਰਾ ਦਾ ਪ੍ਰਵਾਹ ਚਲਾਉਂਦੇ ਰਹੇ।

(ਚਲਦਾ, ਬਾਕੀ ਅਗਲੇ ਅੰਕ 'ਚ)


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com




22

GET FLAT 22 CENTS




DISCOUNT AT

TA TravelCenters of America

PETRO Stopping Centers

We also offer Line of Credit for Fuel Card

Additional Services with our Fuel Card

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com